
INTERNATIONAL MAGAZINE
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Issue "Atam Marg"
ਅਪ੍ਰੈਲ (April) 2012
ਦਸ਼ਮੇਸ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਨੰਗੀ ਤਲਵਾਰ ਲੈ ਕੇ ਸੰਗਤਾਂ ਵਿੱਚੋਂ ਸੀਸ ਦੀ ਮੰਗ ਕਰਦੇ ਹੋਏ।

ਸਾਲ ਸਤਾਰਵਾਂ, ਮਹੀਨਾ ਅਪ੍ਰੈਲ 2012

**ਫਾਉਂਡਰ ਚੇਅਰਮੈਨ**

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ**

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

Postal Address for 'ATAM MARG' Enquiry, Money Order, Cheque and drafts in India :

**ATAM MARG MAG. VISHAV G. R. MISSION CH. TRUST,** Ratwara sahib, P.o. Mullanpur Garibdas, Distt. S.A.S. Nagar (Mohali) 140901, Pb. India

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque and drafts from foreign to :

**VISHAV GURMAT ROOHANI MISSION CHARITABLE TRUST**

Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India

**Exemption U/S 80-G upto 31.03.2012 vide L. No. CIT-II/CHD/80G/TECH/245/2008-09/823**

**Registration Under Foreign Contribution (Regulation) Act 1976 R.No.115320023**

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

**Head Office INDIA- (M) 94172-14391, 9417214379, 0160-2255002, Fax - 0160-2255009**

U.S.A. - Baba Satnam Singh ji Atwal
Phone and Fax : 001-408-263-1844

**Canada - Bhai Sarmukh Singh Pannu**
**Phone - 001-604-433-0408, Vancuvar**

**Bhai Parmjit Singh Sandhu -**
**Cell: 001-7788389135,**

**England - Bibi Gurbax Kaur /Jagtar Singh Jagi**
**Phone : 0044-121-200-2818**
**Fax : 0044-121-200-2879,**

Raj Mobile : **0044-7968734058**

**For more information please visit us on internet at:-**

**Email : atammarg1@yahoo.co.in**

http:# www.ratwarasahib.org, http # www.ratwarasahibmedia.org

| | | |
|---|---|---|
| 1. | **ਸੰਪਾਦਕੀ** | 1 |
| 2. | **ਬਾਰਾਹਮਾਹਾ** | 3 |
| 3. | **ਵੈਸਾਖੀ** | 4 |
| 4. | **ਸਬਦੁ ਖੋਜਿ ਇਹੁ ਘਰੁ ਲਹੈ** | 16 |
| 5. | **ਵਿਚਿ ਦੁਨੀਆ ਸੇਵ ਕਮਾਈਐ** | 29 |
| 6. | **ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥** | 41 |
| 7. | **ਆਇਆ ਸਫਲ ਤਾਹੂ ਕੋ ਗਨੀਐ ॥** | 50 |
| 8. | **ਬੰਦਗੀ ਨਾਮਾ** | 57 |
| 9. | **ਉਤਸ਼ਾਹ ਭਰਪੂਰ ਸਹਿਜ ਮਾਰਗ** | 60 |
| 10. | ਸਿਹਤ ਰੱਖਿਆ ਗਿਆਨ | 62 |

## ਸੰਪਰਕ ਨੰ. ਰਤਵਾੜਾ ਸਾਹਿਬ

ਆਤਮ ਮਾਰਗ ਮੈਗਜ਼ੀਨ - 9417214391, **79**
ਰਤਵਾੜਾ ਸਾਹਿਬ - 0160-2255001
ਗੁ. ਰਤਵਾੜਾ ਸਾਹਿਬ ਵਿਖੇ- 9417214386
ਅਖੰਡਪਾਠ ਬੁਕਿੰਗ ਸਬੰਧੀ -
ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ - 9417214381
ਬੀ. ਐਡ ਕਾਲਜ 9417214382
ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004
ਜਰਨਲ 9417214384

## ਜਰੂਰੀ ਬੇਨਤੀ

ਦੇਸ਼ਾਂ ਵਿਦੇਸ਼ਾਂ ਵਿੱਚ ਆਤਮ ਮਾਰਗ ਦੇ ਪਾਠਕਾਂ ਸਬੰਧੀ ਬੇਨਤੀ ਹੈ ਕਿ ਕੰਪਿਉਟਰਾਸਿਡ ਸਿਸਟਮ ਹੋਣ ਕਰਕੇ ਮੈਗਜੀਨ ਸਾਲ ਬਾਅਦ ਆਪਣੇ ਆਪ ਬੰਦ ਹੋ ਜਾਂਦਾ ਹੈ। ਕ੍ਰਿਪਾ ਕਰਕੇ ਪੋਸਟ ਵਾਲੇ ਲਿਫਾਫੇ ਤੇ ਆਪਣੇ ਮੈਗਜੀਨ ਦੀ ਰਿਨਿਉਵਲ ਡੇਟ ਚੈਕ ਕਰਕੇ ਮਨੀਆਰਡਰ ਬੈਂਕ ਡਰਾਫਟ ਜਾਂ ਮੋਬਾਇਲ ਨੰਬਰ 9417214391, 9417214379 ਤੇ ਸੰਪਰਕ ਕਰਕੇ ਭੇਟਾ ਭੇਜ ਸਕਦੇ ਹੋ। ਤਾਂ ਜੋ ਆਪ ਜੀ ਕੋਲ ਆਤਮ-ਮਾਰਗ ਰੂਹਾਨੀ ਪਤ੍ਰਿਕਾ ਨਿਰੰਤਰ ਨਿਰਵਿਘਨ ਪਹੁੰਚਦੀ ਰਹੇ।

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

# ਸੰਪਾਦਕੀ

ਖਾਲਸੇ ਦੇ ਇਤਿਹਾਸ ਵਿੱਚ ਵਿਸਾਖੀ ਅਪ੍ਰੈਲ 1699 ਦਾ ਇਤਿਹਾਸਿਕ ਦਿਹਾੜਾ ਬਹੁਤ ਹੀ ਮਹੱਤਤਾ ਵਾਲਾ ਹੈ। ਧੰਨ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਵੱਲੋਂ ਧੰਨ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਤੋਂ 200 ਸਾਲ ਪਹਿਲਾਂ ਸ਼ੁਰੂ ਹੋਏ ਮਹਾਨ ਮਿਸ਼ਨ ਨੂੰ ਅੱਗੇ ਚਲਾਉਂਦੇ ਹੋਏ ਖੰਡੇ ਬਾਟੇ ਦੇ ਅੰਮ੍ਰਿਤ ਛਕਾ ਕੇ ਇੱਕ ਮਹਾਨ ਸਪਿਰਟ ਭਰ ਦਿਤੀ ਗਈ। ਇਸੇ ਤਰ੍ਹਾਂ ਦੇ ਨਾਲ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਇਤਿਹਾਸ ਅੰਦਰ ਅਪ੍ਰੈਲ 1995 ਦੀ ਵਿਸਾਖੀ ਦਾ ਪਵਿੱਤਰ ਦਿਹਾੜਾ ਆਪਣੀ ਸਦੀਵੀ ਯਾਦ ਬਣਾ ਗਿਆ ਹੈ ਕਿਉਂਕਿ ਇਸ ਪਵਿੱਤਰ ਦਿਹਾੜੇ ਉਪਰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਿਧਾਂਤ ਨੂੰ ਸੰਸਾਰ ਵਿੱਚ ਪ੍ਰਚਾਰਨ ਵਾਸਤੇ ਪਰਮ ਪੂਜਯ ਸਤਿਕਾਰ ਯੋਗ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਬੀਜੀ ਵੱਲੋਂ ਆਤਮ ਮਾਰਗ ਮਾਸਿਕ ਪਤ੍ਰਿਕਾ ਰਿਲੀਜ਼ ਕੀਤੀ ਗਈ ਸੀ। ਪਿਛਲੇ 17 ਸਾਲ ਦਾ ਇਸ ਰੂਹਾਨੀ ਪਤ੍ਰਿਕਾ ਦਾ ਪੰਧ ਆਪਣੀ ਮਿਸਾਲ ਆਪ ਹੈ। ਸਰਬ ਸਾਂਝੇ ਗੁਰਬਾਣੀ ਸਿਧਾਂਤ ਨੂੰ ਪ੍ਰਚਾਰਨ ਵਾਲੇ ਇਸ ਰੂਹਾਨੀ ਮੈਗਜ਼ੀਨ ਅੰਦਰ ਗੁਰਮਤਿ ਸਿਧਾਂਤਾ ਨੂੰ ਪ੍ਰਗਟ ਕੀਤਾ ਗਿਆ ਹੈ। ਸੇਵਾ ਸਿਮਰਨ ਦੀਆਂ ਜੁਗਤੀਆਂ ਅਤੇ ਗੁਰਬਾਣੀ ਦੀ ਮਹਾਨ ਫਿਲੌਸਫੀ ਨੂੰ ਬਹੁਤ ਹੀ ਸਰਲ ਭਾਸ਼ਾ ਵਿੱਚ ਪ੍ਰਕਾਸ਼ਿਤ ਗਿਆ ਹੈ। ਹਰ ਸਾਲ ਹੀ ਗੁਰਬਾਣੀ ਦੇ ਗੂਹਜ਼ ਸਿਧਾਂਤਾਂ ਨੂੰ ਪ੍ਰਗਟ ਕਰਦੀਆਂ ਦਰਜ਼ਨਾਂ ਹੀ ਪੁਸਤਕਾਂ ਪ੍ਰਕਾਸ਼ਿਤ ਹੋ ਰਹੀਆਂ ਹਨ। ਗੁਰਮਤਿ ਸਾਹਿਤ ਅੰਦਰ ਆਤਮ ਮਾਰਗ ਰਾਹੀਂ ਰੂਹਾਨੀ ਇੰਨਕਲਾਬ ਆ ਰਿਹਾ ਹੈ। ਰੂਹਾਨੀ ਮੈਗਜ਼ੀਨ ਨੂੰ ਨਾਮ ਜਪਣ ਵਾਲੇ ਜਗਿਆਸੂਆਂ ਦਾ ਬਹੁਤ ਵੱਡਾ ਸਤਿਕਾਰ ਪ੍ਰਾਪਤ ਹੋ ਰਿਹਾ ਹੈ। ਪਿਛਲੇ 17 ਸਾਲ ਦੇ ਸਮੇਂ ਅੰਦਰ ਦੇਸ਼ ਵਿਦੇਸ਼ ਵਿੱਚ ਹਜ਼ਾਰਾਂ ਹੀ ਲਾਇਫ ਮੈਂਬਰ ਬਣ ਕੇ ਪੱਕੇ ਨਿਰੰਤਰ ਪਾਠਕ ਬਣ ਚੁੱਕੇ ਹਨ। ਇਸੇ ਤਰ੍ਹਾਂ ਦੇ ਨਾਲ ਹਜ਼ਾਰਾਂ ਹੀ ਹਰ ਸਾਲ ਸਲਾਨਾ ਮੈਂਬਰ ਬਣਦੇ ਹਨ। ਰੂਹਾਨੀ ਮੈਗਜ਼ੀਨਾਂ ਦੇ ਇਤਿਹਾਸ ਵਾਚਣ ਤੋਂ ਬਾਅਦ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਦਾ ਬਿਖੜਾ ਪੈਂਡਾ ਅਜਿਹੇ ਰੂਹਾਨੀ ਲਿਟਰੇਚਰ ਨੂੰ ਤਹਿ ਕਰਨਾ ਪਿਆ ਹੈ। ਬਹੁਤ ਸਾਰੇ ਮੈਗਜ਼ੀਨ ਮਾਇਕ ਕਾਰਨਾਂ ਕਾਰਨ ਬੰਦ ਹੋ ਗਏ ਜਾਂ ਪਾਠਕਾਂ ਵੱਲੋਂ ਕੋਈ ਬਹੁਤਾ ਧਿਆਨ ਨਾ ਦੇਣ ਕਾਰਨ ਉਹ ਆਪਣੀ ਹੋਂਦ ਗੁਆ ਚੁੱਕੇ ਹਨ। ਇਸ ਰੂਹਾਨੀ ਮਿਸ਼ਨ ਦੇ ਬਾਨੀ ਅਨੁਭਵੀ ਮਹਾਂਪੁਰਸ਼ਾਂ ਦੀ ਬਹੁਤ ਹੀ ਦੂਰ ਦ੍ਰਿਸ਼ਟੀ ਸੀ। ਉਨ੍ਹਾਂ ਵੱਲੋਂ ਮਾਇਕ ਸਾਧਨ ਸਦਾ ਵਾਸਤੇ ਕਾਇਮ ਰੱਖਣ ਲਈ ਇਸ ਆਤਮ ਮਾਰਗ ਦੇ ਨਾਮ ਕਰੋੜਾਂ ਰੁਪਏ ਦੀਆਂ ਐਫ.ਡੀ.ਆਰ. ਕਰਾ ਕੇ ਅਤੇ ਰੂਹਾਨੀ ਮੈਟਰ ਸਦਾ ਵਾਸਤੇ ਛਪਣ ਲਈ ਹਜਾਰਾਂ ਹੀ ਆਡੀਓ ਵੀਡੀਓ ਕੈਸਟਾਂ ਦੇ ਅੰਦਰ ਪ੍ਰਵਚਨ ਰਿਕਾਰਡ ਕਰਾ ਦਿਤੇ ਗਏ ਸਨ।

ਸੰਗਤਾਂ ਦੇ ਮਹਾਨ ਸਹਿਯੋਗ ਕਰਕੇ 17 ਸਾਲ ਦੇ ਇਸ ਆਤਮ ਮਾਰਗ ਮੈਗਜ਼ੀਨ ਦੇ ਰੂਹਾਨੀ ਸਫ਼ਰ ਅੰਦਰ ਮਹਾਂਪੁਰਸ਼ਾਂ ਦੀ ਅਸ਼ੀਰਵਾਦ ਸਦਕਾ ਕੋਈ ਵੀ ਐਸੀ ਰੁਕਾਵਟ ਨਹੀਂ ਆਈ ਜਿਸ ਦੇ ਨਾਲ ਇਸ ਦੇ ਬੰਦ ਹੋਣ ਦਾ ਕੋਈ ਖਤਰਾ ਉਤਪੰਨ ਹੋਇਆ ਹੋਵੇ, ਭਾਵੇਂ ਕਿ ਭਾਰਤੀ ਬੈਂਕਾਂ ਦੇ ਗੰਦੇ ਘਿਨਾਉਣੇ ਸਿਸਟਮ ਨੇ ਪਿਛਲੇ ਨੌਂ ਸਾਲ ਤੋਂ ਐਫ.ਡੀ.ਆਰ. ਦਾ ਕੋਈ ਵੀ ਵਿਆਜ ਦਾ ਇੱਕ ਵੀ ਪੈਸਾ ਇਸ ਆਤਮ ਮਾਰਗ ਅਦਾਰੇ ਨੂੰ ਨਹੀਂ ਦਿਤਾ ਗਿਆ ਹੈ। ਗੁਰਬਾਣੀ ਦੇ ਪ੍ਰਚਾਰ ਨੂੰ ਲਿਟਰੇਚਰ ਰਾਹੀਂ ਪ੍ਰਚਾਰ ਕਰਨ ਦੇ ਚਾਹਵਾਨ ਪ੍ਰੇਮੀ ਆਪਣੀਆਂ ਕਿਰਤ ਕਮਾਈਆਂ ਦੇ ਵਿੱਚੋਂ ਬਹੁਤ ਵੱਡਾ ਯੋਗਦਾਨ ਪਾ ਕੇ ਗੁਰ ਸ਼ਬਦ ਲੰਗਰ ਚਲਾ ਰਹੇ ਹਨ। ਇਸ ਤਰ੍ਹਾਂ ਦੇ ਪ੍ਰੇਮੀਆਂ ਦੇ ਪਿਆਰ ਸਦਕਾ ਹੀ ਹਜਾਰਾਂ ਲਾਈਫ ਮੈਂਬਰਾਂ ਨੂੰ ਲਗਾਤਾਰ ਮੈਗਜ਼ੀਨ ਭੇਜਣ ਦਾ ਮਹਾਨ ਕਾਰਜ ਨਿਰਵਿਘਨ ਚਲ ਰਿਹਾ ਹੈ। ਮਹਾਂਪੁਰਸ਼ਾਂ ਦੀ ਅਸ਼ੀਰਵਾਦ ਸਦਕਾ ਆਉਣ ਵਾਲੇ ਸਮੇਂ ਵਿੱਚ ਵੀ ਐਸੇ ਪ੍ਰੇਮੀ ਪਿਆਰ ਦਾ ਸਬੂਤ ਇਸੇ ਤਰ੍ਹਾਂ ਦੇ ਨਾਲ ਦਿੰਦੇ ਰਹਿਣਗੇ।

ਇਸ ਰੂਹਾਨੀ ਮਿਸ਼ਨ ਵੱਲੋਂ ਚਲ ਰਹੇ ਸਕੂਲ ਕਾਲਜ ਵਿਦਿਅਕ ਅਦਾਰੇ ਬਹੁਤ ਹੀ ਚੜ੍ਹਦੀ ਕਲ੍ਹਾ ਵੱਲ ਜਾ ਰਹੇ ਹਨ। ਸੀ.ਬੀ.ਐਸ.ਈ. ਬੋਰਡ ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਗੁ. ਰਤਵਾੜਾ ਸਾਹਿਬ ਦੇ ਪਵਿੱਤਰ ਚੌਗਿਰਦੇ ਵਿੱਚ ਆਪਣੀ ਮਿਸਾਲ ਆਪ ਹੈ। ਦੇਸ਼ਾਂ ਵਿਦੇਸ਼ਾਂ ਤੋਂ ਸਿਆਣੇ ਮਾਪੇ ਆਪਣੇ ਬੱਚਿਆਂ ਨੂੰ ਗੁ. ਰਤਵਾੜਾ ਸਾਹਿਬ ਹੋਸਟਲ ਵਿੱਚ ਭੇਜ ਕੇ ਬੱਚਿਆਂ ਦੇ ਭਵਿੱਖ ਤੋਂ ਨਿਸਚਿੰਤ ਹੋ ਰਹੇ ਹਨ। ਇਸੇ ਤਰ੍ਹਾਂ ਦੇ ਨਾਲ ਸਟੇਟ ਬੋਰਡ ਨਾਲ ਸਬੰਧਤ ਅਦਾਰੇ ਵੀ ਗੁ. ਸਾਹਿਬ ਕੰਪਲੈਕਸ ਅੰਦਰ ਬਹੁਤ ਹੀ ਘੱਟ ਨਾਂ ਮਾਤਰ ਫੀਸ ਉਪਰ ਰੂਹਾਨੀ ਵਿਦਿਆ ਦੇ ਨਾਲ ਦੁਨਿਆਵੀ ਵਿਦਿਆ ਵੀ ਪ੍ਰਦਾਨ ਕਰ ਰਹੇ ਹਨ। ਮਹਾਂਪੁਰਸ਼ਾਂ ਦੀ ਸੋਚ ਮੁਤਾਬਿਕ ਪ੍ਰਉਪਕਾਰ ਹਿੱਤ ਇਸ ਮਿਸ਼ਨ ਨਾਲ ਸਬੰਧਤ ਸਾਰੇ ਹੀ ਧਾਰਮਿਕ ਅਸਥਾਨਾਂ ਉਪਰ ਵਿਦਿਅਕ ਅਦਾਰੇ ਬਹੁਤ ਹੀ ਸਫਲਤਾ ਪੂਰਵਕ ਚਲ ਰਹੇ ਹਨ। ਜਿਨ੍ਹਾਂ ਵਿੱਚ ਲੱਗਭਗ 10,000 ਬੱਚਾ ਦੁਨਿਆਵੀ ਵਿਦਿਆ ਦੇ ਨਾਲ ਨਾਲ ਰੂਹਾਨੀਅਤ ਦੀ ਸੂਝ ਪ੍ਰਾਪਤ ਕਰ ਰਹੇ ਹਨ।

'ਸੰਤ ਵਰਿਆਮ ਸਿੰਘ ਮੈਮੋਰੀਅਲ ਹਸਪਤਾਲ' ਦੀ ਸ਼ੁਰੂਆਤ ਹੋ ਚੁਕੀ ਹੈ ਜਿਸ ਦਾ ਫਾਇਦਾ ਇਲਾਕੇ ਨੂੰ ਹੋਇਆ ਹੈ। 'ਸੰਤ ਵਰਿਆਮ ਸਿੰਘ ਬਿਰਧ ਆਸ਼ਰਮ' ਵਿੱਚ ਬਜੁਰਗਾਂ ਦੀ ਸੇਵਾ ਸੰਭਾਲ ਗੁ. ਰਤਵਾੜਾ ਸਾਹਿਬ ਕਰ ਰਿਹਾ ਹੈ। ਬੀ ਐਡ ਕਾਲਜ ਵਿੱਚ ਹਰ ਸਾਲ ਅਨੇਕਾਂ ਬੱਚੇ ਅਧਿਆਪਕ ਦੀ ਡਿਗਰੀ ਲੈ ਰਹੇ ਹਨ। ਆਉਣ ਵਾਲੇ ਸਮੇਂ ਅੰਦਰ ਹੋਰ ਵੀ ਕਾਲਜ ਖੁਲਣ ਜਾ ਰਿਹੇ ਹਨ।

ਸਾਨੂੰ ਆਸ ਦੇ ਨਾਲ ਪੂਰਾ-ਪੂਰਾ ਆਤਮ ਮਾਰਗ ਪਾਠਕਾਂ ਉਪਰ ਵਿਸ਼ਵਾਸ਼ ਹੈ ਕਿ ਇਹ ਨਿਰੋਲ ਰੂਹਾਨੀ ਸੰਸਥਾ ਨੂੰ ਤਨ-ਮਨ-ਧਨ ਕਰਕੇ ਆਪੋ ਆਪਣਾ ਸਹਿਯੋਗ ਨਿਰੰਤਰ ਦਿੰਦੇ ਰਹਿਣ ਦੀ ਕ੍ਰਿਪਾਲਤਾ ਕਰਨਗੇ। ਹਰ ਮਹੀਨੇ ਵਾਗੂੰ ਹੀ ਇਹ ਰੂਹਾਨੀਅਤ ਭਰਪੂਰ ਮੈਗਜ਼ੀਨ ਦੇ ਲੇਖ ਆਪ ਜੀ ਤੱਕ ਬਹੁਤ ਹੀ ਪਿਆਰਾ ਸੰਦੇਸ਼ ਗੁਰਬਾਣੀ ਦੇ ਚਾਨਣ ਵਿੱਚ ਲੈ ਕੇ ਆ ਰਹੇ ਹਨ। ਇਸ ਲਈ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਉਣ ਦੀ ਕ੍ਰਿਪਾਲਤਾ ਕਰੋ ਜੀ। ਗੁਰਸ਼ਬਦ ਲੰਗਰ ਵਿੱਚ ਹਿੱਸਾ ਪਾ ਕੇ ਆਪਣਾ ਜਨਮ ਸਫਲ ਬਣਾਓ।

(---●---)

# ਵੈਸਾਖ

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।।**
**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ।।**
**ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ।।**
**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ।।**
**ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ।।**
**ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ।।**
**ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।।**
**ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ।।**
**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ।।**

ਵੈਸਾਖ ਮਹੀਨੇ ਦੁਆਰਾ ਜੀਵ ਰੂਪੀ ਇਸਤਰੀ ਜੋ ਆਪਣੇ ਕਰਮਾਂ ਕਰਕੇ ਪ੍ਰਭੂ ਪਤੀ ਤੋਂ ਵਿਛੜੀ ਹੋਈ ਹੈ, ਜਦੋਂ ਉਸਨੂੰ ਇਸ ਵਿਛੋੜੇ ਦਾ ਅਹਿਸਾਸ ਹੁੰਦਾ ਹੈ ਤਾਂ ਫਿਰ ਧੀਰਜ ਨਹੀਂ ਧਾਰਨ ਕਰ ਸਕਦੀ। ਪ੍ਰਭੂ ਮਿਲਾਪ ਦੀ ਇੱਛਾ ਪ੍ਰਬਲ ਹੋ ਉਠਦੀ ਹੈ ਪ੍ਰੰਤੂ ਦੁਖ ਇਸ ਗੱਲ ਦਾ ਹੁੰਦਾ ਹੈ ਕਿ ਉਹ ਪਤੀ-ਪ੍ਰੇਮ ਵਿਚ ਨਹੀਂ ਹੈ ਇਸ ਵਿਛੋੜੇ ਦਾ ਹੀ ਦੁੱਖ ਹੈ ਕਿਉਂਕਿ ਜੀਵ-ਆਤਮਾ ਹਰੀ ਵਰਗੇ ਸੱਜਣ ਪਤੀ ਨੂੰ ਭੁਲਾ ਕੇ ਛਲ ਰੂਪੀ ਮਾਇਆ ਦੇ ਝੂਠੇ ਮੋਹ ਵਿਚ ਫਸੀ ਹੋਈ ਹੈ –

***ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ।।***
***ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ।।***
***ਪੰਨਾ - ੧੩੪***

ਪੁਤ੍ਰ-ਇਸਤਰੀ ਤੇ ਧਨ ਦਾ ਮੋਹ ਸਭ ਮਾਇਆ ਦੇ ਰੂਪ ਹੀ ਹਨ। ਹਰੀ, ਜੋ ਨਾਸ਼ ਰਹਿਤ ਹੈ, ਜੀਵ ਦੇ ਚਿਤ-ਚੇਤੇ ਵਿਚ ਨਹੀਂ ਹੈ ਜਦ ਕਿ ਪ੍ਰਭੂ ਸਦਾ ਅੰਗ-ਸੰਗ ਹੈ। ਸਾਰੀ ਸ੍ਰਿਸ਼ਟੀ ਮਾਇਆ ਦੇ ਝੂਠੇ ਧੰਦਿਆਂ ਦੇ ਮੋਹ ਵਿਚ ਫਸੀ ਹੋਈ ਹੋਣ ਕਰਕੇ ਮਰ ਰਹੀ ਹੈ ਭਾਵ ਖੁਆਰ ਹੋ ਰਹੀ ਹੈ –

***ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ।।***
***ਦਯੁ ਵਿਸਾਰਿ ਵਿਗੁਚਣਾ***
***ਪ੍ਰਭ ਬਿਨੁ ਅਵਰੁ ਨ ਕੋਇ।।***

ਇਕ ਹਰੀ ਨਾਮ-ਸਿਮਰਨ ਦੇ ਨਿਰਮਲ ਕਰਮ ਤੋਂ ਬਿਨਾਂ ਬਾਕੀ ਸਭ ਕਰਮ, ਪਾਖੰਡ ਰੂਪ ਤੇ ਝੂਠੇ ਹਨ। ਇਨ੍ਹਾਂ ਕਰਮਾਂ ਦਾ ਫਲ ਰਾਹ ਵਿਚ ਖੋਹ ਲਿਆ ਜਾਣਾ ਹੈ, ਪਾਖੰਡ ਕਰਮ ਕਰਨ ਵਾਲੀ ਜੀਵ-ਆਤਮਾ ਰਾਹ ਵਿਚ ਹੀ ਲੁੱਟੀ ਜਾਣੀ ਹੈ। ਗੁਰੂ ਅਰਜਨ ਦੇਵ ਜੀ ਸੂਹੀ ਤੇ ਗਉੜੀ ਰਾਗ ਵਿਚ ਇਸ ਵਿਚਾਰ ਦੀ ਪੁਸ਼ਟੀ ਇਸ ਤਰ੍ਹਾਂ ਕਰਦੇ ਹਨ –

***ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ।।***
***ਪੰਨਾ - ੨੧੬***

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ।।*** ***ਪੰਨਾ - ੭੪੭***

ਪ੍ਰਮੇਸ਼ਰ ਪ੍ਰਥਾਇ ਇਕੋ ਹੀ ਨਿਰਮਲ ਕਰਮ, ਨਾਮ ਸਿਮਰਨ ਦਾ ਹੈ। ਪ੍ਰਮੇਸ਼ਰ ਨੂੰ ਵਿਸਾਰ ਕੇ ਤਾਂ ਖੁਆਰ ਹੋਣ ਵਾਲੀ ਗੱਲ ਹੈ। ਅੱਗੇ ਤਾਂ ਪ੍ਰਭੂ ਤੋਂ ਬਿਨਾਂ ਕੋਈ ਸਹਾਈ ਨਹੀਂ ਹੁੰਦਾ, ਉਸਦਾ ਨਾਮ ਸਿਮਰਨ ਹੀ ਨਾਲ ਜਾਣਾ ਹੈ –

***ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।।***
***ਨਾਨਕ ਕੀ ਪ੍ਰਭ ਬੇਨਤੀ***
***ਪ੍ਰਭ ਮਿਲਹੁ ਪਰਾਪਤਿ ਹੋਇ।।*** ***ਪੰਨਾ - ੧੩੪***

ਜਿਹੜੀਆਂ ਜੀਵ-ਇਸਤਰੀਆਂ ਪ੍ਰਭੂ ਚਰਨੀ ਲਗ ਜਾਂਦੀਆਂ ਹਨ ਭਾਵ ਜੋ ਜੀਵ ਪ੍ਰਭੂ ਸ਼ਰਨ ਨੂੰ ਪ੍ਰਾਪਤ ਹੋਏ ਹਨ, ਉਨ੍ਹਾਂ ਦੀ ਨਿਰਮਲ ਸ਼ੋਭਾ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਪ੍ਰਭੂ ਪਾਸ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਐਸੀ ਵਿਛੜੀ ਹੋਈ ਜੀਵ-ਆਤਮਾ ਨੂੰ ਮਿਲੋ ਤੇ ਫਿਰ ਮਿਲੇ ਹੀ ਰਹੋ, ਭਾਵ ਫਿਰ ਕਦੀ ਵਿਛੋੜਾ ਨਾ ਹੋਵੇ। ਜੀਵ ਆਤਮਾ ਦੀ ਮੰਜ਼ਿਲ, ਪ੍ਰਭੂ ਮਿਲਾਪ ਹੀ ਹੈ। ਪ੍ਰਭੂ ਵਿਛੋੜਾ ਤਾਂ ਮੌਤ ਦੇ ਵਾਂਗ ਹੈ ਭਾਵ ਵਿਛੜ ਕੇ ਜੀਉਣਾ ਮੌਤ ਦੇ ਬਰਾਬਰ ਹੈ –

***ਵੈਸਾਖੁ ਸੁਹਾਵਾ ਤਾਂ ਲਗੈ***
***ਜਾ ਸੰਤੁ ਭੇਟੈ ਹਰਿ ਸੋਇ।।*** ***ਪੰਨਾ - ੧੩੪***

ਅੰਤ ਵਿਚ ਉਪਦੇਸ਼ ਹੈ ਕਿ ਵੈਸਾਖ ਦਾ ਮਹੀਨਾ ਤਾਂ ਹੀ ਸੁਖਦਾਈ ਹੋ ਸਕਦਾ ਹੈ ਜੇਕਰ ਹਰੀ ਪ੍ਰਭੂ, ਸੰਤ ਰੂਪ ਹੋ ਕੇ ਮਿਲ ਪਵੇ ਕਿਉਂਕਿ ਪੂਰਨ ਸੰਤ ਰਾਹੀਂ ਪ੍ਰਭੂ ਮਿਲਾਪ ਸੰਭਵ ਹੁੰਦਾ ਹੈ। ਵਾਹਿਗੁਰੂ ਦੇ ਸੰਤ, ਪ੍ਰੇਮ ਦੇ ਸਹਾਈ ਹੁੰਦੇ ਹਨ, ਉਹ ਪ੍ਰਭੂ ਪ੍ਰੇਮ ਹੀ ਦ੍ਰਿੜ੍ਹ ਕਰਾਉਂਦੇ ਹਨ। ਪ੍ਰੇਮ ਦੀ ਦ੍ਰਿੜ੍ਹਤਾ ਹੀ ਮਿਲਾਪ ਦਾ ਵਿਸ਼ਵਾਸ਼ ਪੈਦਾ ਕਰਦੀ ਹੈ। ਵੈਸਾਖ ਮਹੀਨੇ ਦੁਆਰਾ ਇਹੀ ਉਪਦੇਸ਼ ਦ੍ਰਿੜ੍ਹ ਕਰਾਇਆ ਗਿਆ ਹੈ।

(---●---)

# ਵਿਸਾਖੀ

## ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

ਦੂਰ ਪੂਰਬ ਸਮੇਂ ਵਿਚ ਤਕਰੀਬਨ ਪੰਜ ਹਜ਼ਾਰ ਸਾਲ ਪਹਿਲਾਂ ਭਾਰਤ ਦੀ ਸ਼ਾਨ ਉਪਰ ਅੱਜ ਵੀ ਭਾਰਤੀਆਂ ਨੂੰ ਬਹੁਤ ਮਾਣ ਹੈ। ਉਹ ਸਮਾਂ ਕ੍ਰਿਸ਼ਨ ਮਹਾਰਾਜ ਜੀ ਦਾ ਸਮਾਂ ਸੀ। ਉਸ ਸਮੇਂ ਭਾਰਤ ਵਿਚ ਬਹੁਤ ਵੱਡੇ ਯੋਧਾ ਰਾਜੇ ਮਹਾਰਾਜੇ ਰਾਜ ਕਰਦੇ ਸਨ ਜਿਨ੍ਹਾਂ ਦੇ ਵਿਚ ਦੁਰਯੋਧਨ, ਜ਼ਰਾਸਿੰਧ, ਸ਼ੁਸ਼ਪਾਲ ਆਦਿ ਰਾਜਿਆਂ ਦਾ ਖਾਸ ਜ਼ਿਕਰ ਆਉਂਦਾ ਹੈ। ਉਸ ਸਮੇਂ ਇਨ੍ਹਾਂ ਰਾਜਿਆਂ ਵਿਚ ਕਾਫੀ ਕਮਜ਼ੋਰੀਆਂ ਆ ਚੁਕੀਆਂ ਸਨ। ਇਹ ਆਪੋ ਆਪਣੇ ਰਾਜਾਂ ਵਿਚ ਸੁਤੰਤਰ ਰਾਜੇ ਸਨ। ਹਸਤਨਾਪੁਰ ਦੇ ਰਾਜ ਉਪਰ ਉਸ ਸਮੇਂ ਧ੍ਰਿਤਰਾਸ਼ਟਰ ਦੁਰਯੋਧਨ ਦਾ ਪਿਤਾ ਪਾਂਡਵਾਂ ਦਾ ਹੱਕ ਖੋਹ ਕੇ ਰਾਜ ਕਰ ਰਿਹਾ ਸੀ ਪਰ ਪਾਂਡਵਾਂ ਨੇ ਆਪਣਾ ਹੱਕ ਲੈਣ ਲਈ ਅਤੇ ਪਾਪ ਦੇ ਮੰਡਲ ਨੂੰ ਖਤਮ ਕਰਨ ਲਈ ਇਕ ਮਹਾਨ ਯੁੱਧ ਜਿਸਨੂੰ ਮਹਾਂਭਾਰਤ ਕਹਿ ਕੇ ਅੱਜ ਵੀ ਜਾਣਿਆ ਜਾਂਦਾ ਹੈ, ਲੜਨਾ ਪਿਆ। ਇਸ ਵਿਚ ਤਕਰੀਬਨ ਭਾਰਤ ਦੇ ਸਾਰੇ ਰਾਜੇ ਸ਼ਾਮਲ ਹੋਏ, ਯੁੱਧ ਵਿਚ ਉਸ ਸਮੇਂ ਦੇ ਵਿਚ ਪ੍ਰਾਪਤ ਸਸ਼ਤਰ ਅਤੇ ਅਸ਼ਤਰ ਵਰਤੇ ਗਏ। ਇਸ ਮਹਾਂ ਭਿਆਨਕ ਯੁੱਧ ਦਾ ਇਥੋਂ ਤਕ ਅਸਰ ਪਿਆ ਕਿ ਯੁੱਧ ਵਿਚ ਸ਼ਾਮਲ ਹੋਏ 45 ਲੱਖ ਯੋਧਿਆਂ ਵਿਚੋਂ ਜਿਨ੍ਹਾਂ ਨੂੰ 18 ਖੂਹਣੀਆਂ ਦੀ ਗਿਣਤੀ ਵੀ ਦਿਤੀ ਜਾਂਦੀ ਹੈ, ਕੇਵਲ ਦਸ ਬੰਦੇ ਹੀ ਬਚੇ। ਦੁਰਯੋਧਨ ਸਮੇਤ ਉਸ ਦੇ ਸਾਰੇ ਭਰਾ, ਸਾਰੇ ਸਾਥੀ ਯੁੱਧ ਵਿਚ ਮਾਰੇ ਗਏ, ਪਾਂਡਵਾਂ ਵਲੋਂ ਵੀ ਸਿਰਫ ਪੰਜੇ ਪਾਂਡਵ ਅਤੇ ਕ੍ਰਿਸ਼ਨ ਮਹਾਰਾਜ ਜੀ ਯੁੱਧ ਦੇ ਮਹਾਂ ਕੋਪ ਤੋਂ ਬਚੇ। ਭਾਰਤ ਨੂੰ ਉਸ ਸਮੇਂ ਇਕ ਐਡਾ ਵੱਡਾ ਧੱਕਾ ਲੱਗਿਆ ਕਿ ਆਰੀਆਂ ਦੀ ਮਾਨ ਮਰਯਾਦਾ, ਸਭਿਆਚਾਰ, ਰਾਜਸੀ ਸ਼ਕਤੀ ਖੀਣ ਹੋ ਗਈ ਅਤੇ ਵਰਣ ਸ਼ੰਕਰ ਔਲਾਦ ਪੈਦਾ ਹੋ ਕੇ ਦੇਸ਼ ਦੀ ਅਬਾਦੀ ਨਵੇਂ ਸਿਰਿਓਂ ਪੁੰਗਰਨੀ ਸ਼ੁਰੂ ਹੋਈ। ਧਾਰਮਿਕ ਰਹੁਰੀਤਾਂ, ਵਿਸ਼ਵਾਸ਼ ਕਮਜ਼ੋਰ ਪੈ ਗਏ, ਇਥੋਂ ਤਕ ਪਤਨ ਹੋਇਆ ਕਿ ਬ੍ਰਾਹਮਣ ਵੀ ਕੇਸਾਂ ਦਾ ਮੁੰਡਨ ਕਰਨ ਲੱਗੇ। ਉਸ ਸਮੇਂ ਦੇ ਰਿਵਾਜ ਅਨੁਸਾਰ ਜੇ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦੇਣੀ ਪੈਂਦੀ ਸੀ ਤਾਂ ਬ੍ਰਹਮ ਹੱਤਿਆ ਦੇ ਡਰ ਤੋਂ ਕੇਵਲ ਉਸ ਦੇ ਕੇਸ ਹੀ ਕੱਟੇ ਜਾਇਆ ਕਰਦੇ ਸਨ। ਖਤਰੀ ਰਾਜੇ ਕੇਸਾਂ ਦੀ ਸੰਭਾਲ ਪੂਰੀ ਤਰ੍ਹਾਂ ਕਰਿਆ ਕਰਦੇ ਸਨ ਅਤੇ ਲੰਬੇ ਕੇਸਾਂ ਉਪਰ ਸੋਨੇ ਦਾ ਤਾਜ ਰਖਦੇ ਸਨ ਪਰ ਕੇਸ ਖੁਲ੍ਹੇ ਹੋਇਆ ਕਰਦੇ ਸਨ। ਰਿਸ਼ੀਆਂ-ਮੁਨੀਆਂ ਦੇ ਸਿਰ ਤੇ ਕੇਸ ਅਤੇ ਦਾੜ੍ਹਾ ਪੂਰਨ ਰੂਪ ਵਿਚ ਸੁਰਖਸ਼ਿਤ ਹੋਇਆ ਕਰਦਾ ਸੀ ਪਰ ਆਮ ਤੌਰ ਉਪਰ ਕੇਸ ਨੰਗੇ ਹੀ ਰੱਖਿਆ ਕਰਦੇ ਸਨ। ਸਮੇਂ ਦੇ ਫੇਰ ਨਾਲ ਰਿਸ਼ੀਆਂ ਮੁਨੀਆਂ ਦੇ ਜਟਾਵਾਂ ਦੇ ਰੂਪ ਵਿਚ ਕੇਸ ਦਿਸਣ ਲੱਗੇ।

ਇਸ ਪਤਨ ਦੇ ਸਮੇਂ ਤੋਂ ਦੁਆਪਰ ਜੁਗ ਖਤਮ ਹੋ ਗਿਆ ਅਤੇ ਕਲਜੁਗ ਦਾ ਆਰੰਭ ਹੋਇਆ। ਜਨਤਾ ਦੀ ਸੋਚ ਸ਼ਕਤੀ ਵਿਚ ਕਮਜ਼ੋਰੀ ਆਉਂਦੀ ਗਈ ਅਤੇ ਬੁੱਤਾਂ ਦੇ ਰੂਪ ਵਿਚ ਅਨੇਕ ਅਵਿਅਕਤ ਹਸਤੀਆਂ ਦੀ ਪੂਜਾ ਸ਼ੁਰੂ ਹੋਈ ਜਿਨ੍ਹਾਂ ਨੂੰ ਦੇਵੀ ਦੇਵਤੇ ਆਖਿਆ ਗਿਆ। ਵਾਹਿਗੁਰੂ ਜੀ ਨੂੰ ਦੁਨੀਆਂ ਤੋਂ ਅਲੱਗ-ਥਲੱਗ ਕਰਕੇ ਅਕਰਤਾ ਰੂਪ ਵਿਚ ਮੰਨਿਆ ਜਾਣ ਲੱਗਿਆ ਉਸ ਦੀ ਥਾਂ ਤੇ ਤਿੰਨ ਦੇਵ, ਜਿਨ੍ਹਾਂ ਨੂੰ ਜਪੁਜੀ ਸਾਹਿਬ ਵਿਚ 'ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣੁ' ਵਾਲਾ ਆਖਿਆ ਗਿਆ, ਦੀ ਮਾਨਤਾ ਸ਼ੁਰੂ ਹੋਈ ਜੋ ਇਨਸਾਨਾਂ ਦੇ ਨਾਲ ਨੇੜੇ ਹੋ ਕੇ ਮਦਦ ਵੀ ਕਰਦੇ ਸਨ, ਜ਼ਾਲਮਾਂ ਦਾ ਨਾਸ਼ ਵੀ ਕਰਦੇ ਸਨ ਅਤੇ ਆਪਣੇ ਭਗਤਾਂ ਉਪਰ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਧਰਮ, ਅਰਥ, ਕਾਮਨਾ ਬਖਸ਼ਦੇ ਸਨ ਪਰ 'ਮੁਕਤੀ' ਇਨ੍ਹਾਂ ਤੋਂ ਨਹੀਂ ਹੁੰਦੀ ਸੀ। ਮੁਕਤੀ ਪ੍ਰਾਪਤੀ ਨੂੰ ਇਨਸਾਨ ਨੇ ਆਪਣੇ ਕਰਮਾਂ ਦੇ ਅਧੀਨ ਰੱਖਿਆ। ਵਾਹਿਗੁਰੂ ਜੀ ਨੂੰ ਸੰਸਾਰ ਦੇ ਝਮੇਲਿਆਂ ਤੋਂ ਅਲੱਗ-ਥਲੱਗ ਵਿਖਾਇਆ ਗਿਆ ਅਤੇ ਉਸ ਦੇ ਮਿਲਾਪ ਦੀ ਕੋਈ ਤਾਂਘ ਮਨੁੱਖ ਦੇ ਮਨ ਵਿਚ ਨਹੀਂ ਉਪਜਦੀ ਸੀ। ਉਸ ਦੀ ਸੁਪਰ ਐਨਰਜੀ ਕੇਵਲ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਰਜੋ, ਤਮੋ, ਸਤੋ ਨੂੰ ਸ਼ਕਤੀ ਦੇ ਕੇ ਸੰਸਾਰ ਦੀ ਖੇਲ੍ਹ ਕਰਦੀ ਸੀ। ਵਾਹਿਗੁਰੂ ਜੀ ਅਗੰਮ ਸੀ, ਅਥਾਹ ਸੀ, ਅਛੋਹ ਸੀ ਅਤੇ ਮਨੁੱਖ ਤੋਂ ਬਹੁਤ ਦੂਰ ਸੀ ਜਿਸ ਨੂੰ ਮਨੁੱਖ ਦੇ ਝਮੇਲਿਆਂ ਨਾਲ ਕੋਈ ਵਾਸਤਾ ਨਹੀਂ ਸੀ ਇਹ ਸਾਰੇ ਕੰਮ ਦੇਵ ਸ਼ਕਤੀਆਂ ਨਾਲ ਸਬੰਧਿਤ ਸਨ। ਇਨਸਾਨ ਦੀਆਂ ਜਿਉਂ-ਜਿਉਂ ਲੋੜਾਂ ਵਧਦੀਆਂ ਗਈਆਂ ਤਿਉਂ-ਤਿਉਂ ਉਨ੍ਹਾਂ ਦੇ ਮੁੱਖ ਦੇਵ ਵੀ ਵਧ ਗਏ ਜਿਵੇਂ ਕਿ ਪਾਣੀਆਂ ਦਾ ਮਾਲਕ ਵਰੁਣ ਦੇਵਤਾ ਸੀ, ਅਨੇਕ ਕਿਸਮ ਦੀਆਂ ਹਵਾਵਾਂ ਦਾ ਮਾਲਕ ਪਵਣ ਦੇਵਤਾ ਸੀ, ਅਨੇਕ ਕਿਸਮ ਦੀ ਮਾਇਆ ਦਾ ਦੇਵਤਾ ਕੁਬੇਰ ਸੀ। ਇਨ੍ਹਾਂ ਦਾ ਰਾਜਾ ਇੰਦਰ ਦੇਵਤਾ ਸੀ ਇਸ ਤਰ੍ਹਾਂ ਬਹੁ ਦੇਵ ਪੂਜਾ ਸ਼ੁਰੂ ਹੋ ਗਈ। ਇਕ ਅਕਾਲ ਪੁਰਖ ਨਾਲ ਸਬੰਧ ਪਤਲੇ ਪੈਂਦੇ ਗਏ, ਬਹੁਤ ਕਿਸਮ ਦੇ ਕਰਮਾਂ ਕਾਂਡਾਂ ਨੇ ਜਨਮ ਲਿਆ। ਮਨੁੱਖ ਨੂੰ ਪ੍ਰਭੂ ਨਾਲੋਂ ਤੋੜ ਕੇ ਗੁਪਤ ਸ਼ਕਤੀਆਂ, ਇਥੋਂ ਤਕ ਕਿ ਭੂਤਾਂ ਪ੍ਰੇਤਾਂ ਦੇ, ਚੁੰਗਲ ਵਿਚ ਫਸਾ ਦਿਤਾ। ਜਿਉਂ-ਜਿਉਂ ਸਮਾਂ ਗੁਜ਼ਰਦਾ ਗਿਆ, ਭਾਰਤ ਵਰਸ਼ ਵਿਚ ਬਾਮ ਮਾਰਗ ਅਤੇ ਚਾਰਵਾਕ ਵਰਗੇ ਨਾਸਤਕ ਧਰਮਾਂ ਨੇ ਜਨਮ ਲਿਆ ਜਿਨ੍ਹਾਂ ਦਾ ਪ੍ਰਧਾਨ ਵਿਸ਼ਾ ਨਸ਼ੇ ਖਾਣੇ, ਮਾਸ ਮੱਛੀ ਦਾ ਸੇਵਨ ਕਰਨਾ ਅਤੇ ਮੈਥੁਨ (ਇਸਤ੍ਰੀ ਪੁਰਸ਼ ਦਾ ਭੋਗ) ਆਦਿ ਕੁਕਰਮ ਹੀ ਧਰਮ ਦਾ ਰੂਪ ਧਾਰਨ ਕਰ ਗਏ। ਵਾਹਿਗੁਰੂ ਜੀ ਦੇ ਮੁਕਾਬਲੇ ਵਿਚ ਪ੍ਰਕ੍ਰਿਤੀ ਦੇ ਅਨਾਦੀ ਹੋਣ ਦਾ ਵਿਸ਼ਵਾਸ਼ ਪੱਕੀ ਤਰ੍ਹਾਂ ਨਾਲ ਪੱਕ ਗਿਆ। ਇਸ ਸੰਸਾਰ ਵਿਚ ਦੋ ਅਨਾਦੀ ਸ਼ਕਤੀਆਂ ਚੇਤਨ ਅਤੇ ਪ੍ਰਕ੍ਰਿਤੀ ਇਕੋ ਜਿਹੀਆਂ ਹੀ ਸਮਝੀਆਂ ਜਾਣ ਲੱਗੀਆਂ। ਪ੍ਰਕ੍ਰਿਤੀ ਦੇ ਪਸਾਰੇ ਨੇ ਮਾਇਆ ਦਾ ਰੂਪ ਧਾਰਨ ਕਰਿਆ

ਅਤੇ ਸੰਸਾਰ ਨੂੰ ਪੂਰੀ ਤਰ੍ਹਾਂ ਮੋਹ ਲਿਆ। ਚੇਤਨ ਪੁਰਖ ਦੀ ਯਾਦ ਬਸਿਮ੍ਰਤ ਹੋ ਗਈ। ਚੇਤਨ ਨੂੰ ਕੇਵਲ ਇਕ ਸਤਾ ਮਾਤਰ ਸ਼ਕਤੀ ਮੰਨਿਆ ਜਾਣ ਲੱਗਿਆ ਜਿਸ ਤੋਂ ਪ੍ਰਭਾਵਿਤ ਹੋ ਕੇ ਪ੍ਰਕ੍ਰਿਤੀ ਹੀ ਅਨੇਕਾਂ ਰੂਪਾਂ, ਰੰਗਾਂ ਵਿਚ, ਮਨੁੱਖੀ ਮਨ ਵਿਚ ਪਸਰ ਗਈ। ਚੇਤਨ ਤਤ੍ਵ ਵਿਚ ਤਿੰਨ ਗੁਣ ਮਿਥੇ ਗਏ ਜਿਸ ਨੂੰ ਸਤਿ ਚਿਤ ਅਤੇ ਅਨੰਦ ਆਖਿਆ ਗਿਆ। ਇਹ ਤਿੰਨ ਗੁਣ ਹੀ ਚੇਤਨ ਵਿਚ ਆਪਣੇ ਨਿਜੀ ਹਨ ਇਸ ਦੇ ਵਿਪਰੀਤ ਪ੍ਰਕ੍ਰਿਤੀ ਵਿਚ ਸਤੋ, ਰਜੋ, ਤਮੋ ਤਿੰਨ ਗੁਣ ਹਨ। ਚੇਤਨ ਦੀ ਸਤਾ ਨੇ ਪ੍ਰਕ੍ਰਿਤੀ ਵਿਚ ਹਰਕਤ ਪੈਦਾ ਕਰ ਦਿਤੀ ਜਿਵੇਂ ਚਮਕ ਪੱਥਰ ਲੋਹੇ ਦੇ ਕਣਾਂ ਵਿਚ ਹਿਲਜੁਲ ਪੈਦਾ ਕਰ ਦਿੰਦਾ ਹੈ। ਇਸੇ ਜਗਤ ਪਸਾਰੇ ਵਿਚ ਬ੍ਰਹਮਾਂ, ਵਿਸ਼ਨੂੰ, ਮਹੇਸ਼ ਦਾ ਸਬੰਧ ਜੀਵਾਂ ਨਾਲ ਵਧੇਰੇ ਰਿਹਾ ਉਨ੍ਹਾਂ ਤੋਂ ਹੀ ਆਪਣੀਆਂ ਕਾਮਨਾਵਾਂ ਪੂਰੀਆਂ ਕਰਾਉਣ ਦੀ ਆਸ ਸਦਾ ਹੀ ਮਨੁੱਖ ਨੂੰ ਲੱਗੀ ਰਹੀ। ਵਾਹਿਗੁਰੂ ਦੇ ਮਿਲਾਪ ਦੀ ਥਾਂ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਤੋਂ ਛੁਟਕਾਰਾ ਪਾ ਕੇ ਨਿਰਬਾਣ ਅਵਸਥਾ ਨੂੰ ਹੀ ਸਭ ਤੋਂ ਉਚੀ ਅਵਸਥਾ ਮੰਨਿਆ ਜਾਣ ਲੱਗਿਆ। ਇਹ ਵਿਸ਼ਵਾਸ਼ ਆਮ ਮਨੁੱਖ ਦੇ ਹਿਤ ਵਿਚ ਨਹੀਂ ਸਨ ਕਿਉਂਕਿ ਆਮ ਮਨੁੱਖ ਨੂੰ ਲੋੜ ਸੀ ਉਸ ਪ੍ਰਭੂ ਦੀ ਜੋ ਉਸ ਦੇ ਹਮੇਸ਼ਾ ਨਾਲ ਰਹਿੰਦਾ ਹੋਵੇ, ਉਸ ਦੇ ਅੰਦਰ ਬਾਹਰ ਹਰ ਥਾਂ ਪਰੀਪੂਰਨ ਹੋਵੇ, ਉਹ ਆਪਣੇ ਜੀਵਾਂ ਦੇ ਦੁਖਾਂ-ਸੁਖਾਂ ਨੂੰ ਪੂਰੀ ਤਰ੍ਹਾਂ ਨਾਲ ਜਾਣਦਾ ਹੋਵੇ ਅਤੇ ਉਸ ਦੀ ਮਦਦ ਲਈ ਕੀਤੀ ਪੁਕਾਰ ਵਿਚ ਉਹ ਆਪ ਆ ਕੇ ਸਹਾਇਤਾ ਕਰੇ। ਯਾਨਿ ਕਿ ਉਹ ਸ਼ਕਤੀ ਸਤਿ ਚਿਤ ਅਨੰਦ ਤਾਂ ਹੈਗੀ ਹੀ ਪਰ ਪਿਆਰ ਕਰਨ ਵਾਲੀ ਵੀ ਹੋਵੇ ਅਤੇ ਹਿਰਦੇ ਵਿਚ ਸਾਂਝ ਪੈਦਾ ਕਰਕੇ ਦੁਖਾਂ ਤੇ ਸੁਖਾਂ ਦੀ ਜਾਣੂੰ ਵੀ ਹੋਵੇ। ਭਗਤੀ ਲਹਿਰ ਤੋਂ ਪਹਿਲਾਂ ਚਾਰ ਹਜ਼ਾਰ ਸਾਲ ਦਾ ਸਮਾਂ ਇਨ੍ਹਾਂ ਕਮਜ਼ੋਰ ਵਿਸ਼ਵਾਸ਼ਾਂ ਵਿਚ ਲੰਘਿਆ।

ਉਸੇ ਸਮੇਂ ਵਿਚ ਮਹਾਤਮਾ ਬੁੱਧ ਜੀ ਨੇ ਅਤੇ ਜੈਨ ਮਤ ਦੇ ਬਾਨੀ ਮਹਾਂਵੀਰ ਜੀ ਨੇ ਆਪਣੀ ਕਠਨ ਤਪਸਿਆਵਾਂ ਕਰਕੇ ਮਾਇਆ ਦੇ ਮੰਡਲ ਵਿਚੋਂ ਆਪਣੇ ਆਪ ਨੂੰ ਪਾਰ ਕੀਤਾ, ਕਿਸੇ ਨਿਰਬਾਣ ਅਵਸਥਾ ਵਿਚ ਟਿਕਾਣਾ ਜਾ ਕੀਤਾ। ਪਰ ਭਗਤੀ ਲਹਿਰ ਦੇ ਨਿਸ਼ਚਿਆਂ ਅਨੁਸਾਰ ਵਾਹਿਗੁਰੂ ਜੀ ਪਿਆਰ ਕਰਦੇ ਹਨ, ਪਾਲਦੇ ਹਨ, ਦੁਖਾਂ ਨੂੰ ਦੂਰ ਕਰਦੇ ਹਨ ਅਤੇ ਪ੍ਰੇਮ ਨਾਲ ਬੰਨ੍ਹੇ ਜਾਂਦੇ ਹਨ ਅਤੇ ਆਪਣੇ ਭਗਤ ਨੂੰ ਆਪਣਾ ਹੀ ਰੂਪ ਬਣਾ ਲੈਂਦੇ ਹਨ। ਇਹ ਸੁੰਨ ਸਾਨ ਅਵਸਥਾ ਨਹੀਂ ਸੀ ਇਹ ਜਿਉਂਦੀ ਜਾਗਦੀ ਪਿਆਰਾਂ ਵਿਚ ਗੜੂੰਦ ਕਰਦੀ ਪ੍ਰਭੂ ਦੇ ਪਿਆਰ ਨੂੰ ਮਾਣਨ ਵਾਲੀ ਮੁਕਤ ਅਵਸਥਾ ਸੀ। ਇਸ ਭਗਤੀ ਲਹਿਰ ਵਿਚ ਹੀ ਗਿਆਨ ਦਾ ਪ੍ਰਕਾਸ਼ ਵਧਿਆ ਅਤੇ ਇਹ ਜੀਵ, ਭਗਤੀ ਦੀ ਪਉੜੀ ਰਾਹੀਂ ਅਨੰਤ, ਅਨਾਦ, ਅਨਾਹਤ ਵਿਚ ਇਕ ਰੂਪ ਹੋ ਕੇ ਪ੍ਰਮੇਸ਼ਰ ਹੀ ਬਣ ਗਿਆ। ਨਾਸਤਕ ਮਤਾਂ ਨੇ ਭਾਰਤ ਦੇ ਸਾਸ਼ਕਾਂ ਅਤੇ ਜਨਤਾ ਉਤੇ ਬਹੁਤ ਅਸਰ ਪਾਇਆ। ਭਾਵੇਂ ਇਸ ਲੰਮੇ ਸਮੇਂ ਵਿਚ ਉਚ ਚਰਿਤ੍ਰਾਂ ਵਾਲੇ ਰਾਜੇ ਵੀ ਹੋਏ ਜਿਨ੍ਹਾਂ ਨੇ ਇਨਸਾਫ ਕੀਤਾ ਅਤੇ ਉਨ੍ਹਾਂ ਦੀਆਂ ਕਥਾਵਾਂ ਅੱਜ ਵੀ ਸਾਨੂੰ ਪ੍ਰੇਰਨਾ ਦਿੰਦੀਆਂ ਹਨ।

ਇਸਲਾਮ ਨੇ ਇਕ ਪ੍ਰਮੇਸ਼ਰ ਉਤੇ ਵਿਸ਼ਵਾਸ਼ ਰਖਦਿਆਂ ਅਰਬ ਦੇਸ਼ ਤੋਂ ਉਠ ਕੇ ਸਾਰੀ ਦੁਨੀਆਂ ਉਪਰ ਪ੍ਰਭਾਵ ਪਾਉਣਾ ਸ਼ੁਰੂ ਕੀਤਾ। ਉਹ ਧਰਮ, ਭਰਾਤਰੀ ਭਾਵ, ਪ੍ਰਸਪਰ ਰਵਾਦਾਰੀ, ਸੇਵਾ ਭਾਵ ਪਿਆਰ ਭਰਪੂਰ ਅਤੇ ਇਕ ਪ੍ਰਭੂ ਨੂੰ ਪਿਆਰ ਕਰਨ ਵਾਲਾ ਸੀ ਜਿਸ ਦੇ ਸਿੱਧੇ-ਸਿੱਧੇ ਉਪਦੇਸ਼ਾਂ ਨੇ ਕੱਟੜ ਪ੍ਰਸਤਾਂ ਦੇ ਪਾਏ ਹੋਏ ਜੰਜਾਲਾਂ ਨੂੰ ਤੋੜ ਕੇ ਇਕ ਪਿਆਰ ਦਾ ਰਾਹ ਦਰਸਾਇਆ, ਉਸ ਵਿਚ ਜਨਤਾ ਨੂੰ ਖਿੱਚ ਲਿਆ। ਭਾਵੇਂ ਪਿਛੋਂ ਆਏ ਇਸਲਾਮੀ ਰਾਜੇ ਬਹੁਤ ਹੀ ਖ਼ੂਨ ਖ਼ੁਆਰ ਅਤੇ ਜ਼ਾਲਮ ਸਨ ਅਤੇ ਬੇਦਰਦੀ ਦੇ ਭਾਵ ਵਿਚ ਲੀਨ ਹੋਏ ਆਪਣੇ ਕੀਤੇ ਗਏ ਅਤਿਆਚਾਰਾਂ ਨੂੰ ਭੀ ਪੁੰਨ ਹੀ ਮੰਨਦੇ ਸਨ ਉਹ ਇਸਲਾਮ ਦੇ ਉਚੇ ਅਸੂਲਾਂ ਤੋਂ ਥਿੜਕੇ ਹੋਏ ਸਨ ਪਰ ਮਜ਼ਹਬ ਦਾ ਬੁਰਕਾ ਪਹਿਨ ਕੇ ਧਰਮੀ ਬਣਨਾ ਚਾਹੁੰਦੇ ਸਨ।

ਭਾਰਤ ਵਿਚ ਵਰਣਨ ਯੋਗ ਇਸਲਾਮ ਦਾ ਰਾਜਸੀ ਕਾਲ ਕਈ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। 1000 ਤੋਂ 1526 ਈ. ਤਕ ਪੰਜਾਬ ਦੀ ਹਾਲਾਤ ਤੁਫਾਨਾਂ ਦੀ ਮਾਰ ਹੇਠ ਆਏ ਉਸ ਮਕਾਨ ਵਾਂਗੂੰ ਸੀ ਜਿਸ ਦੇ ਬੂਹੇ ਅੱਧ ਖੁਲ੍ਹੇ ਰਹਿਣ ਕਰਕੇ ਇਹ ਝੱਖੜ ਮਕਾਨ ਦੇ ਅੰਦਰ ਦਾਖਲ ਹੋ ਗਏ ਹੋਣ ਅਤੇ ਸਾਰੇ ਮਕਾਨ ਵਿਚ ਚੀਜ਼ਾਂ ਦੀ ਹਫੜਾ-ਦਫੜੀ ਮਚਾ ਕੇ ਬੇ-ਵਿਉਂਤੀ ਕਰਕੇ ਖਿੰਡਾ ਦਿਤੀਆਂ ਹੋਣ। ਤੁਫਾਨ ਨਾਲ ਮਕਾਨ ਦੀਆਂ ਕੰਧਾਂ ਗਿਰ ਗਈਆਂ ਅਤੇ ਉਜੜੇ ਥੇਹ ਵਾਂਗੂੰ ਪ੍ਰਤੀਤ ਦੇਣ ਲੱਗੀਆਂ। ਝੱਖੜਾਂ ਦਾ ਇਹ ਸਿਲਸਿਲਾ ਇਸਲਾਮੀ ਹਮਲਿਆਂ ਦੇ ਨਾਲ ਸ਼ੁਰੂ ਹੋ ਗਿਆ। ਇਸ ਦੇ ਮੋਢੀ ਅਫਗਾਨਿਸਤਾਨ ਰਾਜਸੀ ਖਾਨਦਾਨ ਨਾਲ ਸਬੰਧ ਰੱਖਣ ਵਾਲੇ ਅਲਪਤਗੀਨ ਅਤੇ ਸਬੁਕਤਦੀਨ ਸਨ ਉਨ੍ਹਾਂ ਨੇ ਭਾਰਤੀ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨਾ ਸ਼ੁਰੂ ਕਰ ਦਿਤਾ। ਮਹਿਮੂਦ ਨੇ ਆਪਣੇ ਰਾਜ ਕਾਲ 999-1030 ਈ. ਵਿਚ ਭਾਰਤ ਤੇ 17 ਹਮਲੇ ਕੀਤੇ ਜਿਨ੍ਹਾਂ ਦੀ ਬਹੁਤੀ ਮਾਰ ਕਾਨੌਂਜ, ਕਾਲੰਜਰ ਜਾਂ ਰੰਥਮਬੋਰ ਉਤੇ ਪਈ। ਮਹਿਮੂਦ ਦਾ ਇਕ ਹਮਲਾ ਗੁਜਰਾਤ ਵਿਚ ਮਸ਼ਹੂਰ ਮੰਦਰ ਸੋਮਨਾਥ ਉਪਰ ਹੋਇਆ। ਹਿੰਦੂ ਰਾਜਿਆਂ ਦੀ ਰਾਜਧਾਨੀ ਪਹਿਲਾਂ ਕਾਬਲ ਸੀ ਉਥੋਂ ਹਟ ਕੇ ਉਦਭੰਡ ਵਿਚ ਕਾਇਮ ਹੋਈ ਇਥੋਂ ਵੀ ਤੁਰਕਾਂ ਨੇ ਇਨ੍ਹਾਂ ਨੂੰ ਨੰਦਨਾਂ ਵਿਚ ਧਕੇਲ ਦਿਤਾ। ਅਖੀਰ ਸਰਹੰਦ ਨੂੰ ਆਪਣੀ ਰਾਜਧਾਨੀ ਬਣਾ ਕੇ ਰਾਜ ਕਰਨ ਲੱਗੇ। ਹਿੰਦ ਦੇ ਰਾਜੇ ਕਦੇ ਇਕੱਠੇ ਹੋ ਕੇ ਜੁੱਧ ਨਹੀਂ ਕਰਦੇ ਸਨ ਇਸ ਕਰਕੇ ਇਕੱਲੇ-ਇਕੱਲੇ ਮਾਰ ਖਾਂਦੇ ਹੀ ਰਹਿੰਦੇ ਸੀ। ਗਜ਼ਨਵੀਆਂ ਦੀ ਤਾਕਤ ਘਟਣ ਨਾਲ ਗੌਰੀ ਤੁਰਕਾਂ ਨੇ ਥਾਂ ਮੱਲ ਲਈ ਉਨ੍ਹਾਂ ਨੇ ਲੁੱਟ ਕੇ ਵਾਪਸ ਜਾਣ ਦੀ ਥਾਂ ਭਾਰਤ ਵਿਚ ਪੈਰ ਜਮਾ ਲਏ। ਸਹਾਬ-ਉਦ-ਦੀਨ ਨੇ ਭਾਰਤ ਵਿਚ ਤੁਰਕੀ ਰਾਜ ਕਾਇਮ ਕਰ ਲਿਆ। ਇਸੇ ਸਮੇਂ ਵਿਚ ਚੰਗੇਜ਼ ਖਾਨ ਵਰਗੇ ਮੱਧ ਏਸ਼ੀਆ ਵਿਚੋਂ ਉਠੇ। ਸਮੁੰਦਰ ਦੀਆਂ ਕਾਗਾਂ ਵਾਂਗ ਮੱਲਾਂ ਮਾਰਦੇ ਫੈਲ ਗਏ। ਰੂਸ, ਇਰਾਨ, ਅਫਗਾਨਿਸਤਾਨ ਸਭਨਾਂ ਦੇਸਾਂ ਦੀ ਤਾਕਤ ਤੀਲ੍ਹਿਆਂ ਵਾਂਗ ਇਨ੍ਹਾਂ ਦੀ ਤਾਕਤ ਦੇ ਅੱਗੇ ਉਡ ਗਈ। ਚੰਗੇਜ਼ ਖਾਨ ਜਲਾਲ-ਉਦ-ਦੀਨ ਦਾ ਪਿਛਾ ਕਰਦਾ ਅਟਕ ਦਰਿਆ ਤਕ ਪਹੁੰਚ ਗਿਆ। ਇਨ੍ਹਾਂ ਨੇ ਭਾਰਤ ਦੀ

ਅਮੀਰੀ ਨੂੰ ਤੱਕ ਕੇ 300 ਸਾਲ ਤਕ ਭਾਰਤ ਵਿਚ ਉਜਾੜਾਂ ਤੇ ਬਰਬਾਦੀ ਦਾ ਮਹੌਲ ਕਾਇਮ ਰੱਖਿਆ। ਇਸ ਸਮੇਂ ਵਿਚ ਅਮੀਰ ਤੈਮੂਰ ਤੇ ਬਾਬਰ ਦੀਆਂ ਮੁਹਿੰਮਾਂ ਮਹੱਤਤਾ ਰਖਦੀਆਂ ਹਨ। ਤੈਮੂਰ ਨੇ ਭਾਰਤ ਵਿਚ ਅਜਿਹਾ ਜਬਰ ਕੀਤਾ ਕਿ ਸੁਣ ਕੇ ਲੂ ਕੰਡੇ ਖੜ੍ਹੇ ਹੁੰਦੇ ਹਨ। ਇਸ ਰਾਜਸੀ ਉਥੱਲ-ਪੁਥੱਲ ਵਿਚ ਪੰਜਾਬ ਨੂੰ ਬਹੁਤ ਵੱਡਾ ਸੰਤਾਪ ਝਲਣਾ ਪਿਆ। ਦਿੱਲੀ ਦੇ ਬਾਦਸ਼ਾਹ ਨੇ ਕਾਬਲ ਵਲੋਂ ਆਉਣ ਵਾਲੇ ਹਮਲਾਵਰਾਂ ਦਾ ਮੁਕਾਬਲਾ ਕਰਨ ਵਾਸਤੇ ਪੰਜਾਬ ਨੂੰ ਇਕ ਸੈਨਿਕ ਛਾਉਣੀ ਵਿਚ ਬਦਲ ਦਿਤਾ। ਇਨ੍ਹਾਂ ਫੌਜੀਆਂ ਨੇ ਪੰਜਾਬ ਦੀ ਆਰਥਿਕ ਹਾਲਤ ਉਤੇ ਬਹੁਤ ਸੱਟ ਮਾਰੀ। ਉਸ ਸਮੇਂ ਦਾ ਪੰਜਾਬ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਸੁਲਤਾਨਾਂ ਦਾ ਆਪਣਾ ਰਾਜ ਸੀ ਮੁਲਤਾਨ, ਦੀਪਾਲਪੁਰ, ਲਾਹੌਰ, ਜਲੰਧਰ, ਸਰਹੰਦ ਤੇ ਸਮਾਣਾ ਆਦਿ ਦੇ ਵੱਖਰੇ-ਵੱਖਰੇ ਸੁਤੰਤਰ ਹਾਕਮ ਹੋਇਆ ਕਰਦੇ ਸਨ। ਇਸ ਰਾਜਸੀ ਸਮੇਂ ਵਿਚ ਹਿੰਦੂਆਂ ਦੀ ਹਾਲਤ ਬਹੁਤ ਹੀ ਪਤਲੀ ਹੋ ਗਈ। ਸਾਰੇ ਵੱਡੇ ਅਹੁਦਿਆਂ ਉਪਰ ਹਮਲਾਵਰ ਫੌਜਾਂ ਦੇ ਨੁਮਾਇੰਦੇ ਹੀ ਨਿਯੁਕਤ ਹੋਇਆ ਕਰਦੇ ਸਨ। ਪੰਜਾਬ ਵਿਚ ਜਿਨ੍ਹਾਂ ਹਿੰਦੂਆਂ ਨੇ ਇਸਲਾਮ ਧਾਰਨ ਕੀਤਾ ਸੀ ਉਨ੍ਹਾਂ ਨੂੰ ਵੀ ਵੱਡਿਆਂ ਅਹੁਦਿਆਂ ਤੋਂ ਵੰਚਿਤ ਰੱਖਿਆ ਜਾਂਦਾ ਸੀ ਪਰ ਫਿਰ ਵੀ ਹਿੰਦੂਆਂ ਨਾਲੋਂ ਉਨ੍ਹਾਂ ਨੂੰ ਜ਼ਿਆਦਾ ਸਹੂਲਤਾਂ ਪ੍ਰਾਪਤ ਹੁੰਦੀਆਂ ਸਨ। ਹਿੰਦੂਆਂ ਨੂੰ ਕਾਫਰ ਅਤੇ ਬੁਤ ਪ੍ਰਸਤ ਆਖਿਆ ਜਾਂਦਾ ਸੀ ਇਨ੍ਹਾਂ ਨਾਲ ਸ਼ਾਸ਼ਕਾਂ ਨੂੰ ਹਮਦਰਦੀ ਨਹੀਂ ਸੀ ਇਨ੍ਹਾਂ ਨੂੰ ਦੂਜੇ ਦਰਜੇ ਦੇ ਅਧਿਕਾਰ ਪ੍ਰਾਪਤ ਸਨ। ਮੁਗਲਾਂ ਦੇ ਵੇਲੇ ਹਿੰਦੂਆਂ ਦੀ ਲਿਆਕਤ ਨੂੰ ਜਾਣਦਿਆਂ ਉਨ੍ਹਾਂ ਨੂੰ ਰਾਜ ਪ੍ਰਬੰਧ ਵਿਚ, ਵਣਜ ਵਪਾਰ, ਖੇਤੀ ਬਾੜੀ ਆਦਿਕ ਮਹਿਕਮਿਆਂ ਵਿਚ ਕੁਝ ਵਿਸ਼ੇਸ਼ ਹੱਕ ਪ੍ਰਾਪਤ ਸਨ। ਇਸ ਸਮੇਂ ਵਿਚ ਹਿੰਦੂ ਰਾਜੇ ਬਿਲਕੁਲ ਮਿੱਟੀ ਦੇ ਬੁੱਤ ਤਾਂ ਨਹੀਂ ਸਨ ਪਰ ਆਪਣੀਆਂ ਸੀਮਤ ਆਰਥਿਕ ਹਾਲਤਾਂ ਦੇ ਅਧੀਨ ਬਹੁਤ ਵੱਡੀ ਫੌਜ ਨਹੀਂ ਰਖ ਸਕਦੇ ਸਨ। ਰਾਜਾ ਜੈ ਪਾਲ ਨੇ ਮਹਿਮੂਦ ਸਬੁਕਤਗੀਨ ਤੋਂ ਵੀ ਹਾਰ ਖਾ ਕੇ ਹਾਰ ਨਹੀਂ ਮੰਨੀ ਸੀ ਉਸ ਦੇ ਉਤਰਾ ਅਧਿਕਾਰੀ ਰਾਜਾ ਅਨੰਦਪਾਲ ਨੇ ਮਹਿਮੂਦ ਦੇ ਵਿਰੁਧ ਰਾਜਪੂਤਾਂ ਦਾ ਇਕ ਸੰਘ ਕਾਇਮ ਕਰ ਲਿਆ ਪਰ ਕੋਈ ਬਹੁਤੀ ਸਫਲਤਾ ਨਾ ਹੋਈ। ਉਸ ਦੇ ਪੁੱਤਰ ਤ੍ਰਿਲੋਚਨ ਪਾਲ ਨੇ ਸਰਹੰਦ ਨੂੰ ਰਾਜਧਾਨੀ ਬਣਾਇਆ। ਉਸ ਸਮੇਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਹਿੰਦੂਆਂ ਵਿਚ ਕੋਈ ਜਾਨ ਹੀ ਨਾ ਰਹੀ ਹੋਵੇ। ਭਾਵੇਂ ਪੰਜਾਬ ਦੇ ਪਹਾੜਾਂ ਵਿਚ ਪਹਾੜੀ ਰਾਜਪੂਤ ਰਾਜੇ ਰਾਜ ਕਰਦੇ ਸਨ ਪਰ ਉਹ ਕਦੇ ਵੀ ਇਸਲਾਮੀ ਰਾਜਿਆਂ ਨਾਲ ਡਟ ਕੇ ਨਹੀਂ ਲੜੇ ਸਨ। 1521 ਵਿਚ ਬਾਬਰ ਨੇ ਪੰਜਾਬ ਉਤੇ ਹਮਲਾ ਕੀਤਾ ਅਤੇ ਸੈਦਪੁਰ (ਏਮਨਾਬਾਦ) ਨੂੰ ਬਿਲਕੁਲ ਤਬਾਹ ਕਰ ਦਿਤਾ। ਗੁਰੂ ਨਾਨਕ ਪਾਤਸ਼ਾਹ ਉਥੇ ਮੌਜੂਦ ਸਨ ਉਨ੍ਹਾਂ ਨੇ ਇਸ ਤਬਾਹੀ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਅਤੇ ਹਾਲਤ ਨੂੰ ਤਕਦਿਆਂ ਫੁਰਮਾਨ ਕੀਤਾ -

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੇ ਤੈਂ ਕੀ*
*ਦਰਦੁ ਨ ਆਇਆ॥*
*ਕਰਤਾ ਤੂੰ ਸਭਨਾ ਕਾ ਸੋਈ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥*
*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥*
*ਰਤਨ ਵਿਗਾੜਿ ਵਿਗੋਏ*
*ਕੁਤੀ ਮੁਇਆ ਸਾਰ ਨ ਕਾਈ॥*
*ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥*
*ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥*
*ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥*
*ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥ ਪੰਨਾ - 360*

ਇਥੇ ਗੁਰੂ ਮਹਾਰਾਜ ਜੀ ਨੇ ਬਾਬਰ ਦੀਆਂ ਫੌਜਾਂ ਨੂੰ ਸ਼ੇਰ ਦੀ ਤੁਲਨਾ ਦਿਤੀ ਅਤੇ ਪੰਜਾਬ ਵਾਸੀਆਂ ਨੂੰ ਗਾਂਈਆਂ ਦੇ ਵਗ ਨਾਲ ਤੁਲਨਾ ਦਿਤੀ। ਮਾਨਸਕ ਗਿਰਾਵਟ ਦੀ ਹਾਲਤ ਦਸਦਿਆਂ ਹੋਇਆਂ ਫੁਰਮਾਨ ਕੀਤਾ -

*ਸਰਮ ਧਰਮ ਕਾ ਡੇਰਾ ਦੂਰਿ॥*
*ਨਾਨਕ ਕੂੜੁ ਰਹਿਆ ਭਰਪੂਰਿ॥*
*ਮਥੈ ਟਿਕਾ ਤੇੜਿ ਧੋਤੀ ਕਖਾਈ॥*
*ਹਥਿ ਛੁਰੀ ਜਗਤ ਕਾਸਾਈ॥*
*ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥*
*ਮਲੇਛ ਧਾਨੁ ਲੇ ਪੂਜਹਿ ਪੁਰਾਣੁ॥*
*ਅਭਾਖਿਆ ਕਾ ਕੁਠਾ ਬਕਰਾ ਖਾਣਾ॥*
*ਚਉਕੇ ਉਪਰਿ ਕਿਸੈ ਨ ਜਾਣਾ॥ ਪੰਨਾ - 472*

ਭਾਰਤ ਦੇ ਹਿੰਦੂ, ਸ੍ਵੈਮਾਨ ਅਤੇ ਅਣਖ ਵਰਗਾ ਅਨਮੁੱਲਾ ਗੁਣ ਆਪਣੇ ਵਿਚੋਂ ਗੁਆ ਕੇ ਢਹਿੰਦੀਆਂ ਕਲਾਂ ਵਿਚ ਸਹਿਕ ਰਹੇ ਸਨ। ਇਤਿਹਾਸਕਾਰਾਂ ਦਾ ਮਤ ਹੈ ਕਿ ਇਹ ਪਤਨ ਅਚਾਨਕ ਸ਼ੁਰੂ ਨਹੀਂ ਹੋਇਆ ਸੀ। ਇਹ ਸਾਰੀ ਗਿਰਾਵਟ ਵਿਦੇਸ਼ੀਆਂ ਦੇ ਸਿਰ ਤੇ ਨਹੀਂ ਮੜ੍ਹੀ ਜਾ ਸਕਦੀ ਸੀ ਇਸ ਦਾ ਸਬੰਧ ਮਹਾਰਾਜਾ ਹਰਸ਼ ਵਰਧਨ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਜਾਤ ਪਾਤ ਦੇ ਬੰਧਨਾਂ ਵਿਚ ਕੱਟੜਤਾ, ਪ੍ਰਸਪਰ ਮੇਲ ਜੋਲ ਦੀ ਅਣਹੋਂਦ ਤੇ ਅੰਧ ਵਿਸ਼ਵਾਸ਼ ਦਾ ਪਸਾਰਾ, ਕਰਮ-ਕਾਂਡਾਂ ਦਾ ਕਰੜਾ ਜਾਲ ਜੋ ਪ੍ਰੋਹਤ ਸ਼੍ਰੇਣੀ ਨੇ ਪਸਾਰਿਆ ਸੀ, ਉਸ ਨਾਲ ਭਾਰਤ ਦੀ ਵਸੋਂ ਬਿਲਕੁਲ ਨਿਮਾਣੀ ਨਿਤਾਣੀ ਹੋ ਚੁੱਕੀ ਸੀ। ਰਹਿੰਦੀ ਕਸਰ ਇਸਲਾਮੀ ਰਾਜਿਆਂ ਨੇ ਪੂਰੀ ਕਰ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਇਹ ਹਾਲਤ ਸੀ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਪੰਨਾ- 145*

ਹਮਲਾਵਰਾਂ ਦੇ ਟੋਲਿਆਂ ਨੇ ਗੈਰ ਮੁਸਲਮਾਨ ਵਸੋਂ ਦੇ ਨਸ਼ਟ ਭ੍ਰਸ਼ਟ ਕਰਨ ਦੇ ਕਈ ਹੋਰ ਕਾਰਨ ਵੀ ਸਨ। ਪਹਿਲਾ- ਜਜ਼ੀਏ ਵਗੈਰਾ ਦਾ ਟੈਕਸ ਕੇਵਲ ਹਿੰਦੂਆਂ ਤੇ ਲਗਦਾ ਸੀ।

ਫੌਜੀ ਛਾਉਣੀਆਂ ਪੰਜਾਬ ਦੇ ਪਿੰਡ-ਪਿੰਡ ਨੂੰ ਘੇਰੀਂ ਬੈਠੀਆਂ ਸਨ ਅਤੇ ਉਨ੍ਹਾਂ ਦੀ ਸੁਤੰਤਰਤਾ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ ਸੀ। ਲੁੱਟ ਕਸੁੱਟ ਦੀ ਕੋਈ ਫਰਿਆਦ ਸੁਣੀ ਨਹੀਂ ਜਾਂਦੀ ਸੀ। ਉਸ ਸਮੇਂ ਆਮ ਜਨਤਾ ਇਸਲਾਮ ਕਬੂਲਣ ਵਿਚ ਹੀ ਆਪਣਾ ਭਲਾ ਸਮਝਦੀ ਸੀ। ਹਿੰਦੂਆਂ ਉਤੇ ਜਜ਼ੀਆ ਇਸ ਕਰਕੇ ਲਗਾਇਆ ਜਾਂਦਾ ਸੀ ਕਿ ਹਿੰਦੂ ਜਨਤਾ ਆਪਣੀ ਰਾਖੀ ਉਪਰ ਆਏ ਖਰਚ ਪੂਰੇ ਕਰੇ। ਇਨ੍ਹਾਂ ਹਾਲਾਤਾਂ ਵਿਚ ਧਰਮ ਪਰਿਵਰਤਨ ਬਹੁਤ ਵੱਡੀ ਸੰਖਿਆ ਵਿਚ ਸ਼ੁਰੂ ਹੋ ਗਿਆ। ਹਿੰਦੂਆਂ ਨੂੰ ਕੋਈ ਵੀ ਉਚ ਪਦਵੀ ਪ੍ਰਾਪਤ ਨਹੀਂ ਹੋਇਆ ਕਰਦੀ ਸੀ। ਇਥੇ ਦੀ ਗੈਰ ਮੁਸਲਮ ਜਨਤਾ ਨੂੰ ਬਹੁਤ ਹੀ ਘਟੀਆ ਗਿਣਿਆ ਜਾਂਦਾ ਸੀ। ਪੱਛਮੀ ਪੰਜਾਬ ਦੇ ਲਗਭੱਗ ਸਾਰੇ ਰਾਜਪੂਤਾਂ ਨੇ ਹਿੰਦੂ ਧਰਮ ਤਿਆਗ ਕੇ ਇਸਲਾਮ ਕਬੂਲ ਕਰ ਲਿਆ ਸੀ। ਇਸ ਜਨਤਾ ਦੇ ਚਰਿੱਤਰ ਵਿਚੋਂ ਅਣਖ, ਸ੍ਵੈਮਾਨ, ਸ੍ਵੈ ਵਿਸ਼ਵਾਸ਼ ਵਰਗੇ ਗੁਣ ਬਿਲਕੁਲ ਅਲੋਪ ਹੋ ਚੁੱਕੇ ਸਨ। ਵੱਡੇ-ਵੱਡੇ ਹਿੰਦੂ ਕਬੀਲੇ ਜਿਵੇਂ ਕਿ ਸਿਆਲ, ਸਰਹੰਗ ਵਾਲੀਏ, ਬਾਹਲੀਏ, ਬਕਨ, ਹਕਨ, ਖੋਖਰ, ਢੂਢੀ, ਟਿਵਾਏ, ਖਰਲ ਤੇ ਮਰਲ, ਭੱਟੀ ਆਦਿ ਸਮੂਹਿਕ ਤੌਰ ਤੇ ਇਸਲਾਮ ਧਾਰਨ ਕਰ ਚੁੱਕੇ ਸਨ।

ਅਲਾਉਦੀਨ ਵਰਗੇ ਸੁਲਤਾਨ ਨੇ ਹਿੰਦੂਆਂ ਦੇ ਮੰਦਰ ਢਾਹ ਦਿਤੇ ਅਤੇ ਬੁੱਤ ਤੋੜ ਦਿਤੇ। ਬੁੱਤਾਂ ਨੂੰ ਤੋਲ ਲਈ ਵੱਟੇ ਬਣਾ ਕੇ ਹਟਵਾਣੀਆਂ ਦੀਆਂ ਤਕੜੀਆਂ ਵਿਚ ਜਿਨਸਾਂ ਤੋਲਣ ਲਈ ਦਿਤੇ ਜਾਂਦੇ ਸਨ। ਹਿੰਦੂਆਂ ਨੂੰ ਚੰਗੇ ਕਪੜੇ ਪਹਿਨਣ ਤੇ ਚੰਗੀਆਂ ਸਵਾਰੀਆਂ ਉਤੇ ਚੜ੍ਹਣ ਦੀ ਪਾਬੰਦੀ ਲੱਗ ਚੁੱਕੀ ਸੀ, ਤੀਰਥ ਯਾਤਰਾ ਲਈ ਵੱਖਰੇ ਟੈਕਸ ਵਸੂਲ ਕੀਤੇ ਜਾਂਦੇ ਸਨ। ਉਸ ਵੇਲੇ ਦੇ ਅਧਿਆਤਮਕ ਆਗੂ ਸਿੱਧਾਂ, ਜੋਗੀਆਂ ਦੇ ਰੂਪ ਵਿਚ ਘਰ ਛੱਡ ਕੇ ਪਹਾੜਾਂ ਦੀਆਂ ਟੀਸੀਆਂ ਵਿਚ ਜਾਂ ਮੰਦਰਾਂ ਵਿਚ ਡੇਰੇ ਲਾਉਂਦੇ ਸਨ ਜਾਂ ਸਾਧੂਆਂ ਦੇ ਟੋਲੇ ਬਣਾ-ਬਣਾ ਕੇ ਧੂਣੀਆਂ ਰਮਾਉਂਦੇ ਫਿਰਦੇ ਸਨ। ਇਹ ਜੁੰਡਲੀ ਕੋਈ ਕੰਮ ਨਹੀਂ ਕਰਦੀ ਸੀ ਸਗਮਾਂ ਜਨਤਾ ਉਤੇ ਬਹੁਤ ਭਾਰੀ ਬੋਝ ਬਣੀ ਹੋਈ ਸੀ। ਗੁਰੂ ਨਾਨਕ ਪਾਤਸ਼ਾਹ ਨੇ ਇਨ੍ਹਾਂ ਦੀ ਰਹੁਰੀਤ ਉਪਰ ਕਿੰਤੂ ਕਰਦਿਆਂ ਫੁਰਮਾਨ ਕੀਤਾ-

> ***ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ***
> ***ਜੋਗ ਜੁਗਤਿ ਇਵ ਪਾਈਐ॥*** ***ਪੰਨਾ - 730***

ਇਹੋ ਜਿਹੀ ਅਧੋਗਤੀ ਵਿਚ, ਹਿੰਦੂ ਸਮਾਜ ਵਿਚ ਜਾਤ ਪਾਤ, ਊਚ ਨੀਚ, ਛੂਤ-ਅਛੂਤ ਦੇ ਬਹੁਤ ਹੀ ਵਖੇਵੇਂ ਪਏ ਹੋਏ ਸਨ। ਲੋਕ ਵਾਹਿਗੁਰੂ ਜੀ ਦੀ ਰਜ਼ਾ ਵਿਚ ਰਹਿਣ ਦੀ ਥਾਂ ਜੋਗੀਆਂ ਦੇ ਕੋਲ ਜਾਂਦੇ, ਜਾਦੂ ਟੂਣਿਆਂ ਵਾਲਿਆਂ ਕੋਲ ਜਾ ਕੇ ਉਨ੍ਹਾਂ ਤੋਂ ਸ਼ਗਨ-ਅਪਸ਼ਗਨ ਪੁਛਦੇ ਅਤੇ ਟੂਣੇ-ਟਾਮਣ ਕਰਕੇ ਸੁਖ ਦੀ ਆਸ ਰਖਦੇ ਸਨ। ਇਉਂ ਪ੍ਰਤੀਤ ਦਿੰਦਾ ਸੀ ਜਿਵੇਂ ਹਿੰਦੂ ਸਮਾਜ ਦੇ ਵਿਸ਼ਾਲ ਸਰੀਰ ਵਿਚ ਬੇਅੰਤ ਬਿਮਾਰੀਆਂ ਪੈਦਾ ਹੋ ਗਈਆਂ ਹੋਣ ਅਤੇ ਇਸ ਸਰੀਰ ਦਾ ਲਹੂ ਰੁਕ-ਰੁਕ ਕੇ ਚਲ ਰਿਹਾ ਸੀ। ਇਕ ਤਰ੍ਹਾਂ ਨਾਲ ਇਹ ਸਮਾਜ ਜ਼ਮੀਨ ਉਤੇ ਲੰਮਾ ਹੀ ਪੈ ਗਿਆ ਸੀ ਕੋਈ ਸੰਘਰਸ਼ ਇਨ੍ਹਾਂ ਦੇ ਮਨ ਵਿਚ ਨਹੀਂ ਉਪਜਦਾ ਸੀ। ਸ੍ਵੈਮਾਨ ਪੂਰੀ ਤਰ੍ਹਾਂ ਨਾਲ ਖਤਮ ਹੋ ਚੁਕਿਆ ਸੀ। ਇਨ੍ਹਾਂ ਦੀ ਸਹਾਇਤਾ ਕਰਨ ਵਾਲਾ ਈਸ਼ਵਰ ਦੇਵੀ ਦੇਵਤਿਆਂ ਦੇ ਰੂਪ ਵਿਚ ਵੰਡਿਆ ਜਾ ਚੁਕਿਆ ਸੀ। ਇਨ੍ਹਾਂ ਨੇ ਉਨ੍ਹਾਂ ਦੇ ਬੁੱਤ ਬਣਾ ਕੇ ਉਸ ਤੋਂ ਹੀ ਆਪਣੀ ਕਲਿਆਣ ਦੀ ਮੰਗ ਕੀਤੀ। ਅਗਿਆਨ ਦਾ ਹਨ੍ਹੇਰਾ ਛਾ ਚੁਕਿਆ ਸੀ। ਇਸ ਦੇ ਮੁਕਾਬਲੇ ਤੇ ਇਸਲਾਮ ਕੇਵਲ ਇਕੋ ਇਕ ਪ੍ਰਮੇਸ਼ਰ ਨੂੰ ਮੰਨਦਾ ਸੀ ਉਹ ਦ੍ਰਿੜ ਵਿਸ਼ਵਾਸ਼ੀ ਸੀ। ਹਜ਼ਰਤ ਮੁਹੰਮਦ ਜੀ ਨੂੰ ਉਹ ਕੇਵਲ ਅੱਲਾਹ ਦਾ ਰਸੂਲ ਤੇ ਪੈਗੰਬਰ (ਪੈਗਾਮ ਦੇਣ ਵਾਲਾ) ਮੰਨਿਆ ਕਰਦੇ ਸਨ। ਉਨ੍ਹਾਂ ਦੇ ਧਾਰਮਿਕ ਨਿਸ਼ਚੇ ਮਜ਼ਬੂਤ ਪਾਏਦਾਨ ਸਨ। ਇਧਰ ਹਿੰਦੂਆਂ ਦੇ ਨਿਸ਼ਚੇ ਡਾਵਾਂਡੋਲ ਅਤੇ ਤਾਕਤ ਤੋਂ ਹੀਣੇ ਸਨ। ਇਸ ਸਮੇਂ ਵਿਚ ਇਸਲਾਮ ਦੇ ਨਿਸ਼ਚੇ ਅੱਲਾਹ ਨਾਲ ਪੂਰੀ ਤਰ੍ਹਾਂ ਜੁੜੇ ਹੋਣ ਕਰਕੇ ਸੂਫੀ ਮਤ ਵਿਚ ਅਨੇਕਾਂ ਹੀ ਪੀਰ ਸੰਸਾਰ ਮੰਚ ਉਪਰ ਪ੍ਰਗਟ ਹੋਏ ਜਿਨ੍ਹਾਂ ਦੀਆਂ ਕਥਾਵਾਂ ਅੱਜ ਵੀ ਸੁਭਾਵਿਕ ਹੀ ਖਿੱਚਾਂ ਪਾਉਂਦੀਆਂ ਹਨ। ਸ਼ੇਖ ਫਰੀਦ ਵਰਗੇ ਸੂਫੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ ਮਿਲ ਕੇ ਸਤਿਗੁਰੂ ਦੀ ਪਦਵੀ ਪ੍ਰਾਪਤ ਹੋ ਜਾਣੀ ਉਸ ਦਾ ਅੱਲਾਹ ਉਪਰ ਵਿਸ਼ਵਾਸ਼ ਸੀ। ਇਨ੍ਹਾਂ ਪੀਰਾਂ ਨੇ ਆਪਣੇ ਉਪਦੇਸ਼ਾਂ ਨਾਲ ਬਹੁਤ ਸਾਰੇ ਹਿੰਦੂਆਂ ਨੂੰ ਇਸਲਾਮ ਵਿਚ ਦਾਖਲ ਕੀਤਾ। ਇਤਿਹਾਸਕਾਰਾਂ ਨੇ ਹਿੰਦੂ ਸਮਾਜ ਦਾ ਨਕਸ਼ਾ ਖਿਚਦਿਆਂ ਅੰਕਿਤ ਕੀਤਾ ਕਿ ਹਿੰਦੂ ਸਮਾਜ ਪੂਰੀ ਤਰ੍ਹਾਂ ਨਾਲ ਢਹਿੰਦੀਆਂ ਕਲਾਂ ਵਿਚ ਗਰਕ ਹੋ ਚੁਕਿਆ ਸੀ ਅਤੇ ਨਾਲ ਇਹ ਵੀ ਦਸਿਆ ਕਿ ਇਹ ਪਤਨ ਮਹਾਰਾਜਾ ਹਰਸ਼ ਵਰਧਨ ਦੇ ਉਸ ਸਮੇਂ ਤੋਂ ਸ਼ੁਰੂ ਹੋਇਆ ਜਦੋਂ ਬ੍ਰਾਹਮਣਾਂ ਦੀ ਅਗਵਾਈ, ਕਰਮਕਾਂਡ ਛੂਤ ਛਾਤ ਦਾ ਪੂਰੀ ਤਰ੍ਹਾਂ ਬੋਲ ਬਾਲਾ ਹੋਇਆ ਸੀ। ਹਿੰਦੂ ਬ੍ਰਾਹਮਣ ਵਿਦਵਾਨਾਂ ਨੇ ਕਰਮਕਾਂਡਾਂ ਉਤੇ ਪੂਰਾ ਬਲ ਦਿਤਾ ਜਿਸਦੇ ਸਿੱਟੇ ਵਜੋਂ ਦੱਖਣ ਪ੍ਰਦੇਸ਼, ਪੂਰਬੀ ਭਾਰਤ ਅਤੇ ਸਮੁੱਚੇ ਦੇਸ਼ ਦੀ ਜਨਤਾ ਦੀ ਸ਼ਕਤੀ ਮਾਇਕ ਅਤੇ ਦਿਮਾਗੀ ਨਿਰਾਰਥਕ ਰਿਵਾਜਾਂ, ਵਹਿਮ ਪ੍ਰਸਤੀ ਤੇ ਖਰਚ ਹੋਣੀ ਸ਼ੁਰੂ ਹੋਈ। ਕਰਮ ਕਾਂਡ ਪ੍ਰਚਲਤ ਕਰਨ ਵਾਲੇ ਲੋਕਾਂ ਦਾ ਇਸ ਵਿਚ ਆਪਣਾ ਹਿਤ ਸੀ ਯਾਨਿ ਕਿ ਬ੍ਰਾਹਮਣ ਵਰਗ ਆਪਣੀ ਸਦਾ ਦੀ ਸਰਦਾਰੀ ਕਾਇਮ ਰਖਣੀ ਚਾਹੁੰਦਾ ਸੀ। ਅਜਿਹੇ ਸਮੇਂ ਸੁਭਾਵਿਕ ਹੀ ਲੋਕਾਂ ਵਿਚ ਸੋਚ ਸ਼ਕਤੀ ਮੱਧਮ ਪੈ ਗਈ, ਸਾਹਸਹੀਣੀ ਹੋ ਕੇ ਇਨ੍ਹਾਂ ਨੂੰ ਜੰਗਾਲ ਲਗਣਾ ਸ਼ੁਰੂ ਹੋ ਗਿਆ। ਚਿੰਤਨ ਸ਼ਕਤੀ ਵਿਚ ਰਹਿੰਦੀ ਖੂੰਹਦੀ ਕਸਰ ਸਮਾਜ ਦੇ ਕਰੜੇ ਨਿਯਮਾਂ ਨੇ ਪੂਰੀ ਕਰ ਦਿਤੀ ਅਤੇ ਇਥੋਂ ਤਕ ਕਿ ਖਾਣ-ਪੀਣ, ਪਹਿਨਣ, ਫਸਲਾਂ ਬੀਜਣ, ਫਸਲਾਂ ਕੱਟਣ, ਵਿਆਹ ਸ਼ਾਦੀਆਂ ਦੀਆਂ, ਥਿਤਾਂ, ਵਾਰਾਂ ਪੁਛਣ ਅਤੇ ਕੰਮ ਜੋਤਸ਼ੀਆਂ ਤੋਂ ਪੁੱਛ ਕੇ ਕਰਨ ਨੇ ਪੂਰੀ ਕਰ ਦਿਤੀ। ਉਚੀਆਂ-ਨੀਚੀਆਂ ਜਾਤਾਂ ਦੇ ਵਿਚ ਪੂਰੀ ਤਰ੍ਹਾਂ ਨਾਲ ਵਿਤਕਰਾ ਪੈ ਗਿਆ। ਦੇਸ਼ ਦੀ ਪ੍ਰਗਤੀ, ਦੇਸ਼ ਰੱਖਿਆ ਦੀ ਭਾਵਨਾ ਪੂਰੀ ਤਰ੍ਹਾਂ ਖਤਮ ਹੋ ਗਈ। ਵਿਆਹ ਕਰਨ ਲਈ ਜ਼ਰੂਰੀ ਜਾਣਿਆ ਗਿਆ ਕਿ

ਵਿਆਹ ਬਿਲਕੁਲ ਓਪਰੇ ਪਰਿਵਾਰ ਵਿਚ ਕੀਤਾ ਜਾਵੇ ਕਿਉਂਕਿ ਸਾਕ ਸਬੰਧ ਵਿਚ ਵਿਆਹ ਕਰਨ ਨਾਲੋਂ ਓਪਰੇ ਵਿਆਹ ਵਿਚ ਜ਼ਿਆਦਾ ਮਹੱਤਤਾ ਗਿਣੀ ਗਈ। ਪੁਰਸ਼ ਨੂੰ ਇਕ ਇਸਤ੍ਰੀ ਤੋਂ ਵੱਧ ਇਸਤ੍ਰੀਆਂ ਰੱਖਣ ਦੀ ਖੁਲ੍ਹ ਸੀ। ਆਮ ਹਾਲਤਾਂ ਵਿਚ ਕਈ-ਕਈ ਇਸਤ੍ਰੀਆਂ ਨਾਲ ਵਿਆਹ ਕਰਾ ਸਕਦਾ ਸੀ ਪਰ ਇਸਤ੍ਰੀ ਉਪਰ ਪੂਰੀ ਤਰ੍ਹਾਂ ਪਾਬੰਦੀ ਸੀ ਕਿ ਉਹ ਆਪਣੇ ਪਤੀ ਤੋਂ ਬਿਨ੍ਹਾਂ ਕਿਸੇ ਹੋਰ ਪੁਰਸ਼ ਦੀ ਪ੍ਰਸੰਸਾ ਵੀ ਨਹੀਂ ਕਰ ਸਕਦੀ। ਸਤੀ ਦਾ ਆਮ ਰਿਵਾਜ ਸੀ। ਜਦੋਂ ਪਤੀ ਮਰ ਜਾਂਦਾ ਸੀ ਤਾਂ ਇਸਤ੍ਰੀ ਨੂੰ ਸਤੀ ਹੋਣਾ ਪੈਂਦਾ ਸੀ। ਵਿਧਵਾ ਦੀ ਹਾਲਤ ਬਹੁਤ ਹੀ ਮੰਦੀ ਹੋਇਆ ਕਰਦੀ ਸੀ। ਉਹ ਸਾਰੀ ਜ਼ਿੰਦਗੀ ਦੁਖਾਂ ਵਿਚ ਪਈ ਹੋਈ ਲੰਘਾਉਂਦੀ ਸੀ। ਇਬਨ ਬਤੂਤਾ ਉਸ ਸਮੇਂ ਦੀ ਘਟਨਾ ਦਾ ਜ਼ਿਕਰ ਕਰਦੇ ਲਿਖਦਾ ਹੈ ਕਿ ਮੈਂ ਇਕ ਸਤੀ ਦੇਖੀ, ਤਿੰਨ ਦਿਨ ਉਸਦੀ ਖਾਤਰ ਹੋਈ। ਬੇਅੰਤ ਇਸਤ੍ਰੀਆਂ ਉਸ ਨੂੰ ਦੇਖਣ ਆਉਂਦੀਆਂ ਫਿਰ ਸਤੀ ਹੋਣ ਵਾਲੀ ਨੂੰ ਸਜਾ ਕੇ, ਸੁਗੰਧੀਆਂ ਲਗਾ ਕੇ, ਢੋਲ ਵਜਾਉਂਦਿਆਂ, ਚਿਖਾ ਵਲ ਲਿਜਾਂਦੇ ਅਤੇ ਅਗਿਆਨੀ ਲੋਕ ਉਸ ਨੂੰ ਸੁਨੇਹਾ ਦਿੰਦੇ ਕਿ ਤੂੰ ਦਰਗਾਹ ਵਿਚ ਜਾ ਕੇ ਮੇਰੇ ਮਾਤਾ, ਪਿਤਾ, ਭਰਾਤਾ, ਸਾਥੀਆਂ ਨੂੰ ਨਮਸਕਾਰ ਕਰੀਂ ਤੇ ਸੁਨੇਹਾ ਦੇਈਂ। ਉਹ ਕਹਿਣ ਲੱਗੀ, "ਹਾਂ, ਮੈਂ ਦੇ ਦੇਵਾਂਗੀ।" ਕਹਿਣ ਲੱਗਿਆ ਕਿ ਇਹ ਕਾਫਰਾਂ ਦਾ ਵਿਸ਼ਵਾਸ਼ ਦੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ। ਮੈਂ ਇਸ ਜਲੂਸ ਦੇ ਨਾਲ-ਨਾਲ ਗਿਆ ਜਦੋਂ ਮੈਂ ਚਬੂਤਰਿਆਂ ਕੋਲ ਆਇਆ ਤਾਂ ਤਿੰਨ ਇਸਤ੍ਰੀਆਂ ਘੋੜਿਆਂ ਤੋਂ ਉਤਰ ਕੇ ਇਕ ਪਾਣੀ ਦੇ ਕੁੰਡ ਵਿਚ ਕੁੱਦ ਗਈਆਂ ਤੇ ਉਨ੍ਹਾਂ ਨੇ ਆਪਣੇ ਕੱਪੜੇ ਤੇ ਗਹਿਣੇ ਉਤਾਰ ਕੇ ਦਾਨ ਵਿਚ ਦੇ ਦਿਤੇ ਫਿਰ ਹਰ ਇਕ ਨੇ ਇਕ ਮੋਟਾ ਅਣਸੀਤਾ ਕੱਪੜਾ ਆਪਣੇ ਲੱਕ ਦੁਆਲੇ ਲਪੇਟ ਲਿਆ। ਇੰਨੇ ਨੂੰ ਕੁੰਡ ਕੋਲ ਇਕ ਟੋਏ ਵਿਚ ਅੱਗ ਬਾਲੀ ਗਈ ਅਤੇ ਉਸ ਨੂੰ ਪ੍ਰਜੂਲਤ ਕਰਨ ਲਈ ਤਿਲਾਂ ਦਾ ਤੇਲ ਪਾਇਆ ਗਿਆ। 15 ਬੰਦੇ ਲੱਕੜਾਂ ਲਈਂ ਖੜ੍ਹੇ ਸਨ ਅਤੇ ਦਸ ਹੋਰ ਲੰਮੇ-ਲੰਮੇ ਬਾਂਸ ਲਈਂ ਖੜ੍ਹੇ ਸਨ ਉਨ੍ਹਾਂ ਇਸਤਰੀਆਂ ਨੇ ਅੱਗ ਨੂੰ ਨਮਸਕਾਰ ਕੀਤੀ। ਉਸ ਵੇਲੇ ਜ਼ੋਰ-ਜ਼ੋਰ ਦੀ ਆਵਾਜ਼ ਵਾਲੇ ਵਾਜੇ, ਢੋਲ ਵਜਾਏ ਗਏ ਅਤੇ ਬਲਦੀ ਅੱਗ ਵਿਚ ਉਨ੍ਹਾਂ ਨੇ ਛਾਲ ਮਾਰ ਦਿਤੀ ਅਤੇ ਉਸੇ ਸਮੇਂ ਲੱਕੜੀਆਂ ਦਾ ਭਾਰ ਉਨ੍ਹਾਂ ਉਪਰ ਸੁੱਟ ਦਿਤਾ ਗਿਆ ਤਾਂ ਦੂਜੇ ਪੁਰਸ਼ਾਂ ਨੇ ਉਨ੍ਹਾਂ ਨੂੰ ਬਾਂਸਾਂ ਨਾਲ ਦਬਾ ਦਿਤਾ ਤਾਂ ਕਿ ਉਹ ਹਿਲ ਨਾ ਸਕਣ। ਇਹ ਦ੍ਰਿਸ਼ ਦੇਖ ਕੇ ਮੈਂ ਘੋੜੇ ਉਤੋਂ ਡਿੱਗ ਪੈਣਾ ਸੀ ਜੇ ਮੇਰੇ ਸਾਥੀ ਮੇਰੇ ਉਤੇ ਪਾਣੀ ਨਾ ਛਿੜਕਦੇ ਜਿਸ ਨਾਲ ਮੇਰੀ ਹੋਸ਼ ਟਿਕਾਣੇ ਆਈ। ਇਸਤ੍ਰੀਆਂ ਦਾ ਇਸ ਤਰ੍ਹਾਂ ਅੱਗ ਵਿਚ ਜਲਣਾ ਉਨ੍ਹਾਂ ਦੇ ਤਪ ਦਾ ਕਾਰਨ ਬਣਦਾ ਸੀ ਅਤੇ ਪਤੀਵਰਤਾ ਧਰਮ ਦੀ ਸ਼ਲਾਘਾ ਕੀਤੀ ਜਾਂਦੀ ਸੀ।

ਇਸੇ ਤਰ੍ਹਾਂ ਜੌਹਰ ਦੀ ਰਸਮ ਸੀ ਜਿਸ ਵਿਚ ਬਹੁਤ ਵੱਡੀ ਅਗਨੀ ਪ੍ਰਜੂਲਤ ਕਰਕੇ ਇਸਤ੍ਰੀਆਂ ਛਾਲ ਮਾਰ ਕੇ ਮਰ ਜਾਇਆ ਕਰਦੀਆਂ ਸਨ। ਛੋਟੀ ਉਮਰ ਵਿਚ ਇਥੇ ਵਿਆਹ ਕਰ ਦਿਤਾ ਜਾਂਦਾ ਸੀ। ਮੰਦਰਾਂ ਵਿਚ ਬੇਅੰਤ ਧਨ ਚੜ੍ਹਾਇਆ ਜਾਂਦਾ ਸੀ। ਮਹਿਮੂਦ ਵਗੈਰਾ ਨੇ ਆਪਣੀਆਂ ਲੁੱਟਾਂ ਦੀਆਂ ਕੀਮਤਾਂ ਦਸਦੇ ਹੋਏ ਇਕ ਥਾਂ ਦੱਸਿਆ ਹੈ ਕਿ ਮੈਂ ਇਕ ਮੰਦਰ ਵਿਚੋਂ 70 ਹਜ਼ਾਰ ਮਣ ਸੋਨਾ ਚਾਂਦੀ ਲੁੱਟਿਆ। ਇਸ ਤਰ੍ਹਾਂ ਦੀ ਹਾਲਤ ਭਾਰਤ ਵਿਚ ਪਸਰ ਰਹੀ ਸੀ ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦਾ ਉਧਾਰ ਕਰਨ ਵਾਸਤੇ ਸੰਸਾਰ ਵਿਚ ਲੰਮੀਆਂ ਉਦਾਸੀਆਂ ਰਾਹੀਂ ਕੁਲ ਦੁਨੀਆਂ ਦਾ ਸਫਰ ਕੀਤਾ ਅਤੇ ਆਪਣੇ ਅਦ੍ਵੈਤ ਸਿਧਾਂਤ ਜਿਸ ਵਿਚ ਸਭ ਅੱਲਾਹ ਦਾ ਰੂਪ ਹੀ ਹੋਇਆ ਕਰਦੇ ਹਨ ਅਤੇ ਵਾਹਿਗੁਰੂ ਹੀ ਆਪਣੇ ਆਪ ਅਨੇਕ ਰੂਪਾਂ ਰੰਗਾਂ ਵਿਚ ਹੋ ਕੇ ਖੇਲ੍ਹਦਾ ਹੈ, ਦਾ ਉਪਦੇਸ਼ ਸੰਸਾਰ ਵਿਚ ਬੜੇ-ਬੜੇ ਮੱਠਾਂ, ਮੁਕਾਮਾਂ, ਤਕੀਆਂ, ਮਸਜਿਦਾਂ, ਮੰਦਰਾਂ ਆਦਿ ਵਿਚ ਫਿਰ ਕੇ ਦਿਤਾ। ਉਸ ਸਮੇਂ ਦੇ ਹਾਲਾਤ ਬਹੁਤ ਹੀ ਘਿਣਾਵਣੇ ਸਨ ਜਿਸ ਦਾ ਜ਼ਿਕਰ ਕਰਨਾ ਬਹੁਤ ਹੀ ਔਖਾ ਹੈ। ਲਾਲਾ ਦੌਲਤ ਰਾਏ ਜੀ ਦੀ ਲੇਖਨੀ ਅਨੁਸਾਰ ਹਜ਼ਾਰਾਂ ਹੀ ਇਸਤ੍ਰੀ ਪੁਰਸ਼ ਚੜ੍ਹਦੇ ਸੂਰਜ ਮਾਰੇ ਜਾਂਦੇ। ਲਹੂ ਦੀਆਂ ਨਦੀਆਂ ਵਗਾਈਆਂ ਜਾਂਦੀਆਂ ਬੇਅੰਤ ਪੁਰਸ਼ ਦਾਸ-ਦਾਸੀਆਂ ਬਣਾਏ ਜਾਂਦੇ ਸਨ। ਉਨ੍ਹਾਂ ਦੇ ਘਰ ਖੋਹ ਲਏ ਜਾਂਦੇ ਸਨ। ਇਥੋਂ ਤਕ ਭੈੜਾ ਸਮਾਂ ਆ ਗਿਆ ਕਿ ਉਨ੍ਹਾਂ ਨੂੰ ਆਪਣੀ ਸੁੰਦਰ ਧੀ, ਪੁਤਰ ਵੀ ਹਾਕਮਾਂ ਨੂੰ ਭੇਟ ਕਰਨੀ ਪੈਂਦੀ ਸੀ। ਹਿੰਦੂਆਂ ਨੂੰ ਘੋੜੇ ਉਪਰ ਚੜ੍ਹਨਾ ਮਨ੍ਹਾ ਸੀ। ਉਹ ਚਿੱਟੀ ਪਗੜੀ ਨਹੀਂ ਬੰਨ੍ਹ ਸਕਦੇ ਸੀ ਲਾਲ ਪਗੜੀ ਹੀ ਬੰਨ੍ਹਣੀ ਪੈਂਦੀ ਸੀ। ਜੇ ਹਿੰਦੂਆਂ ਦਾ ਬਾਗ, ਘਰ, ਸਾਮਾਨ ਮਨ ਭਾਉਂਦਾ ਦੇਖਦੇ ਤਾਂ ਖੋਹ ਲਿਆ ਜਾਂਦਾ ਸੀ। ਸੁੰਦਰ ਬਹੂ ਬੇਟੀਆਂ ਨੂੰ ਖੋਹ ਕੇ ਵਿਆਹ ਕਰ ਲਿਆ ਜਾਂਦਾ, ਹਿੰਦੂ ਸਮਾਜ ਦੀ ਕੋਈ ਚੰਗੀ ਪੁਸਤਕ ਦੇਖਦੇ ਤਾਂ ਸੜਵਾ ਦਿਤੀ ਜਾਂਦੀ ਸੀ। ਮੰਦਰ ਤੇ ਸ਼ਿਵਾਲੇ ਮਸਜਿਦਾਂ ਦੇ ਰੂਪ ਵਿਚ ਬਦਲ ਰਹੇ ਸਨ। ਹਿੰਦੂਆਂ ਨੂੰ ਮੌਤ ਦੰਡ ਆਮ ਦਿਤੇ ਜਾਂਦੇ ਅਤੇ ਕਿਹਾ ਜਾਂਦਾ ਕਿ ਜਾਂ ਇਸਲਾਮ ਧਾਰਨ ਕਰੋ ਜਾਂ ਮੌਤ ਦਾ ਦੰਡ ਸਹੋ। ਜੇਕਰ ਹਿੰਦੂਆਂ ਵਿਚ ਕੋਈ ਚੰਗਾ ਹਕੀਮ ਹੁੰਦਾ ਤਾਂ ਉਸਨੂੰ ਇਸਲਾਮ ਵਿਚ ਦਾਖਲ ਕੀਤਾ ਜਾਂਦਾ। ਇਕ ਬ੍ਰਾਹਮਣ ਬੜਾ ਵਿਦਵਾਨ ਸੀ ਤੇ ਸ਼ਤਰੰਜ ਦਾ ਮਾਹਰ ਸੀ। ਨਵਾਬ ਸ਼ਤਰੰਜ ਵਿਚ ਹਾਰ ਗਿਆ ਉਸੇ ਵੇਲੇ ਹੁਕਮ ਹੋ ਗਿਆ ਕਿ ਇਸ ਬ੍ਰਾਹਮਣ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਹਿੰਦੂਆਂ ਤੇ ਮੁਸਲਮਾਨਾਂ ਦੇ ਪਹਿਲਵਾਨਾਂ ਵਿਚੋਂ ਜੇ ਹਿੰਦੂ ਜਿਤ ਜਾਂਦਾ ਤਾਂ ਵੀ ਉਸ ਨੂੰ ਇਸਲਾਮ ਵਿਚ ਲਿਆਂਦਾ ਜਾਂਦਾ ਸੀ। ਹਿੰਦੂਆਂ ਉਪਰ ਜੇਜ਼ੀਆ ਆਮ ਲੱਗਿਆ ਕਰਦਾ ਸੀ।

***'ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ' ਪੰਨਾ 31 ਵਿਚੋਂ)***

ਅਜਿਹੀ ਹਾਲਤ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਸਤਿ ਦਾ ਪ੍ਰਕਾਸ਼ ਸੰਸਾਰ ਵਿਚ ਕਰਕੇ ਹਨ੍ਹੇਰਾ ਦੂਰ ਕੀਤਾ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਅਨੇਕਾਂ ਕਸ਼ਟ ਆਪਣੇ ਸਰੀਰ ਉਪਰ ਸਹਿ ਕੇ ਸਿਰਮੌਰ ਸ਼ਹੀਦੀ ਦੇ ਕੇ ਜ਼ੁਲਮ ਅੱਗੇ ਅਝੱਕ ਰਹਿਣ ਦਾ ਉਤਸ਼ਾਹ ਪ੍ਰਗਟਾਇਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਨਵੀ ਸੁਤੰਤਰਤਾ ਅਤੇ ਤਿਲਕ ਜੰਞੂ ਦੀ ਰਾਖੀ ਵਾਸਤੇ ਆਪਣਾ ਬਲਿਦਾਨ ਦਿੱਲੀ ਵਿਚ ਦਿਤਾ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਸੱਤ ਅੱਠ ਸੌ ਸਾਲ ਤੋਂ

ਨਿਘਰਦੀ ਹਾਲਤ ਨੂੰ ਦੇਖ ਕੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਅਤੇ ਮਨੁੱਖਾਂ ਵਿਚ ਪਏ ਹੋਏ ਅਨੇਕ ਔਗੁਣਾਂ ਨੂੰ ਦੂਰ ਕਰਨ ਲਈ ਅਨੇਕਾਂ ਜਤਨ ਕੀਤੇ। ਕਈ ਜੁੱਧ ਅਨੁਆਈ ਰਾਜਿਆਂ ਦੇ ਨਾਲ ਲੜਨੇ ਪਏ ਪਰ ਸਦਾ ਹੀ ਸਤਿ ਦੀ ਜਿੱਤ ਹੋਈ ਅਤੇ ਉਨ੍ਹਾਂ ਦੀ ਹਾਰ ਹੁੰਦੀ ਰਹੀ। ਇਸ ਸਮੇਂ ਲੋੜ ਸੀ ਇਕ ਅਜਿਹਾ ਸੰਗਠਨ ਸਦੀਵੀ ਰਹਿਣ ਵਾਲਾ ਕਾਇਮ ਕੀਤਾ ਜਾਵੇ ਜਿਸ ਵਿਚ ਸੰਤਾਂ ਦੇ ਪੂਰੇ ਗੁਣ ਹੋਣ, ਜਿਸ ਦੀ ਦ੍ਰਿਸ਼ਟੀ ਵਿਚ, ਸਾਰੇ ਪਸਾਰੇ ਵਿਚ ਇਕੋ ਵਾਹਿਗੁਰੂ ਦੀ ਜੋਤ ਪਸਰੀ ਹੋਈ ਦ੍ਰਿਸ਼ਟਮਾਨ ਹੋਵੇ ਅਤੇ ਉਹ ਸਾਰੇ ਸੰਸਾਰ ਦੇ ਦੁਖਾਂ ਨੂੰ ਦੂਰ ਕਰਨ ਦੀ ਲੋਚਾ ਰਖਦਾ ਹੋਵੇ ਅਤੇ ਉਸ ਦਾ ਨਿਸ਼ਚਾ ਹੋਵੇ-

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਪੰਨਾ-272*

ਆਤਮ ਰਸ ਦਾ ਪੂਰੀ ਤਰ੍ਹਾਂ ਨਾਲ ਜਾਣੂੰ ਹੋਵੇ ਅਤੇ ਜਾਗ੍ਰਤ ਜੋਤ ਦਾ ਪੁਜਾਰੀ ਹੋ ਕੇ ਸਾਰੇ ਕਰਮਾਂ ਕਾਂਡਾਂ, ਵਹਿਮਾਂ, ਤੀਰਥਾਂ, ਬਰਤਾਂ, ਮੜ੍ਹੀਆਂ, ਮਸਾਣੀਆਂ ਦੇ ਅਸਰਾਂ ਤੋਂ ਪੂਰੀ ਤਰ੍ਹਾਂ ਨਿਰਲੇਪ ਹੋਵੇ ਅਤੇ ਸਾਰੇ ਵਿਸ਼ਵ ਵਿਚ ਇਕੋ ਪਸਰੀ ਹੋਈ ਜੋਤ ਦਾ ਪੁਜਾਰੀ ਹੋਵੇ ਜਿਵੇਂ ਕਿ -

*ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ।*
*ਨਾ ਘਾਟ ਹੈ ਨਾ ਬਾਢ ਹੈ ਨਾ ਬਾਢ ਘਾਟ ਹੋਤ ਹੈ।*
*ਅਕਾਲ ਉਸਤਤਿ*

ਸੰਸਾਰ ਵਿਚ ਇਕ ਅਜਿਹਾ ਆਦਰਸ਼ ਲਿਆਂਦਾ ਜਾਵੇ ਜੋ ਹਰ ਪ੍ਰਾਣੀ ਵਿਚ ਰੂਪਮਾਨ ਹੋ ਕੇ ਇਸ ਸੰਸਾਰ ਵਿਚ ਸੁੱਖ ਅਤੇ ਗਿਆਨ ਦਾ ਪ੍ਰਕਾਸ਼ ਕਰਦਾ ਰਹੇ ਅਤੇ ਜੀਵਨ ਵਿਚ ਦਇਆ, ਖਿਮਾ, ਧੀਰਜ, ਅਹਿੰਸਾ, ਸੰਤੋਖ, ਸੌਚ, ਸ਼ੀਲ, ਸੇਵਾ, ਦਾਨ ਅਤੇ ਮਿੱਠ ਬੋਲਾ ਦੂਰਦਰਸ਼ੀ ਅਤੇ ਸਰਬ ਸਾਂਝ ਰੱਖਣ ਵਾਲਾ, ਅਨਿਆਂ ਨੂੰ ਦੂਰ ਕਰਾਉਣ ਦੀ ਸਮਰੱਥਾ ਵਾਲਾ, ਵੰਡ ਕੇ ਖਾਣ ਵਾਲਾ, ਧਰਮ ਦੀ ਕਮਾਈ ਕਰਨ ਵਾਲਾ ਅਤੇ ਸਦਾ ਹੀ ਪ੍ਰਮੇਸ਼ਰ ਦੀ ਯਾਦ ਵਿਚ ਪਰੋਤਾ ਸੰਸਾਰ ਵਿਚ ਵਿਚਰਨ ਵਾਲਾ ਹੋਵੇ ਜਿਸ ਦੀ ਵਰਤੋਂ ਸੰਸਾਰ ਵਿਚ ਬੈਰਾਗ ਵਾਲੀ ਹੋਵੇ ਅਤੇ ਮੁਖ ਕਰਮ ਪ੍ਰਭੂ ਦੀ ਪਿਆਰ ਭਰੀ ਭਗਤੀ ਵਾਲਾ ਹੋਵੇ ਅਤੇ ਨਿਸ਼ਚਾ ਪੂਰਨ ਗਿਆਨ ਵਾਲਾ ਹੋਵੇ ਅਤੇ ਅਜਿਹਾ ਆਦਰਸ਼ ਨਾ ਕਿਸੇ ਨੂੰ ਦੁਖ ਦੇਵੇ ਅਤੇ ਨਾ ਹੀ ਕਿਸੇ ਨੂੰ ਦੁਖ ਦੇਣ ਦੇਵੇ, ਭੈ ਤੋਂ ਪੂਰੀ ਤਰ੍ਹਾਂ ਰਹਿਤ ਹੋਵੇ, ਆਪਣੇ ਸ਼ੁਭ ਕਰਤਵ ਦੀ ਪਾਲਣਾ ਕਰਦਿਆਂ ਹੋਇਆਂ ਨਾ ਹੀ ਕਿਸੇ ਤੋਂ ਡਰਦਾ ਹੋਵੇ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੋਵੇ, ਜਿਸ ਦੇ ਨੇਤਰਾਂ ਵਿਚ ਅਗਿਆਨ ਦੇ ਹਨ੍ਹੇਰੇ ਦਾ ਨਾਸ਼ ਹੋ ਚੁਕਿਆ ਹੋਵੇ ਅਤੇ ਸਾਰੇ ਸੰਸਾਰ ਨੂੰ ਪ੍ਰਭੂ ਰੂਪ ਕਰਕੇ ਵੇਖਣ ਵਾਲਾ ਹੋਵੇ, ਸਰੀਰਕ ਤੰਦਰੁਸਤੀ ਵਿਚ ਪੂਰਨ ਹੋਵੇ, ਉਦਾਸ ਹੋ ਕੇ ਦੁਨੀਆਂ ਨੂੰ ਪਿੱਠ ਦੇਣ ਵਾਲਾ ਨਾ ਹੋਵੇ, ਦੁਖਾਂ-ਸੁਖਾਂ ਨੂੰ ਪ੍ਰਭੂ ਦਾ ਭਾਣਾ ਮੰਨ ਕੇ ਪ੍ਰਸੰਨਤਾ ਸਹਿਤ ਸਹਿਣ ਵਾਲਾ ਹੋਵੇ, ਜਨਤਾ ਦੇ ਦੁਖ ਦੂਰ ਕਰਨ ਲਈ ਸਦਾ ਹੀ ਤਤਪਰ ਹੋਵੇ, ਸਮਾਜ ਦੀਆਂ ਬੁਰਿਆਈਆਂ ਨੂੰ ਦੂਰ ਕਰਨ ਲਈ ਸਦਾ ਹੀ ਯਤਨਸ਼ੀਲ ਹੋਵੇ, ਸਾਰੇ ਸੰਸਾਰ ਦੇ ਧਾਰਮਿਕ ਨਿਸ਼ਚਿਆਂ ਦਾ ਸਤਿਕਾਰ ਕਰਨ ਵਾਲਾ ਹੋਵੇ, ਅਜਿਹਾ ਖਾਲਸਾ ਪੁਰਸ਼ ਸੰਸਾਰ ਵਿਚ ਪ੍ਰਗਟ ਕਰਨਾ ਬਹੁਤ ਹੀ ਜ਼ਰੂਰੀ ਸਮਝਿਆ ਗਿਆ। ਇਸ ਆਸ਼ੇ ਨੂੰ ਮੁੱਖ ਰੱਖ ਕੇ 1699 ਦੀ ਵਿਸਾਖੀ ਵਾਲਾ ਦਿਨ ਚੁਣਿਆ ਗਿਆ। ਇਹ ਵਿਸਾਖੀ ਦਾ ਦਿਨ ਸਿੱਖ ਇਤਿਹਾਸ ਵਿਚ ਬੜੀ ਮਹੱਤਤਾ ਰਖਦਾ ਹੈ। ਵਿਸਾਖੀ ਵਾਲੇ ਦਿਨ ਹੀ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦੇ ਉਧਾਰ ਲਈ ਆਪਣੀ ਯਾਤਰਾ ਸ਼ੁਰੂ ਕੀਤੀ। ਪਹਿਲੀ ਵਿਸਾਖੀ ਨੂੰ ਹੀ ਗੋਇੰਦਵਾਲ ਸਾਹਿਬ ਬਉਲੀ ਦਾ ਕੜ ਟੁੱਟਿਆ ਸੀ ਅਤੇ ਜਲ ਬਉਲੀ ਵਿਚ ਭਰਿਆ ਸੀ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੋਤੀ ਜੋਤ ਸਮਾਏ ਸਨ, ਵਿਸਾਖੀ ਵਾਲੇ ਦਿਨ ਨੂੰ ਹੀ ਗੁਰੂ ਦਸ਼ਮੇਸ਼ ਪਿਤਾ ਨੇ ਸੁਪਰ ਮਨੁੱਖ (ਖਾਲਸਾ) ਦੀ ਹੋਂਦ ਕਾਇਮ ਕਰਨ ਲਈ ਚੁਣਿਆ। ਉਸ ਦਿਨ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਮਹਾਰਾਜ ਜੀ ਨੇ ਲਿਸ਼ਕਾਰੇ ਮਾਰਦੀ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਉਚੀ ਅਵਾਜ਼ ਵਿਚ ਫੁਰਮਾਨ ਕੀਤਾ ਕਿ 'ਭਾਰਤ ਦੀ ਅਜ਼ਾਦੀ ਦੇ ਯੱਗ ਵਿਚ ਬਲੀ ਦੇਣ ਲਈ ਮੈਨੂੰ ਆਪਣੇ ਮਹਾਨ ਪਿਆਰੇ ਸਿੱਖ ਦੇ ਸੀਸ ਦੀ ਲੋੜ ਹੈ। ਉਹ ਮੇਰੇ ਪਾਸ ਆਵੇ ਅਤੇ ਆਪਣਾ ਸੀਸ ਅਰਪਣ ਕਰੇ। ਭਾਈ ਦਇਆ ਰਾਮ ਜੀ ਲਹੌਰ ਵਾਸੀ ਜੋ ਸਦਾ ਹੀ ਗੁਰੂ ਦਸ਼ਮੇਸ਼ ਜੀ ਦੇ ਪ੍ਰੇਮ ਵਿਚ ਲੀਨ ਰਹਿੰਦੇ ਸਨ, ਆਪਣਾ ਸੀਸ ਅਰਪਣ ਲਈ ਗੁਰੂ ਮਹਾਰਾਜ ਦੀ ਦੇ ਚਰਨਾਂ ਵਿਚ ਹਾਜ਼ਰ ਹੋਏ। ਬੇਨਤੀ ਕੀਤੀ ਕਿ ਪਾਤਸ਼ਾਹ! ਮੇਰੇ ਵਿਚ ਤਾਂ ਕੁਝ ਵੀ ਨਹੀਂ, ਇਹ ਮੇਰਾ ਸਰੀਰ, ਮੇਰਾ ਮਨ, ਮੇਰੀ ਬੁੱਧੀ, ਮੇਰੀ ਹੰਗਤਾ ਕੇਵਲ ਕਹਿਣ ਮਾਤਰ ਹੀ ਹਨ ਪਰ ਇਹ ਸਾਰੀਆਂ ਤੇਰੇ ਚਰਨਾਂ ਵਿਚ ਪਹਿਲਾਂ ਤੋਂ ਹੀ ਭੇਟ ਕਰਕੇ ਮੈਂ ਆਪਣੀ ਹੋਂਦ ਤੁਹਾਡੀ ਹੋਂਦ ਵਿਚ ਰਲਾਈ ਹੋਈ ਹੈ। ਸੋ ਇਹ ਆਪ ਆਪਣੀ ਅਮਾਨਤ ਸਮਝ ਕੇ ਜਿਵੇਂ ਆਪ ਦਾ ਭਾਣਾ ਹੈ ਵਰਤੋਂ ਕਰੋ।

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥*
*ਪੰਨਾ - 1375*

ਗੁਰੂ ਮਹਾਰਾਜ ਜੀ ਨੇ ਉਸਦੀ ਬਾਂਹ ਫੜੀ ਅਤੇ ਸੀਸ ਤਨ ਤੋਂ ਜੁਦਾ ਕਰ ਦਿਤਾ। ਇਕ ਸੀਸ ਦੀ ਹੋਰ ਮੰਗ ਕੀਤੀ ਗਈ ਫੇਰ ਕੜਕਵੀਂ ਆਵਾਜ਼ ਵਿਚ ਫੁਰਮਾਨ ਕੀਤਾ ਕਿ ਇਕ ਹੋਰ ਸੀਸ ਦੀ ਸਾਨੂੰ ਲੋੜ ਹੈ। ਭਾਈ ਧਰਮ ਚੰਦ ਦਿੱਲੀ ਦਾ ਵਾਸੀ, ਆ ਹਾਜ਼ਰ ਹੋਇਆ ਅਤੇ ਫੁਰਮਾਨ ਕੀਤਾ ਸਾਹਿਬ ਜੀ!

*ਕਬੀਰ ਮੁਹਿ ਮਰਨੈ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥*
*ਪੰਨਾ - 1367*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਪੰਨਾ- 827*

ਤੁਸੀਂ ਆਪਣੀ ਅਮਾਨਤ ਅੰਗੀਕਾਰ ਕਰੋ। ਤੀਜੀ ਮੰਗ ਉਪਰ ਹਿੰਮਤ ਚੰਦ, ਚੌਥੀ ਮੰਗ ਤੇ ਮੋਹਕਮ ਚੰਦ, ਪੰਜਵੀਂ ਤੇ ਸਾਹਿਬ ਚੰਦ ਹਾਜ਼ਰ ਹੋਏ। ਪੰਜ ਸੀਸ ਪ੍ਰਵਾਨ ਕਰਨ

ਮਗਰੋਂ ਆਪ ਨੇ ਛੇਵੇਂ ਦੀ ਮੰਗ ਨਹੀਂ ਕੀਤੀ। ਆਪ ਬਹੁਤ ਹੀ ਪ੍ਰਸੰਨ ਹੋਏ ਅਤੇ ਆਪ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਫੁਰਮਾਨ ਕੀਤਾ ਕਿ ਗੁਰੂ ਨਾਨਕ ਪਾਤਸ਼ਾਹ ਸਮੇਂ ਸਿੱਖੀ ਦੇ ਇਮਤਿਹਾਨ ਵਿਚੋਂ ਕੇਵਲ ਭਾਈ ਲਹਿਣਾ ਪ੍ਰਵਾਨ ਹੋ ਕੇ ਗੁਰੂ ਅੰਗਦ ਦੇ ਰੂਪ ਵਿਚ ਪ੍ਰਗਟ ਹੋਏ, ਇਸ ਸਮੇਂ ਮਹਾਨ ਭਿਆਨਕ ਕਸਵੱਟੀ ਵਿਚ ਪੰਜ ਪਿਆਰੇ ਸਿੱਖ ਪ੍ਰਵਾਨ ਹੋਏ। ਇਸ ਘਟਨਾ ਬਾਰੇ ਇਤਿਹਾਸਾਂ ਵਿਚ ਵੱਖਰੇ-ਵੱਖਰੇ ਮਤ ਹਨ। ਅਸੀਂ ਜਿਸ ਮਤ ਨਾਲ ਸਹਿਮਤੀ ਰਖਦੇ ਹਾਂ ਉਹ ਇਹ ਹੈ ਕਿ ਗੁਰੂ ਮਹਾਰਾਜ ਜੀ ਨੇ ਪਰਤੱਖ ਰੂਪ ਵਿਚ ਸੀਸ ਉਤਾਰ ਕੇ ਫਿਰ ਪੰਜਾਂ ਨੂੰ ਜਿਉਂਦੇ ਕਰ ਦਿਤਾ। ਗੁਰੂ ਤੇ ਵਾਹਿਗੁਰੂ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਸਿੱਖ ਇਤਿਹਾਸ ਵਿਚ ਬੇਅੰਤ ਐਸੀਆਂ ਘਟਨਾਵਾਂ ਹਨ ਜਿਥੇ ਮੁਰਦੇ ਜਿਉਂਦੇ ਕੀਤੇ ਗਏ ਜਿਵੇਂ ਕਿ ਬਾਬਾ ਅਟੱਲ ਜੀ, ਬਾਬਾ ਗੁਰਦਿਤਾ ਜੀ, ਭਾਈ ਜੀਵਨ ਜੀ ਆਦਿ ਅਨੇਕਾਂ ਨੇ ਮਰੇ ਹੋਏ ਨੂੰ ਜਿਉਂਦਾ ਕੀਤਾ। ਪਿਛਲੇ ਸਾਲ ਦੇ ਵਿਸਾਖੀ ਅੰਕ ਵਿਚ ਬਹੁਤ ਹੀ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ, ਜਗਿਆਸੂ ਜਨ ਉਹ ਮੈਗਜ਼ੀਨ ਲੈ ਕੇ ਪੜ੍ਹ ਸਕਦੇ ਹਨ ਅਤੇ ਆਪਣਾ ਸ਼ੰਕਾ ਦੂਰ ਕਰ ਸਕਦੇ ਹਨ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਨ੍ਹਾਂ ਗੁਰਸਿੱਖਾਂ ਦੇ ਸੀਸ ਆਪਣੇ ਦਸਤੇ ਮੁਬਾਰਕ ਨਾਲ ਧੜਾਂ ਨਾਲ ਜੋੜੇ ਅਤੇ ਉਹ ਸਿੱਖ ਆਦੇਸ਼ ਸੁਣਦੇ ਹੀ ਉਠ ਕੇ ਖੜ੍ਹੇ ਹੋ ਗਏ ਅਤੇ ਗੁਰੂ ਚਰਨਾਂ ਤੇ ਨਮਸ਼ਕਾਰਾਂ ਕੀਤੀਆਂ। ਗੁਰੂ ਮਹਾਰਾਜ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਆਪਣੇ ਹਸਤ ਕਮਲਾਂ ਰਾਹੀਂ ਆਪ ਛਕਾਇਆ, ਮੂਲਮੰਤ੍ਰ ਤੇ ਗੁਰਮੰਤ੍ਰ ਦੀ ਦਾਤ ਬਖਸ਼ੀ, ਦਸਮ ਦੁਆਰ ਤੀਕਰ ਸ਼ਬਦ ਸੁਰਤ ਮਾਰਗ ਰਾਹੀਂ ਪੁਜਣ ਦੇ ਅੰਦਰਲੇ ਸਾਰੇ ਭੇਤ, ਬ੍ਰਹਮਗਿਆਨ ਦੇ ਭੰਡਾਰੇ ਬਖਸ਼ ਕੇ ਮਨੁੱਖ ਤੋਂ ਪ੍ਰਭੂ ਹੀ ਬਣਾ ਦਿਤੇ ਜਿਵੇਂ ਕਿ ਫੁਰਮਾਨ ਹੈ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਪੰਨਾ - 273*

*ਹਰਿ ਹਰਿਜਨ ਦੁਈ ਏਕ ਹੈ,*
*ਬਿਬ ਬਿਚਾਰ ਕਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ,*
*ਜਲ ਹੀ ਬਿਖੈ ਸਮਾਹਿ॥* *ਬਚਿਤ੍ਰ ਨਾਟਕ*
*ਸੰਤ ਅਨੰਤਹਿ ਅੰਤਰੁ ਨਾਹੀ।।* *ਪੰਨਾ - 486*

ਸੋ ਗੁਰੂ ਮਹਾਰਾਜ ਜੀ ਨੇ ਭਾਈ ਦਇਆ ਚੰਦ ਲਾਹੌਰ ਦੇ ਖਤ੍ਰੀ ਨੂੰ ਭਾਈ ਦਇਆ ਸਿੰਘ ਬਣਾਇਆ ਅਤੇ ਧਰਮ ਚੰਦ, ਦਿੱਲੀ ਜੋ ਜਾਤ ਦੇ ਜੱਟ ਸਨ, ਨੂੰ ਭਾਈ ਧਰਮ ਸਿੰਘ ਬਣਾਇਆ; ਹਿੰਮਤ ਚੰਦ, ਜਗਨਨਾਥ ਪੁਰੀ ਜੋ ਇਕ ਹਜ਼ਾਰ ਮੀਲ ਉੜੀਸਾ ਤੋਂ ਚੱਲ ਕੇ ਆਏ ਸਨ ਨੂੰ ਭਾਈ ਹਿੰਮਤ ਸਿੰਘ ਜੀ; ਭਾਈ ਮੋਹਕਮ ਚੰਦ ਗੁਜਰਾਤ ਕਾਠੀਆਵਾੜ ਜੋ 1100 ਮੀਲ ਤੋਂ ਚਲ ਕੇ ਆਏ ਸਨ ਨੂੰ ਭਾਈ ਮੋਹਕਮ ਸਿੰਘ ਜੀ ਅਤੇ ਸਾਹਿਬ ਚੰਦ ਮੈਸੂਰ ਜੋ 1000 ਮੀਲ ਦਾ ਪੈਂਡਾ ਕੱਟ ਕੇ ਆਏ ਸਨ, ਨੂੰ ਭਾਈ ਸਾਹਿਬ ਸਿੰਘ ਬਣਾ ਦਿਤਾ ਅਤੇ ਆਪਣੇ ਵਿਚ ਅਭੇਦ ਕਰਕੇ ਫੁਰਮਾਨ ਕੀਤਾ ਕਿ ਮੇਰੇ ਖਾਲਸੇ ਨੂੰ ਮੇਰਾ ਹੀ ਰੂਪ ਜਾਣਨਾ, ਇਹ ਪੰਜੇ ਮੇਰਾ ਹੀ ਰੂਪ ਹਨ ਅਤੇ ਫੁਰਮਾਨ ਕੀਤਾ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥* *ਸਰਬ ਲੋਹ ਗ੍ਰੰਥ*

ਉਸ ਤੋਂ ਪਿਛੋਂ ਆਪ ਜੀ ਨੇ ਅੰਮ੍ਰਿਤ ਦੀ ਦਾਤ ਮੰਗੀ ਅਤੇ ਆਪ ਗੋਬਿੰਦ ਰਾਏ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋਏ। ਇਸ ਭੇਤ ਨੂੰ ਗੁਰੂ ਮਹਾਰਾਜ ਜੀ ਆਪ ਹੀ ਜਾਣਦੇ ਹਨ ਕਿ ਉਨ੍ਹਾਂ ਨੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਆਪ ਅੰਮ੍ਰਿਤ ਕਿਉਂ ਛਕਿਆ। ਅਸੀਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਕਹਿ ਸਕਦੇ। ਆਪ ਸਮਰੱਥ ਸਨ ਅਤੇ ਇਸ ਬਚਿਤ੍ਰ ਨਾਟਕ ਦੇ ਨਾਟ ਦੇ ਆਪ ਹੀ ਪਾਤਰ ਸਨ। ਉਸ ਸਮੇਂ ਦੇ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਐਉਂ ਲਿਖਿਆ-

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।*
*ਭਾਈ ਗੁਰਦਾਸ ਜੀ, ਵਾਰ 41/1*

ਉਸ ਤੋਂ ਬਾਦ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਤੁਸੀਂ ਅੱਜ ਤੋਂ ਖਾਲਸਾ ਰੂਪ ਹੋ ਕੇ ਮੇਰੇ ਰੂਪ ਵਿਚ ਅਭੇਦ ਹੋ ਗਏ ਹੋ, ਮੈਂ ਤੁਹਾਡੇ ਵਿਚ ਹਾਂ ਅਤੇ ਤੁਸੀਂ ਮੇਰੇ ਵਿਚ ਹੋਂ। ਉਸ ਵੇਲੇ ਬਾਣੀ ਪੜ੍ਹਨ, ਰਹਿਤ-ਬਹਿਤ ਦੀ ਸਿਖਿਆ ਦੇ ਕੇ-

*ਰਹਿਤ ਪਿਆਰੀ ਮੁਝ ਕਉ, ਸਿਖ ਪਿਆਰਾ ਨਾਹਿ।*
*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਅਤੇ ਫੇਰ ਕਿਹਾ

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹੁ ਠਾਕੁਰੁ ਮੈ ਉਸ ਕਾ ਚੇਰਾ।*
*ਰਹਿਤ ਬਿਨਾਂ ਨਹਿ ਸਿਖ ਕਹਾਵੈ।*
*ਰਹਿਤ ਬਿਨਾਂ ਦਰ ਚੋਟਾਂ ਖਾਵੈ।*
*ਰਹਿਤ ਬਿਨ ਸੁਖ ਕਬਹੁੰ ਨ ਲਹੇ।*
*ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ।*
*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਮੈਂ ਖਾਲਸਾ ਆਦਰਸ਼ ਨੂੰ ਸੰਸਾਰ ਵਿਚ ਪ੍ਰਵਿਰਤ ਕਰਨ ਵਾਸਤੇ ਹੀ ਆਪਣੀ ਮਹਾਨ ਸੁਖ ਭਰੀ ਲੀਨਤਾ ਦੀ ਅਵਸਥਾ ਵਿਚੋਂ ਦੇਹਧਾਰੀ ਹੋ ਕੇ ਸੰਸਾਰ ਵਿਚ ਵਿਚਰਨ ਆਇਆ ਸਾਂ। ਅਜ ਇਸ ਆਦਰਸ਼ ਨੂੰ ਸਾਰੇ ਸੰਸਾਰ ਦੇ ਸੁਖਾਂ ਲਈ ਅਤੇ ਪੂਰਨ ਗਿਆਨ ਦੀ ਦਾਤ ਵੰਡਣ ਲਈ ਤੁਹਾਨੂੰ ਮੈਂ ਆਪਣਾ ਰੂਪ ਬਣਾਇਆ ਹੈ। ਤੁਸੀਂ ਪੂਰਨ ਸਤਿਗੁਰੂ ਦਾ ਕੰਮ, ਨਾਮ ਦੀ ਅਤੇ ਗਿਆਨ ਦੀ ਦਾਤ ਦੇਣ ਦੀ ਸਮਰੱਥਾ ਰਖਦੇ ਹੋਂ ਅਤੇ ਫੁਰਮਾਨ ਕੀਤਾ -

*ਖ਼ਾਲਸਾ ਮੇਰੋ ਸ੍ਵਜਨ ਪ੍ਵਾਰਾ॥*
*ਖ਼ਾਲਸਾ ਮੇਰੋ ਕਰਤ ਉਧਾਰਾ॥*
*ਖ਼ਾਲਸਾ ਮੇਰੋ ਪਿੰਡ ਪਰਾਨ॥*
*ਖ਼ਾਲਸਾ ਮੇਰੀ ਜਾਨ ਕੀ ਜਾਨ॥*
*ਮਾਨ ਮਹਤ ਮੇਰੀ ਖ਼ਾਲਸਾ ਸਹੀ॥*
*ਖ਼ਾਲਸਾ ਮੇਰੋ ਸ੍ਵਾਰਥ ਸਹੀ॥*
*ਖ਼ਾਲਸਾ ਮੇਰੋ ਕਰੇ ਨਿਰਬਾਹ॥*
*ਖ਼ਾਲਸਾ ਮੇਰੋ ਦੇਹ ਅਰ ਸਾਹ॥*
*ਖ਼ਾਲਸਾ ਮੇਰੋ ਧਰਮ ਅਰ ਕਰਮ॥*
*ਖ਼ਾਲਸਾ ਮੇਰੋ ਭੇਦ ਨਿਜ ਮਰਮ॥*
*ਖ਼ਾਲਸਾ ਮੇਰੋ ਸਤਿਗੁਰ ਪੂਰਾ॥*
*ਖ਼ਾਲਸਾ ਮੇਰੋ ਸੱਜਨ ਸੂਰਾ॥*
*ਖ਼ਾਲਸਾ ਮੇਰੋ ਬੁਧ ਅਰ ਗਿਆਨ॥*
*ਖ਼ਾਲਸੇ ਕਾ ਹੋ ਧਰੋ ਧਿਆਨ॥*
*ਉਪਮਾ ਖ਼ਾਲਸੇ ਜਾਤ ਨ ਕਹੀ॥*
*ਜਿਹਵਾ ਏਕ ਪਾਰ ਨਹਿ ਲਹੀ॥*
*ਸੇਸ ਰਸਨ ਸਾਰਦ ਸੀ ਬੁੱਧ॥*
*ਤਦਪ ਨ ਉਪਮਾ ਬਰਨਤ ਸੁਧ॥*
*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥ ਸਰਬ ਲੋਹ ਗ੍ਰੰਥ*

ਉਸ ਵੇਲੇ ਆਪ ਨੇ ਫੁਰਮਾਨ ਕੀਤਾ ਕਿ ਅਕਾਲ ਪੁਰਖ ਤੋਂ ਬਗੈਰ ਹੋਰ ਕਿਸੇ ਨੂੰ ਵੀ ਨਿਗ੍ਹਾ ਥੱਲੇ ਨਹੀਂ ਲਿਆਉਣਾ–

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖ਼ਾਲਸ ਤਾਹਿ ਨਖਾਲਸ ਜਾਨੈ॥*

ਇਸ ਤਰ੍ਹਾਂ ਆਪ ਨੇ ਇਕ ਨਵਾਂ ਆਦਰਸ਼ ਸੰਸਾਰ ਨੂੰ ਸਦਾ ਸੁੱਖ ਦੇਣ ਲਈ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ ਜੋ ਭਰਮ ਤੇ ਭੇਖ ਤੋਂ ਨਿਆਰਾ ਹੈ ਜਿਸ ਦਾ ਜੀਵਨ ਸੰਸਾਰ ਤੋਂ ਨਿਰਲੇਪ ਤੇ ਨਿਆਰਾ ਹੋਣ ਕਰਕੇ ਗੁਰੂ ਮਹਾਰਾਜ ਨੇ ਆਪਣਾ ਪੂਰਨ ਰੂਪ ਅਤੇ ਪੂਰਨ ਰੂਹਾਨੀ ਸਤ੍ਹਾ ਇਸ ਵਿਚ ਭਰੀ ਹੈ ਅਤੇ ਫੁਰਮਾਨ ਕੀਤਾ ਹੈ ਕਿ ਜਦੋਂ ਤਕ ਖਾਲਸਾ ਇਸ ਆਦਰਸ਼ ਤੇ ਕਾਇਮ ਰਹੇਗਾ ਉਸ ਸਮੇਂ ਤਕ ਮੈਂ ਇਸ ਨੂੰ ਆਪਣਾ ਪੂਰਨ ਤੇਜ਼ ਪ੍ਰਦਾਨ ਕਰਦਾ ਰਹਾਂਗਾ। ਜਦੋਂ ਇਹ ਭਰਮਾਂ ਭੇਖਾਂ ਵਿਚ ਪੈ ਜਾਵੇਗਾ ਅਤੇ ਭਰਮ ਭੇਖ ਤੋਂ ਨਿਆਰਾਪਣ ਛੱਡ ਦੇਵੇਗਾ, ਮੁੜ ਕਰਮ ਕਾਂਡ ਵਿਚ ਪ੍ਰਵਿਰਤ ਹੋ ਕੇ ਵੱਡੇ-ਛੋਟੇ ਦੀ ਦ੍ਰਿਸ਼ਟੀ ਧਾਰਨ ਕਰ ਲਵੇਗਾ, ਜਾਤ ਪਾਤ ਦੇ ਬੰਧਨਾਂ ਵਿਚ ਫਸ ਜਾਵੇਗਾ ਅਤੇ ਆਪਣੇ ਆਦਰਸ਼ ਤੋਂ ਹੀਣਾ ਹੋ ਕੇ ਆਪਣੇ ਹਿਤਾਂ ਲਈ ਇਸ ਮਹਾਨ ਆਦਰਸ਼ ਦਾ ਤਿਆਗ ਕਰ ਦੇਵੇਗਾ ਤਾਂ ਉਸ ਸਮੇਂ ਮੈਂ ਇਸ ਦਾ ਤੇਜ ਖੋਹ ਲਵਾਂਗਾ –

*ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*
*ਜਬ ਲਗ ਖ਼ਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥ ਸਰਬ ਲੋਹ ਗ੍ਰੰਥ*

ਉਸ ਵੇਲੇ ਸੰਗਤ ਨੂੰ ਸੰਬੋਧਨ ਕਰਦਿਆਂ ਆਪ ਨੇ ਕਿਹਾ ਕਿ ਗੁਰੂ ਖਾਲਸਾ ਜੀ! ਖਾਲਸਾ ਦੀ ਪਦਵੀ ਮਹਾਨ ਹੈ ਕਿਉਂਕਿ ਇਹ ਆਪਣੀ ਪੂਰਨ ਰੂਪ ਵਿਚ ਹੰਗਤਾ ਛੱਡ ਕੇ ਗੁਰੂ ਵਿਚ ਲੀਨ ਹੋਇਆ ਹੈ। ਆਤਮ ਰਸੀਆ ਹੋ ਕੇ ਸੰਸਾਰ ਵਿਚ ਵਿਚਰੇਗਾ ਇਸ ਦੀ ਪਦਵੀ ਵਾਹਿਗੁਰੂ ਅਤੇ ਗੁਰੂ ਦੀ ਪਦਵੀ ਦੇ ਬਰਾਬਰ ਹੋਵੇਗੀ।

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ*

ਇਸ ਵਿਸਾਖੀ ਦੇ ਦਿਨ ਖਾਲਸਾ (Super man) ਦੀ ਸਿਰਜਨਾ ਨਾਲ ਭਾਰਤ ਦਾ ਅੰਧਕਾਰਮਈ ਇਤਿਹਾਸ ਬਦਲ ਗਿਆ। ਅੱਜ ਹਜ਼ਾਰਾਂ ਸਾਲ ਲੰਘਣ ਤੋਂ ਪਿਛੋਂ ਇਕ ਪੂਰਨ ਮਨੁੱਖ ਸੰਸਾਰ ਦੇ ਰੰਗ ਮੰਚ ਵਿਚ ਪ੍ਰਗਟ ਹੋਇਆ ਜਿਸਨੂੰ ਖਾਲਸਾ ਕਹਿ ਕੇ ਸਤਿਕਾਰਿਆ ਗਿਆ। ਅੱਜ ਇਕ ਪੂਰਨ ਮਨੁੱਖ ਦੀ ਸਿਰਜਨਾ ਕੀਤੀ ਗਈ। ਖਾਲਸਾ ਪ੍ਰਗਟ ਹੋਣ ਤੋਂ ਪਹਿਲਾਂ ਇਕ ਮਨੁੱਖ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਉਹ ਪੂਰਨ ਮਨੁੱਖ ਨਹੀਂ ਕਹਾ ਸਕਦਾ ਸੀ ਕਿਉਂਕਿ ਉਪਦੇਸ਼ ਦੇਣ ਦਾ ਕੰਮ ਬ੍ਾਹਮਣ ਵਰਗ ਪਾਸ ਸੀ। ਬ੍ਾਹਮਣ ਦਾ ਕੰਮ ਦਾਨ ਦੇਣਾ, ਦਾਨ ਲੈਣਾ, ਜਗ ਕਰਨਾ, ਜਗ ਕਰਾਉਣਾ, ਅਧਿਆਤਮਕ ਵਿਦਿਆ ਪੜ੍ਹਨੀ ਤੇ ਪੜ੍ਹਾਉਣੀ; ਇਹ ਛੇ ਕਰਮ ਹੋਇਆ ਕਰਦੇ ਹਨ। ਖਤਰੀ ਦਾ ਕੰਮ ਸਰੀਰ ਨੂੰ ਨਰੋਆ ਰੱਖਣਾ, ਤਪ ਦੇ ਬਲ ਕਰਕੇ ਅਸਤਰ ਪ੍ਾਪਤ ਕਰਨੇ ਜਿਹੜੇ ਕਿ ਬਹੁਤ ਸ਼ਕਤੀਸ਼ਾਲ ਹੋਇਆ ਕਰਦੇ ਹਨ ਜਿਵੇਂ ਕਿ ਬਜਰ ਅਸਤਰ, ਇੰਦਰ ਅਸਤਰ, ਬ੍ਰਹਮ ਅਸਤਰ, ਅਗਨ ਅਸਤਰ, ਵਰੁਣ ਅਸਤਰ ਅਤੇ ਇਸ ਤਰ੍ਹਾਂ ਦੇ ਅਨੇਕ ਅਸਤਰ ਮੰਤ੍ਰ ਬਲ ਨਾਲ ਪ੍ਰਾਪਤ ਕੀਤੇ ਜਾਇਆ ਕਰਦੇ ਸਨ। ਇਨ੍ਹਾਂ ਅਸਤਰਾਂ ਦੀ ਅਲੌਕਿਕ ਸ਼ਕਤੀ ਹੋਇਆ ਕਰਦੀ ਸੀ। ਅੱਜਕਲ੍ਹ ਦੇ ਐਟਮ ਬੰਬਾਂ ਵਾਂਗੂੰ ਇਸ ਇਕੋ ਦਾ ਅਸਰ ਦਸ-ਦਸ ਹਜ਼ਾਰ ਬੰਦੇ ਨੂੰ ਧਰਤੀ ਤੇ ਸੁਲਾ ਦਿਆ ਕਰਦਾ ਸੀ ਇਕੋ ਅਸਤਰ ਹਜ਼ਾਰਾਂ ਬਾਣਾਂ ਵਿਚ ਚਲ ਕੇ ਹਜ਼ਾਰਾਂ ਹੀ ਬੰਦਿਆਂ ਦੇ ਲੱਗਿਆ ਕਰਦਾ ਸੀ। ਇਹ ਭਾਰਤ ਦੀ ਪ੍ਾਚੀਨ ਵਿਦਿਆ ਸੀ ਜੋ ਹੌਲੀ-ਹੌਲੀ ਅਲੋਪ ਹੋ ਗਈ ਅਤੇ ਇਨ੍ਹਾਂ ਅਸਤਰਾਂ ਦੀ ਥਾਂ ਅੱਜਕਲ੍ਹ ਦੀ ਸਾਇੰਸ ਨੇ ਲੈ ਕੇ ਬੇਅੰਤ ਸ਼ਕਤੀਸ਼ਾਲ ਗੋਲੇ-ਗੋਲੀਆਂ, ਬੰਬ, ਐਟਮ ਬੰਬ ਮੈਦਾਨੇ ਜੰਗ ਨੂੰ ਭੈ ਭੀਤ ਕਰਨ ਵਾਸਤੇ ਹੋਂਦ ਵਿਚ ਲਿਆਂਦੇ। ਖਤਰੀ ਜ਼ਮੀਨ ਦਾ ਮਾਲਕ ਹੋਇਆ ਕਰਦਾ ਸੀ ਅਤੇ ਹੇਠਲੇ ਵਰਗ ਉਸਦੀ ਜ਼ਮੀਨ ਵਿਚੋਂ ਅੰਨ ਪ੍ਰਾਪਤ ਕਰਕੇ ਉਸਨੂੰ ਕਿਸੇ ਖਾਸ ਅਨੁਪਾਤ ਮੁਤਾਬਿਕ ਦਿਆ ਕਰਦੇ ਸਨ। ਖਤਰੀ ਦਾ ਧਰਮ ਦੇਸ਼ ਅਤੇ ਆਪਣੇ ਰਾਜ ਦੀ ਰਾਖੀ ਕਰਦਿਆਂ ਆਪਣੇ ਪ੍ਾਣਾਂ ਦੀ ਅਹੂਤੀ ਦੇ ਦੇਣ ਵਿਚ ਪਵਿੱਤਰ

ਸਮਝਿਆ ਜਾਇਆ ਕਰਦਾ ਸੀ। ਉਸਨੂੰ ਜੰਗ ਵਿਚ ਸ਼ਹੀਦ ਹੋਣ ਕਾਰਨ ਉਚੇ ਸਵਰਗਾਂ ਦੀ ਪ੍ਰਾਪਤੀ ਹੋਣੀ ਮੰਨੀ ਜਾਇਆ ਕਰਦੀ ਸੀ। ਇਸੇ ਤਰ੍ਹਾਂ ਵੈਸ਼ ਵਰਣ ਮਿਹਨਤ ਕਰਨ ਵਾਲਿਆਂ ਦਾ ਹੋਇਆ ਕਰਦਾ ਸੀ ਜੋ ਪਸ਼ੂ ਪਾਲਦੇ ਸਨ, ਵਪਾਰ ਕਰਦੇ ਸਨ ਅਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਜਾ ਕੇ ਆਪਣਾ ਪੈਦਾ ਕੀਤਾ ਹੋਇਆ ਮਾਲ ਵੇਚਿਆ ਕਰਦੇ ਸਨ ਅਤੇ ਧਨ ਕਮਾ ਕੇ ਟੈਕਸ ਦੇ ਰੂਪ ਵਿਚ ਰਾਜੇ ਦਾ ਕੋਸ਼ ਭਰਿਆ ਕਰਦੇ ਸਨ ਅਤੇ ਖਤ੍ਰੀ ਨੂੰ ਖੇਤੀਬਾੜੀ ਰਾਹੀਂ ਅਨਾਜ ਪੈਦਾ ਕਰਨ ਦਾ ਨੀਯਤ ਹਿੱਸਾ ਦਿਤਾ ਜਾਂਦਾ ਸੀ ਅਤੇ ਬ੍ਰਾਹਮਣ ਨੂੰ ਪਵਿੱਤਰ ਸਮਝ ਕੇ ਦਾਨ ਦਿਤਾ ਜਾਇਆ ਕਰਦਾ ਸੀ, ਜਿਸ ਨਾਲ ਬ੍ਰਾਹਮਣ ਵਰਗ ਨੂੰ ਕੋਈ ਕੰਮ ਕਰਨ ਦੀ ਲੋੜ ਨਹੀਂ ਸੀ ਕੇਵਲ ਪੜ੍ਹਨਾ, ਪੜ੍ਹਾਉਣਾ ਤੇ ਸਮਾਜ ਦੇ ਭਲੇ ਲਈ ਸਾਹਿਤ ਪੈਦਾ ਕਰਨਾ ਹੋਇਆ ਕਰਦਾ ਸੀ। ਪਰ ਹੌਲੀ-ਹੌਲੀ ਬ੍ਰਾਹਮਣ ਨੇ ਕਰਮਕਾਂਡ ਦਾ ਪਸਾਰਾ ਕਰਕੇ ਸਮਾਜ ਨੂੰ ਆਪਣੇ ਨਿਯਮਾਂ ਦੀ ਪਕੜ ਵਿਚ ਜਕੜ ਲਿਆ ਅਤੇ ਬਾਕੀ ਵਰਗਾਂ ਨੂੰ ਸਾਹਸਹੀਣ ਕਰ ਦਿਤਾ। ਇਹ ਵਰਗ ਹਰ ਨਵੀਂ ਸੇਧ ਬ੍ਰਾਹਮਣ ਵਰਗ ਤੋਂ ਲਿਆ ਕਰਦੇ ਸਨ, ਇਥੋਂ ਤਕ ਕਿ ਖੇਤੀ ਬੀਜਣ ਲਈ, ਵਪਾਰ ਸ਼ੁਰੂ ਕਰਨ ਲਈ, ਮਕਾਨ ਉਸਾਰੀ ਲਈ, ਸਫਰ ਤੇ ਜਾਣ ਲਈ, ਵਿਆਹ ਸ਼ਾਦੀਆਂ ਦੇ ਦਿਨ ਮੁਕੱਰਰ ਕਰਨ ਲਈ, ਵਿਆਹ ਦੇ ਸਬੰਧ ਪਤੀ ਪਤਨੀ ਵਿਚ ਜੋੜਨ ਲਈ, ਨਵੇਂ ਵਸਤਰ ਖਰੀਦਣ ਲਈ, ਪਸ਼ੂ ਖਰੀਦਣ ਲਈ, ਬੱਚੇ ਨੂੰ ਪੜ੍ਹਨ ਪਾਉਣ ਲਈ, ਜ਼ਿੰਦਗੀ ਦੇ ਹਰ ਨਵੇਂ ਕੰਮ ਕਰਨ ਤੋਂ ਪਹਿਲਾਂ ਸਾਰੀ ਅਗਵਾਈ ਬ੍ਰਾਹਮਣ ਵਰਗ ਤੋਂ ਲਈ ਜਾਂਦੀ ਸੀ ਅਤੇ ਉਹ ਸ਼ਗਨ-ਅਪਸ਼ਗਨ, ਥਿਤ, ਵਾਰ, ਮਹੀਨੇ, ਰੁਤਾਂ ਗ੍ਰਹਿਾਂ ਦੀਆਂ ਚਾਲਾਂ ਦੇਖ ਕੇ ਸੇਧ ਦਿਆ ਕਰਦਾ ਸੀ। ਇਥੋਂ ਤਕ ਕਿ ਆਦਮੀ ਦੇ ਸੁਆਸ ਨੂੰ ਵੀ ਵਾਚਿਆ ਜਾਇਆ ਕਰਦਾ ਸੀ ਕਿ ਕੰਮ ਕਰਨ ਤੋਂ ਪਹਿਲਾਂ ਕਿਸ ਨਾਸਕਾ ਰਾਹੀਂ ਸੁਆਸ ਆ ਰਿਹਾ ਹੈ।

ਸ਼ੂਦਰ ਵਰਗ ਦਾ ਕੰਮ ਇਨ੍ਹਾਂ ਤਿੰਨਾਂ ਵਰਗਾਂ ਦੇ ਕੰਮਾਂ ਨੂੰ ਕੰਮੀ ਬਣ ਕੇ ਕੀਤਾ ਜਾਇਆ ਕਰਦਾ ਸੀ ਇਹ ਆਪਣੇ ਮਾਲਕਾਂ ਦੇ ਤਰਸ ਉਪਰ ਹੋਇਆ ਕਰਦੇ ਸਨ। ਇਨ੍ਹਾਂ ਦਾ ਕੰਮ ਕੇਵਲ ਸੇਵਾ ਕਰਨਾ ਹੀ ਹੋਇਆ ਕਰਦਾ ਸੀ ਜਿਸ ਦੇ ਬਦਲੇ ਇਨ੍ਹਾਂ ਨੂੰ ਫਸਲਾਂ ਦੀ ਆਮਦਨ ਆਦਿ ਨੂੰ ਮੁੱਖ ਰੱਖ ਕੇ ਕੁਝ ਹਿੱਸੇ ਦੇ ਦਿਤੇ ਜਾਇਆ ਕਰਦੇ ਸਨ। ਆਦਮੀ ਨੂੰ ਇਥੋਂ ਤਕ ਵੰਡਿਆ ਗਿਆ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਇਕ ਤਾਂ ਉਹ ਸਨ ਜਿਨ੍ਹਾਂ ਨੂੰ ਛੂਹਿਆ ਜਾ ਸਕਦਾ ਸੀ ਜਿਨ੍ਹਾਂ ਨੂੰ ਛੂਹਣ ਤੋਂ ਭਿੱਟ ਨਹੀਂ ਲੱਗਿਆ ਕਰਦੀ ਸੀ। ਇਕ ਉਹ ਸਨ ਜਿਨ੍ਹਾਂ ਦੇ ਨਾਲ ਲੱਗਣ ਤੇ ਭਿੱਟ ਲਗ ਜਾਂਦੀ ਸੀ। ਸਵੇਰੇ-ਸਵੇਰੇ ਕੰਮ ਕਰਨ ਤੋਂ ਪਹਿਲਾਂ ਜੇ ਇਨ੍ਹਾਂ ਵਿਚੋਂ ਕੋਈ ਮੱਥੇ ਲਗ ਜਾਂਦਾ ਸੀ ਤਾਂ ਬੜੀ ਵਿਚਾਰ ਕੀਤੀ ਜਾਇਆ ਕਰਦੀ ਸੀ। ਇਨ੍ਹਾਂ ਨੂੰ ਭਜਨ ਬੰਦਗੀ, ਪੂਜਾ, ਪਾਠ, ਮੰਦਰ, ਮੱਠ ਜਾਣ ਤੇ ਪਾਬੰਦੀ ਲੱਗੀ ਹੋਈ ਸੀ। ਜੇ ਕਿਤੇ ਭੁਲ-ਭੁਲੇਖੇ ਕਿਸੇ ਸ਼ੂਦਰ ਤੋਂ ਓਅੰਕਾਰ ਸ਼ਬਦ ਉਚਾਰਨ ਹੋ ਗਿਆ ਤਾਂ ਉਸ ਦੀ ਜ਼ੁਬਾਨ ਕੱਟ ਦਿਤੀ ਜਾਂਦੀ ਸੀ ਜੇ ਇਨ੍ਹਾਂ ਵਿਚੋਂ ਕੋਈ ਬ੍ਰਹਮਗਿਆਨ ਦੀ ਗੱਲ ਕਰਦਾ ਸੀ ਤਾਂ ਰਾਜਾ ਖੁਦ ਮਾਰਦਾ ਸੀ ਜਿਵੇਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਤੋਂ ਸੰਬਕ ਰਿਸ਼ੀ ਨੂੰ ਬ੍ਰਾਹਮਣਾਂ ਨੇ ਮਰਵਾਇਆ ਸੀ। ਸ੍ਰੀ ਰਾਮ ਚੰਦਰ ਜੀ ਨੇ ਰਾਜ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੰਬਕ ਰਿਸ਼ੀ ਦਾ ਆਪਣੇ ਹੱਥ ਨਾਲ ਬੱਧ ਕੀਤਾ। ਇਹ ਅਛੂਤ ਵਰਗ ਦਾ ਮਨੁੱਖ ਬਹੁਤ ਹੀ ਤ੍ਰਿਸਕਾਰਿਆ ਹੋਇਆ ਸਮਾਜ ਦਾ ਮੈਲਾ ਅੰਗ ਗਿਣਿਆ ਜਾਂਦਾ ਸੀ। ਇਹ ਅੰਗ ਅਨਪੜ੍ਹ ਰੱਖਿਆ ਜਾਂਦਾ ਸੀ, ਕੋਈ ਸਕੂਲ ਵਿਦਿਆਲਾ, ਕੋਈ ਕਿਰਤ ਦਾ ਸਕੂਲ ਇਨ੍ਹਾਂ ਨੂੰ ਦਾਖਲਾ ਨਹੀਂ ਸੀ ਦਿੰਦਾ। ਇਹ ਨਿਸ਼ਚਾ ਦਿਤਾ ਗਿਆ ਕਿ ਇਹ ਸ਼ੂਦਰ ਪ੍ਰਮੇਸ਼ਰ ਦੇ ਦਰ ਤੋਂ ਨਾ ਪ੍ਰਵਾਣ ਹੋਈਆਂ ਰੂਹਾਂ ਦੇ ਜਨਮ ਕਰਕੇ ਹੈ ਇਨ੍ਹਾਂ ਦੇ ਸੰਤਾਪ, ਇਨ੍ਹਾਂ ਦੀਆਂ ਤੰਗੀਆਂ, ਇਨ੍ਹਾਂ ਦੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਦੀ ਸਜ਼ਾ ਵਜੋਂ ਹਨ। ਦੁਆਪਰ ਦੇ ਅੰਤ ਵਿਚ ਬਾਲਮੀਕ (ਚੰਡਾਲ) ਨੇ ਭਜਨ ਕਰਕੇ ਉਹ ਪਦਵੀ ਹਾਸਲ ਕਰ ਲਈ ਜੋ ਸਰਬ ਸ੍ਰੇਸ਼ਟ ਸੀ। ਇਹ ਮਹਾਨ ਰਿਸ਼ੀ ਹੋਏ ਹਨ। ਕ੍ਰਿਸ਼ਨ ਮਹਾਰਾਜ ਜੀ ਨੇ ਪਾਂਡਵਾਂ ਦੇ ਯੱਗ ਸਮੇਂ ਇਨ੍ਹਾਂ ਨੂੰ ਪ੍ਰਗਟ ਕੀਤਾ ਅਤੇ ਆਪਣੇ ਹੱਥਾਂ ਨਾਲ ਇਸ ਰਿਸ਼ੀ ਦੇ ਚਰਨ ਧੋਤੇ ਅਤੇ ਜੂਠੀਆਂ ਪੱਤਲਾਂ ਚੁਕੀਆਂ। ਇਨ੍ਹਾਂ ਦੇ ਪਾਡਵਾਂ ਦੇ ਯੱਗ ਵਿਚ ਸ਼ਾਮਲ ਹੋਣ ਕਰਕੇ ਘੰਟਾ ਜ਼ੋਰ ਨਾਲ ਵਜਦਾ ਰਿਹਾ ਅਤੇ ਯੱਗ ਸੰਪੂਰਨ ਹੋਇਆ।

ਗੁਰੂ ਨਾਨਕ ਪਾਤਸ਼ਾਹ ਨੇ ਜਾਤ ਪਾਤ ਨੂੰ ਪੂਰੀ ਤਰ੍ਹਾਂ ਰੱਦ ਕੀਤਾ। ਬ੍ਰਾਹਮਣ ਨੂੰ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ ਸ੍ਰੇਸ਼ਟ ਬ੍ਰਾਹਮਣ ਆਖਿਆ ਗਿਆ। ਜੋ ਪ੍ਰਮੇਸ਼ਰ ਦੀ ਅੰਦਰ ਪਛਾਣ ਕਰਦਾ ਹੈ ਉਸ ਪੰਡਤ ਦੇ ਉਪਦੇਸ਼ ਨੂੰ ਪ੍ਰਵਾਣ ਕੀਤਾ ਗਿਆ। ਖਤਰੀ ਨੂੰ ਕਰਮਾਂ ਦਾ ਸੂਰਮਾ ਕਰਕੇ ਥਾਪਿਆ ਗਿਆ। ਗੁਰੂ ਨਾਨਕ ਸਾਹਿਬ ਕਥਿਤ ਨੀਚ ਜਾਤਾਂ ਨੂੰ ਮਾਣ ਦਿੰਦੇ ਹੋਏ ਫੁਰਮਾਨ ਕਰਦੇ ਹਨ –

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

*ਪੰਨਾ - 15*

ਗ੍ਰਿਹਸਤੀ ਨੂੰ ਵਡਿਆਇਆ ਗਿਆ, ਕਿਰਤ ਨੂੰ ਮਹਾਂ ਪਵਿੱਤਰ ਆਖਿਆ ਗਿਆ –

*ਸੋ ਗਿਰਹੀ ਜੋ ਨਿਗ੍ਰਹੁ ਕਰੈ॥*
*ਜਪੁ ਤਪੁ ਸੰਜਮੁ ਭੀਖਿਆ ਕਰੈ॥*
*ਪੁੰਨ ਦਾਨ ਕਾ ਕਰੇ ਸਰੀਰੁ॥*
*ਸੋ ਗਿਰਹੀ ਗੰਗਾ ਕਾ ਨੀਰੁ॥* *ਪੰਨਾ - 952*

ਜਾਤਾਂ ਪਾਤਾਂ ਦਾ ਭਰਮ ਪੂਰੀ ਤਰ੍ਹਾਂ ਨਾਲ ਇਨਸਾਨ ਦੇ ਹਿਰਦੇ ਵਿਚੋਂ ਕੱਢ ਦਿਤਾ ਗਿਆ ਇਥੋਂ ਤਕ ਗੁਰਸਿੱਖੀ ਨੇ ਇਨਕਲਾਬੀ ਕਦਮ ਪੁਟਿਆ ਕਿ ਸਾਰੇ ਇਨਸਾਨਾਂ ਨੂੰ ਬਿਨਾਂ ਵਿਤਕਰਾ, ਜਾਤ ਪਾਤ, ਧਰਮ, ਮਜ਼ਹਬ, ਉਚ-ਨੀਚ, ਅਮੀਰ-ਗਰੀਬ ਦੇ ਇਕ ਪੰਗਤ ਦੇ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਪਵਿਤਰਤਾ ਦਾ ਸੂਚਕ ਮੰਨਿਆ ਗਿਆ। ਅਕਬਰ ਵਰਗੇ ਮਹਾਨ ਸਮਰਾਟ ਅਤੇ ਹੋਰ ਅਮੀਰ ਵਰਗ ਦੇ ਬੰਦੇ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕ ਕੇ ਗੁਰੂ ਦੇ ਦਰਸ਼ਨ ਕਰਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਕਰਮਾਂ ਧਰਮਾਂ ਦਾ ਬੋਝ ਜੋਤਸ਼ਾਂ, ਗ੍ਰਹਿਾਂ ਦੀਆਂ ਪਕੜਾਂ ਬਿਲਕੁਲ ਦੂਰ ਕਰਕੇ

ਫੁਰਮਾਨ ਕੀਤਾ –

*ਮਾਹ ਦਿਵਸ ਮੂਰਤਿ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*
*ਪੰਨਾ - 136*

ਦਾ ਪ੍ਰਕਾਸ਼ ਕੀਤਾ ਅਤੇ ਮਾਹ, ਰੁੱਤਾਂ, ਮਹੂਰਤਾਂ ਦਾ ਬੋਝ ਦੂਰ ਕਰਦਿਆਂ ਫੁਰਮਾਨ ਕੀਤਾ –

*ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥*
*ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥*
*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥*
*ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥*
*ਪੰਨਾ - 140*

ਅਤੇ ਇਨ੍ਹਾਂ ਦੀ ਪਵਿੱਤਰਤਾ ਵਾਸਤੇ ਫੁਰਮਾਨ ਕੀਤਾ –

*ਨਾਨਕ ਸੋਈ ਦਿਨਸੁ ਸੁਹਾਵੜਾ*
*ਜਿਤੁ ਪ੍ਰਭੁ ਆਵੈ ਚਿਤਿ॥*
*ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥*
*ਪੰਨਾ - 318*

ਗੁਰੂ ਦਸ਼ਮੇਸ਼ ਪਿਤਾ ਜੀ ਨੇ ਮਨੁੱਖ ਦੀ ਮਨੁੱਖਤਾ ਨੂੰ ਪੂਰਨ ਰੂਪ ਵਿਚ ਸੁਤੰਤਰ ਕੀਤਾ ਅਤੇ ਇਕੋ ਮਨੁੱਖ ਨੂੰ ਖਾਲਸਾ ਬਣਾ ਕੇ ਉਸ ਵਿਚ ਬ੍ਰਾਹਮਣ, ਖਤਰੀ, ਸ਼ੂਦਰ, ਵੈਸ਼ ਅਤੇ ਰਿਸ਼ੀ ਮੁਨੀਆਂ ਦੇ ਆਦਰਸ਼ ਨੂੰ ਫਲੀਭੂਤ ਕੀਤਾ। ਗੁਰਸਿੱਖ ਬ੍ਰਾਹਮਣ ਦੇ ਰੂਪ ਵਿਚ ਹੁੰਦਾ ਹੋਇਆ, ਗੁਰਬਾਣੀ ਪੜ੍ਹਦਾ ਤੇ ਦੂਜਿਆਂ ਨੂੰ ਗੁਰਬਾਣੀ ਪੜ੍ਹਾਉਂਦਾ ਹੈ, ਲੰਗਰ ਚਲਾਉਂਦਾ ਹੈ। ਸਤਿ ਸਮਾਗਮ ਰਚ ਕੇ ਸਭ ਤੋਂ ਉਚਾ ਸ਼ਬਦ ਦਾ ਲੰਗਰ ਚਲਾਉਂਦਾ ਹੈ, ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਗੁਰੂ ਦੇ ਨਮਿਤ ਦਸਵੰਧ ਦਿੰਦਾ ਹੈ ਅਤੇ ਇਸ ਦਸਵੰਧ ਨੂੰ ਪ੍ਰਾਪਤ ਕਰਕੇ ਜਨਤਾ ਦੇ ਸੁਖ ਲਈ ਧਰਮ ਮੰਦਰ, ਹਸਪਤਾਲ, ਸਕੂਲ, ਕਾਲਜ, ਧਰਮਸਾਲਾ, ਸੜਕਾਂ, ਪੁਲ ਆਦਿ ਅਨੇਕਾਂ ਕਾਰਜ ਕਰਦਾ ਹੈ। ਜਦੋਂ ਇਨਸਾਨਾਂ ਉਪਰ ਕੋਈ ਸੰਤਾਪ ਗਿਰਦਾ ਹੈ ਤਾਂ ਇਹ ਉਸੇ ਦਾਨ ਦੇ ਸਰਮਾਏ ਵਿਚੋਂ ਉਨ੍ਹਾਂ ਦੀ ਇਕ ਦਮ ਮਦਦ ਕਰਦਾ ਹੈ।

ਖਤਰੀ ਦੇ ਰੂਪ ਵਿਚ ਗਰੀਬ ਮਾਰ ਕਦੇ ਨਹੀਂ ਹੋਣ ਦਿੰਦਾ। ਰਾਜੇ ਤੋਂ ਆਪਣੇ ਹੱਕਾਂ ਦੀ ਪੂਰਤੀ ਲਈ ਸੰਘਰਸ਼ ਕਰਦਾ ਹੈ, ਦੁਸ਼ਮਣ ਨੂੰ ਆਪਣੇ ਦੇਸ਼ ਵਲ ਕੈਰੀ ਅੱਖ ਕਰਕੇ ਦੇਖਣ ਨਹੀਂ ਦਿੰਦਾ ਅਤੇ ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਹੱਸ-ਹੱਸ ਕੇ ਆਪਣੀ ਜਾਨ ਗੁਰੂ ਪਿਆਰ ਵਿਚ ਵਾਰ ਦਿੰਦਾ ਹੈ। ਦੇਸ਼ ਦੀ ਰਾਖੀ ਦਾ ਜ਼ਬਰਦਸਤ ਪਹਿਰੇਦਾਰ ਹੈ, ਗਰੀਬ ਤੇ ਮਜਬੂਰ ਦਾ ਮਦਦਗਾਰ ਹੈ। ਅਨਾਥਾਂ, ਨਿਥਾਵਿਆਂ, ਨਿਮਾਣਿਆਂ, ਨ-ਘਰਿਆਂ, ਬੇਰੁਜ਼ਗਾਰਾਂ ਲਈ ਦਰਦਾਂ ਭਰਿਆ ਮਿਤਰ ਹੈ। ਇਸਤ੍ਰੀ ਰੱਖਿਆ ਲਈ ਅਤੇ ਗਰੀਬ ਦੀ ਮਦਦ ਲਈ ਆਪਣੀ ਜਾਨ ਵਾਰਨਾ ਗੁਰੂ ਦੀ ਰਜ਼ਾ ਸਮਝਦਾ ਹੈ ਅਤੇ ਸ਼ਸਤਰ ਪਹਿਨਣ ਨੂੰ ਧਰਮ ਦਾ ਅੰਗ ਸਮਝ ਕੇ ਆਪਣੇ ਅੰਗ ਸੰਗ ਰਖਦਾ ਹੈ।

ਵੈਸ਼ ਦੇ ਰੂਪ ਵਿਚ ਹੁੰਦਾ ਹੋਇਆ ਇਹ ਵਣਜ, ਵਪਾਰ, ਨੌਕਰੀ ਚਾਕਰੀ ਲਈ ਦੇਸ਼ਾਂ ਪ੍ਰਦੇਸ਼ਾਂ ਵਿਚ ਜਾਂਦਾ ਹੈ ਉਥੇ ਗੁਰਮਤਿ ਦਾ ਪ੍ਰਗਟਾਵਾ ਕਰਕੇ ਜਿਥੇ ਧਨ ਕਮਾਉਂਦਾ ਹੈ ਉਥੇ ਪ੍ਰਚਾਰਕ ਦਾ ਰੂਪ ਧਾਰ ਕੇ ਉਥੋਂ ਦੇ ਲੋਕਾਂ ਨੂੰ ਗੁਰਮਤਿ ਸਿਧਾਤਾਂ ਦਾ ਜਾਣੂੰ ਬਣਾਉਂਦਾ ਹੈ ਅਤੇ ਭਰਮਾਂ ਭੇਖਾਂ ਦਾ ਨਾਸ਼ ਕੀਤੇ ਜਾਣ ਦਾ ਉਪਦੇਸ਼ ਦਿੰਦਾ ਹੈ। ਖੇਤੀ ਬਾੜੀ ਕਰਦਾ, ਇੰਡਸਟਰੀਆਂ ਚਲਾਉਂਦਾ, ਵਣਜ ਵਪਾਰ ਚਲਾਉਂਦਾ ਹੈ, ਡਾਕਟਰ, ਸਾਇੰਸਦਾਨ, ਜੱਜ, ਵਜ਼ੀਰ ਆਦਿ ਦੀਆਂ ਪਦਵੀਆਂ ਪ੍ਰਾਪਤ ਕਰਕੇ ਸਮਾਜ ਦੀ ਸੇਵਾ ਕਰਦਾ ਹੈ।

ਸ਼ੂਦਰ ਦੇ ਰੂਪ ਵਿਚ ਸੇਵਾ ਕਰਨ ਨੂੰ ਇਹ ਸਭ ਤੋਂ ਪਵਿੱਤਰ ਕਰਮ ਜਾਣਦਾ ਹੈ ਅਤੇ ਇਸ ਦਾ ਪ੍ਰਪੱਕ ਨਿਸ਼ਚਾ ਹੈ ਕਿ –

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26*

ਅਤੇ

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥ ਪੰਨਾ - 286*

ਦੇ ਆਦਰਸ਼ ਨੂੰ ਅਪਨਾਅ ਕੇ ਸੇਵਾ ਦੀ ਮਹਾਨ ਕਿਰਤ ਨੂੰ ਬ੍ਰਾਹਮਣ ਦੇ ਵੇਦ ਪਾਠਾਂ ਤੋਂ ਵੀ ਉਚਾ ਬਣਾ ਦਿੰਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਖਾਲਸੇ ਦੇ ਜੁੱਸੇ ਵਿਚ ਇਹ ਚਾਰੇ ਵਰਣ ਜਜ਼ਬ ਕਰ ਦਿਤੇ ਅਤੇ ਇਨ੍ਹਾਂ ਤੋਂ ਉਚਾ ਖਾਲਸੇ ਨੂੰ ਮਹਾਨ ਕਰਮਯੋਗੀ ਬਣਾ ਕੇ ਰਿਸ਼ੀਆਂ-ਮੁਨੀਆਂ, ਪੀਰਾਂ, ਫਕੀਰਾਂ ਤੋਂ ਕਿਤੇ ਉਚਾ ਬਣਾ ਦਿਤਾ ਹੈ। ਇਹ ਗ੍ਰਿਹਸਤੀ ਹੁੰਦਾ ਹੋਇਆ ਪੂਰਨ ਬ੍ਰਹਮਗਿਆਨੀ ਵੀ ਹੈ, ਪੂਰਨ ਯੋਗੀ ਵੀ ਹੈ, ਮਹਾਂ ਰਿਸ਼ੀ ਵੀ ਹੈ, ਮਾਇਆ ਤੋਂ ਪੂਰੀ ਤਰ੍ਹਾਂ ਨਿਰਲੇਪ ਹੈ। ਸੰਸਾਰ ਦੇ ਘਟ-ਘਟ ਵਿਚ ਵਿਆਪਕ ਵਾਹਿਗੁਰੂ ਨੂੰ ਪ੍ਰਤੱਖ ਅਨੁਭਵ ਕਰਦਾ ਹੈ। ਸੋ ਗੁਰੂ ਮਹਾਰਾਜ ਜੀ ਨੇ ਇਕੋ ਬੰਦੇ ਵਿਚ ਇਹ ਪੰਜੇ ਵਰਣਾਂ ਦੇ ਗੁਣ ਦਾਖਲ ਕਰ ਦਿਤੇ ਅਤੇ ਇਸ ਨੂੰ ਗੁਰੂ ਦੀ ਪਦਵੀ ਦਿੰਦਿਆਂ ਹੋਇਆਂ ਫੁਰਮਾਨ ਕੀਤਾ ਕਿ –

*ਖ਼ਾਲਸਾ ਮੇਰੋ ਧਰਮ ਅਰ ਕਰਮ॥*
*ਖ਼ਾਲਸਾ ਮੇਰੋ ਭੇਦ ਨਿਜ ਮਰਮ॥*
*ਖ਼ਾਲਸਾ ਮੇਰੋ ਸਤਿਗੁਰ ਪੂਰਾ॥*
*ਖ਼ਾਲਸਾ ਮੇਰੋ ਸੱਜਨ ਸੂਰਾ॥ ਸਰਬ ਲੋਹ ਗ੍ਰੰਥ*

ਇਸ ਖਾਲਸਾ ਦੀ ਪਦਵੀ ਵਾਹਿਗੁਰੂ, ਗੁਰੂ ਦੇ ਬਰਾਬਰ ਕਰ ਦਿਤੀ ਯਾਨਿ ਇਸ ਨੂੰ ਅਕਾਲ ਪੁਰਖ ਵਿਚ ਅਭੇਦ ਕਰ ਦਿਤਾ। ਸੋ ਇਸ ਤਰ੍ਹਾਂ ਨਾਲ ਬੇਅੰਤ ਕਸ਼ਟ ਸਹਾਰ ਕੇ ਇਹ ਆਦਰਸ਼ ਸੰਸਾਰ ਵਿਚ ਪ੍ਰਗਟ ਕੀਤਾ। ਇਕ ਮਨੁੱਖ ਨੂੰ ਪੂਰਨ ਮਨੁੱਖ ਬਣਾ ਕੇ ਸੰਸਾਰ ਵਿਚ ਪੇਸ਼ ਕਰਨਾ ਇਕ ਬਹੁਤ ਵੱਡੀ ਕਰਾਮਾਤ ਸੀ। ਛੋਟੀਆਂ-ਛੋਟੀਆਂ ਕਰਾਮਾਤਾਂ – ਹਵਾ ਵਿਚ ਉਡ ਜਾਣਾ, ਪਾਣੀ ਵਿਚ ਡੁਬ ਕੇ ਜਿਉਂਦੇ ਰਹਿਣਾ, ਸਿੱਧਾਂ ਵਾਂਗੂੰ ਪਾਣੀ ਦਾ ਤਾਲ ਹੀਰੇ ਜਵਾਹਰਾਤ ਨਾਲ ਭਰ ਦੇਣਾ, ਧਰਤੀ ਦੇ ਕਣਾਂ ਨੂੰ ਸੋਨਾ ਬਣਾ ਦੇਣਾ, ਆਮ ਪੱਥਰਾਂ ਨੂੰ ਪਾਰਸ ਬਣਾ ਦੇਣਾ, ਸ਼ੇਰਾਂ ਦੀ ਸਵਾਰੀ ਕਰ ਲੈਣਾ, ਹੱਥ ਵਿਚ

ਨਾਗਾਂ ਦੇ ਹੰਟਰ ਰੱਖ ਲੈਣੇ, ਬਹੁਤ ਵੱਡਾ, ਉਚਾ ਲੰਮਾ ਸਰੀਰ ਬਣਾ ਲੈਣਾ ਅਤੇ ਛੋਟੇ ਤੋਂ ਛੋਟਾ ਆਪਣਾ ਵਜੂਦ ਬਣਾ ਲੈਣਾ ਆਦਿ ਅਨੇਕਾਂ ਕਰਾਮਾਤਾਂ ਸੰਸਾਰ ਵਿਚ ਤਪੋ ਬਲ ਨਾਲ ਅਤੇ ਯੋਗ ਸਾਧਨਾਂ ਨਾਲ ਵਿਕਲੋਤਰਾ ਮਨੁੱਖ ਪ੍ਰਾਪਤ ਕਰ ਲੈਂਦਾ ਸੀ ਪਰ ਸਭ ਤੋਂ ਵੱਡੀ ਕਰਾਮਾਤ ਆਮ ਆਦਮੀਆਂ ਦੇ ਮਨ ਵਿਚ ਨਾਮ ਦਾ ਵਾਸਾ ਕਰਾ ਦੇਣਾ ਅਤੇ ਉਸ ਨਾਮ ਦੇ ਬਲਬੋਤੇ ਸਾਹਸਹੀਣ ਮਨੁੱਖ ਨੂੰ ਇੰਨਾਂ ਉਚਾ ਲੈ ਜਾਣਾ ਕਿ ਉਸਨੂੰ ਪ੍ਰਮੇਸ਼ਰ ਨਾਲ ਅਭੇਦ ਅਵਸਥਾ ਵਿਚ ਲੀਨ ਹੋ ਕੇ ਪੂਰਨ ਰੂਪ ਵਿਚ ਪ੍ਰਭੂ ਹੀ ਬਣਾ ਦੇਣਾ ਇਕ ਬਹੁਤ ਹੀ ਵੱਡੀ ਕਰਾਮਾਤ ਸੀ। ਜੋ ਅੱਜ ਤਕ ਭਾਰਤ ਵਰਗੇ ਬੇਅੰਤ ਜ਼ੁਲਮਾਂ ਦੇ ਹੇਠ ਲਤਾੜੇ ਹੋਏ ਨਿਮਾਣੇ ਤੇ ਨਿਤਾਣੇ ਬੰਦੇ ਨੂੰ ਇਕ ਪੂਰਨ ਮਨੁੱਖ ਦੇ ਰੂਪ ਵਿਚ ਪ੍ਰਗਟ ਕਰ ਦੇਣਾ, ਜੋ ਅਧਿਆਤਮਕ ਕਰਮਾਂ ਨੂੰ ਕਰਨ ਲਈ ਬ੍ਰਾਹਮਣ ਹੈ, ਸ਼ਸਤਰਾਂ ਦਾ ਪ੍ਰਯੋਗ ਕਰਨ ਲਈ ਖਤਰੀ ਹੈ, ਨਵੇਂ ਤੋਂ ਨਵਾਂ ਪ੍ਰਯੋਗ ਅਤੇ ਨਵੇਂ ਤੋਂ ਨਵਾਂ ਤਜਰਬਾ ਕਰਕੇ ਸਾਇੰਸਦਾਨ, ਡਾਕਟਰ, ਪ੍ਰੋਫੈਸਰ, ਜਰਨੈਲ ਅਤੇ ਚੰਗੇ ਤੋਂ ਚੰਗਾ ਸ਼ਾਸ਼ਕ ਹੋ ਕੇ, ਨੇਕ ਕਿਰਤ ਕਰਕੇ ਵੈਸ਼ ਦੇ ਕਰਮ ਕਰਨ ਵਾਲਾ ਭੀ ਹੋਣਾ, ਵੱਡੀ ਤੋਂ ਵੱਡੀ ਪਦਵੀ, ਰੁਤਬੇ ਪ੍ਰਾਪਤ ਕਰਕੇ ਭੀ ਪੂਰਨ ਗਿਆਨਵਾਨ ਸਾਧੂ, ਸੰਤ ਦਾ 'ਦਰਜਾ' ਹਾਸਲ ਕਰਕੇ ਛੋਟੀ ਤੋਂ ਛੋਟੀ ਸੇਵਾ ਕਰਨ ਲਈ ਤਤਪਰ ਰਹਿਣਾ ਜਿਵੇਂ ਕਿ ਜੋੜੇ ਝਾੜਨੇ, ਪੱਖੇ ਝੱਲਣੇ, ਜਲ ਪਿਲਾਉਣਾ, ਦਰੀਆਂ ਵਿਛਾਉਣੀਆਂ, ਹਸਪਤਾਲਾਂ ਵਿਚ ਅਣਜਾਣ ਬੰਦਿਆਂ ਦੀ ਸੇਵਾ ਕਰਨਾ, ਲੰਗਰ ਪਕਾਉਣੇ, ਲੰਗਰ ਛਕਾਉਣੇ, ਜੂਠੇ ਬਰਤਨ ਮਾਂਜਣੇ ਆਦਿ ਇਹ ਸਭ ਸੇਵਾਵਾਂ ਕਰਦਾ ਹੋਇਆ ਗੁਰਸਿੱਖ ਜੋਗੀ ਦਾ ਆਤਮ ਰਸ ਵਿਚ ਲੀਨ ਹੋ ਕੇ ਪੂਰਨ ਖਾਲਸਾ ਹੁੰਦੇ ਹੋਇਆਂ ਐਡੀ ਉਚੀ ਪਦਵੀ ਪ੍ਰਾਪਤ ਕਰ ਲੈਣਾ ਕਿ ਉਹ ਖੁਦ ਹੀ ਪ੍ਰਭੂ ਦੇ ਰੂਪ ਵਿਚ ਦ੍ਰਿਸ਼ਟੀ ਆਉਣ ਲਗਦਾ ਹੈ ਕਿ –

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
***ਸਰਬ ਲੋਹ ਗ੍ਰੰਥ***

ਸਤਿਗੁਰੂ ਦੀ ਪਦਵੀ ਪ੍ਰਾਪਤ ਕਰਦਾ ਹੋਇਆ ਇਕੋ ਮਨੁੱਖ ਖਾਲਸਾ ਦੇ ਰੂਪ ਵਿਚ ਅਨੇਕਾਂ ਕਿਰਿਆਵਾਂ ਦਾ ਧਾਰਨੀ ਹੁੰਦਾ ਹੋਇਆ ਸੰਸਾਰ ਵਿਚ ਖਾਲਸਾ ਪਦ ਦਾ ਮਾਲਕ ਹੋ ਕੇ ਵਿਚਰਨਾ, ਇਹ ਇਕ ਬਹੁਤ ਵੱਡੀ ਕਰਾਮਾਤ ਸੀ ਜੋ ਸੰਸਾਰ ਦੀ ਰਚਨਾ ਤੋਂ ਲੈ ਕੇ ਖਾਲਸਾ ਆਦਰਸ਼ ਦੇ ਪ੍ਰਗਟ ਹੋਣ ਤਕ ਕਿਸੇ ਤੋਂ ਵੀ ਨਹੀਂ ਹੋ ਸਕੀ ਸੀ। ਇਹ ਮਹਾਨ ਕਰਾਮਾਤ ਗੁਰੂ ਦਸ਼ਮੇਸ਼ ਪਿਤਾ ਜੀ ਨੇ ਮੁਰਦਿਆਂ ਨੂੰ ਜੀਵਨ ਦਾਨ ਦੇ ਕੇ ਸੰਸਾਰ ਵਿਚ ਪ੍ਰਗਟ ਕਰ ਦਿਤੀ। ਕਰਾਮਾਤ ਇਥੋਂ ਤਕ ਪੂਰੀ ਹੋਈ ਕਿ 84 ਲੱਖ ਜੂਨਾਂ ਵਿਚ ਗੇੜੇ ਖਾਣ ਵਾਲਾ ਕੀਟ, ਪਤੰਗ, ਕੁਰੰਗ, ਗਜ, ਮੀਨ, ਮੱਛੀਆਂ, ਪੰਛੀ, ਦਰਖਤ ਬਣਨ ਵਾਲੇ ਜੀਵ ਆਤਮਾ ਨੂੰ ਪ੍ਰਭੂ ਰੂਪ ਬਣਾ ਦੇਣਾ ਇਕ ਹੈਰਾਨ ਕਰਨ ਵਾਲੀ ਕਰਾਮਾਤ ਹੈ ਜੋ ਕੇਵਲ ਅਕਾਲ ਪੁਰਖ ਦੇ ਪੁਤਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਹੀ ਪੂਰੀ ਹੋ ਸਕੀ। ਇਸ ਖਾਲਸਾ ਪਦਵੀ ਤੇ ਪਹੁੰਚੇ ਹੋਇਆਂ ਨੂੰ ਸ੍ਰੀ ਅਸਕੇਤ ਦੀ ਗੋਦ ਵਿਚ ਨਿਵਾਸ ਦਿਵਾ ਦੇਣਾ, ਸਰਬ ਲੋਹ ਦੀ ਕ੍ਰਿਪਾ ਦਾ ਪਾਤਰ ਬਣਾ ਦੇਣਾ ਦਸ਼ਮੇਸ਼ ਪਿਤਾ ਤੋਂ ਹੀ ਹੋ ਸਕਿਆ ਸੀ। ਵਿਸਾਖੀ ਦਾ ਦਿਨ ਸੰਸਾਰ ਵਿਚ ਇਕ ਮਹਾਨ ਘਟਨਾ ਦਾ ਦਿਨ ਹੈ। ਅਜੇ ਤੀਕਰ ਸੰਸਾਰ ਨੂੰ ਇਹ ਸਮਝ ਹੀ ਨਹੀਂ ਆ ਸਕਿਆ ਕਿ ਖਾਲਸਾ ਆਦਰਸ਼ ਕੀ ਹੈ? ਇਸਦੀ ਵਡੱਤਣ ਕਿੰਨੀ ਉਚੀ ਹੈ? ਇਹ ਸੰਸਾਰ ਦਾ ਪੂਰਨ ਮਨੁੱਖ ਕਿਵੇਂ ਵਰਤਦਾ ਹੈ ਕਿਵੇਂ ਸੰਸਾਰ ਨੂੰ ਤਕਦਾ ਹੈ ਤੇ ਵੈਰ, ਕੀਨੇ, ਸਾੜਿਆਂ ਤੋਂ ਬਿਲਕੁਲ ਪਾਕ ਹੈ ਇਸ ਦੇ ਲਈ ਸਾਰਾ ਸੰਸਾਰ ਆਪਣਾ ਹੀ ਅੰਗ ਹੈ। ਪ੍ਰਤੱਖ ਰੂਪ ਵਿਚ ਜਦੋਂ ਭਾਈ ਘਨ੍ਹਈਆ ਬਗੈਰ ਵਿਤਕਰੇ ਤੋਂ ਜੰਗ ਵਿਚ ਪਾਣੀ ਪਿਲਾਂਦਾ ਹੈ ਤਾਂ ਉਸ ਦੀ ਕ੍ਰਿਆ ਨੂੰ ਕੋਈ ਸਮਝ ਨਹੀਂ ਸੀ ਸਕਿਆ ਪਰ ਜਿਨ੍ਹਾਂ ਦੇ ਅੰਦਰ ਪਾਣੀ ਦਾ ਘੁੱਟ ਉਸ ਦੇ ਹੱਥ ਨਾਲ ਛੋਹ ਕੇ ਚਲਿਆ ਜਾਂਦਾ ਸੀ ਉਹ ਅੰਦਰਲਾ ਹਨ੍ਹੇਰਾ ਗਵਾ ਕੇ ਨੇਤਰ ਪ੍ਰਕਾਸ਼ ਕਰਕੇ ਸਭਨਾਂ ਘਟਾਂ ਵਿਚ ਇਕ ਵਾਹਿਗੁਰੂ ਹੀ ਵੇਖਦਾ ਸੀ। ਜਦੋਂ ਗੁਰੂ ਦਸ਼ਮੇਸ਼ ਪਿਤਾ ਨੇ ਪੁਛਿਆ ਕਿ ਤੂੰ ਪਾਣੀ ਕਿਸਨੂੰ ਪਿਲਾਉਂਦਾ ਹੈਂ? ਤਾਂ ਉਸ ਦਾ ਉਤਰ ਸੀ ਕਿ ਸਾਹਿਬ ਜੀ! ਮੈਨੂੰ ਤੁਰਕ-ਅਤੁਰਕ ਹਿੰਦੂ-ਅਹਿੰਦੂ, ਆਪਣਾ-ਬੇਗਾਨਾ, ਵੈਰੀ-ਮਿਤਰ, ਮਾੜਾ ਤੇ ਚੰਗਾ, ਜ਼ਾਲਮ ਤੇ ਮਜ਼ਲੂਮ ਕੋਈ ਵੀ ਨਜ਼ਰ ਨਹੀਂ ਆ ਰਿਹਾ। ਜੇ ਨਜ਼ਰ ਆਉਂਦਾ ਹੈ ਤਾਂ ਕੇਵਲ ਇਕ ਤੇਰਾ ਹੀ ਰੂਪ ਘਟ-ਘਟ ਵਿਚ ਵਿਆਪਕ ਦਿਸਦਾ ਹੈ। ਗੁਰੂ ਮਹਾਰਾਜ ਜੀ ਉਸ ਪੂਰਨ ਮਨੁੱਖ ਤੇ ਪ੍ਰਸੰਨ ਹੋ ਕੇ ਮਲ੍ਹਮ ਦੀਆਂ ਡੱਬੀਆਂ ਅਤੇ ਪੱਟੀਆਂ ਬਖਸ਼ ਕੇ ਆਖਦੇ ਹਨ ਕਿ ਭਾਈ ਘਨਈਆ! ਤੂੰ ਖਾਲਸਾ ਪਦ ਪ੍ਰਾਪਤ ਕਰ ਲਿਆ ਹੈ। ਅੱਗੇ ਤੋਂ ਲੋੜ ਪੈਣ ਤੇ ਤੂੰ ਮੇਰੇ ਮਲ੍ਹਮ ਭੀ ਲਗਾਈਂ ਤੇ ਪਾਣੀ ਪਿਲਾ ਕੇ ਪੱਟੀਆਂ ਭੀ ਬੰਨ੍ਹੀ, ਇਹੋ ਮਹਾਨ ਉਚਾ ਆਦਰਸ਼ ਮੈਂ ਸੰਸਾਰ ਵਿਚ ਪ੍ਰਗਟ ਕਰਨ ਲਈ ਬ੍ਰਹਮਲੀਨ ਸਮਾਧੀ ਨੂੰ ਛੱਡ ਕੇ ਸਰੀਰਧਾਰੀ ਹੋਇਆ ਹਾਂ। ਕੁਬੁਧੀ ਦੂਰ ਕਰਕੇ ਸ-ਬੁਧਿ ਦਾ ਪ੍ਰਕਾਸ਼ ਕਰਨਾ ਮੇਰਾ ਕਰਤੱਵ ਹੈ। ਸਰਬੱਤ ਦਾ ਭਲਾ ਮੰਗਣ ਲਈ ਅਰਦਾਸ ਕਰਨਾ, ਇਸ ਖਾਲਸਾ ਲਈ ਜ਼ਰੂਰੀ ਲੋਚ ਹੈ। ਜਿਸ ਦਾ ਨਾਮ 'ਖਾਲਸਾ' ਹੈ। ਮੈਂ ਖਾਲਸਾ ਭੇਖ ਕੋਈ ਨਹੀਂ ਬਣਾਇਆ ਮੈਂ ਤਾਂ ਇਕ ਅਸਲੀ ਮਨੁੱਖ ਨੂੰ ਉਸ ਦਾ ਅਸਲੀ ਰੂਪ ਦਿਖਾ ਕੇ ਉਸ ਨੂੰ ਸਾਰੇ ਬੰਧਨਾਂ ਤੋਂ ਸੁਤੰਤਰ ਕਰਕੇ ਵਾਹਿਗੁਰੂ ਦਾ ਰੂਪ ਹੀ ਬਣਾਇਆ ਹੈ ਅਤੇ ਨਾਮ ਜਪਣ ਦੇ ਸ੍ਰੇਸ਼ਟ ਕਰਮ ਦਾ ਧਾਰਨੀ ਬਣਾਇਆ ਹੈ।

ਸੋ ਪਿਆਰੇ ਪਾਠਕੋ! ਵਿਚਾਰੋ ਉਸ ਮਹਾਨ ਉਚੇ ਆਦਰਸ਼ ਨੂੰ, ਉਸ ਗੁਰੂ ਦਸ਼ਮੇਸ਼ ਪਿਤਾ ਜੀ ਦੀ ਪੂਰੀ ਕਰਾਮਾਤ ਨੂੰ ਜੋ ਜੁਗਾਂ-ਜੁਗਾਂਤਰਾਂ ਤਕ ਆਪਣੇ ਬਲ ਨਾਲ ਸੰਸਾਰ ਵਿਚ ਚਲਦੀ ਰਹਿਣੀ ਹੈ ਅਤੇ ਖਾਲਸੇ ਦਾ ਆਦਰਸ਼ ਦਿਨੋ ਦਿਨ ਐਸਾ ਸੁਥਰਾ ਤੇ ਪ੍ਰਕਾਸ਼ਮਈ ਹੋ ਕੇ ਸੰਸਾਰ ਵਿਚ ਪ੍ਰਗਟੇਗਾ ਕਿ ਸਾਰਾ ਸੰਸਾਰ ਖਾਲਸਾ ਆਦਰਸ਼ ਨੂੰ ਪ੍ਰਗਟ ਕਰਨ ਲਈ ਤਰਸੇਗਾ, ਲੋਚੇਗਾ ਕਿਉਂਕਿ ਇਹ ਆਦਰਸ਼ ਇਸ ਸੁਪਨਮਈ ਸੰਸਾਰ ਵਿਚ ਪੂਰਨ ਹੈ, ਖਾਲਸਾ ਪੂਰਨ ਗਿਆਨਵਾਨ ਹੈ, ਇਸ ਨੇ ਮਾਇਆ ਨੂੰ ਪੂਰਨ ਰੂਪ ਵਿਚ ਜਿੱਤ ਲਿਆ ਹੈ, ਅਵਿਦਿਆ ਦੇ ਹਨ੍ਹੇਰੇ ਨੂੰ ਖੰਡ-ਖੰਡ ਕਰਕੇ

ਪ੍ਰਕਾਸ਼ ਹੀ ਪ੍ਰਕਾਸ਼ ਸੰਸਾਰ ਵਿਚ ਵਰਤਾਅ ਦਿਤਾ ਹੈ।

ਬੇਅੰਤ ਕਸ਼ਟ ਸਹਾਰ ਕੇ ਇਹ ਆਦਰਸ਼ ਅੱਗੇ ਹੀ ਅੱਗੇ ਵਧਦਾ ਗਿਆ। ਜੇ ਅਸੀਂ ਏਸ ਆਦਰਸ਼ ਨੂੰ ਚੇਤਨਾ ਸਹਿਤ ਸੰਸਾਰ ਦੇ ਮੰਚ ਵਿਚ ਪੇਸ਼ ਕਰੀਏ ਤਾਂ ਹੋ ਨਹੀਂ ਸਕਦਾ ਕਿ ਸੰਸਾਰ ਇਸ ਨੂੰ ਨਾ ਅਪਣਾਵੇ ਅਤੇ ਖਾਲਸਾ ਆਦਰਸ਼ ਨੂੰ ਪ੍ਰਵਾਨ ਨਾ ਕਰੇ। ਸਾਡੇ ਪ੍ਰਚਾਰਕ ਕੁਝ ਐਸੀ ਸਥਿਤੀ ਵਿਚ ਫਸੇ ਹੋਏ ਹਨ ਜਿਨ੍ਹਾਂ ਉਤੇ ਟੀਕਾ ਟਿੱਪਣੀ ਕਰਨੀ ਮੈਂ ਯੋਗ ਨਹੀਂ ਸਮਝਦਾ। ਗੁਰੂ ਮਹਾਰਾਜ ਸੁਮੱਤ ਦੇਣ, ਅਸਾਡਾ ਧਾਰਮਿਕ ਵਰਗ ਆਪਣੇ ਫਰਜ਼ ਦੀ ਪਹਿਚਾਣ ਕਰੇ ਅਤੇ ਇਸ ਮਹਾਨ ਉਚਤਾ ਵਿਚ ਲੀਨ ਹੋ ਕੇ ਖਾਲਸਾ ਪਦ ਦਾ ਆਨੰਦ ਮਾਣੇ ਅਤੇ ਫੇਰ ਇਸ ਨੂੰ ਸੰਸਾਰ ਦੇ ਮੰਚ ਉਤੇ ਪੇਸ਼ ਕਰਕੇ ਸਾਰੇ ਵਿਸ਼ਵ ਵਿਚ ਖਾਲਸਾ ਆਦਰਸ਼ ਪ੍ਰਚਲਤ ਕਰੇ ਜੋ ਸਾਰੇ ਸੁਖਾਂ ਦੇ ਦੇਣਹਾਰਾ ਹੈ, ਨਉਨਿਧੀਆਂ ਅਠਾਰਾਂ ਸਿੱਧੀਆਂ ਇਸ ਦੇ ਚਰਨਾਂ ਦੀ ਧੂੜ ਲੋਚਦੀਆਂ ਹਨ ਦੇਵਤੇ ਵੀ ਇਸ ਦੀ ਧੂੜੀ ਮੰਗਦੇ ਹਨ ਤੇ ਉਹ ਸੰਸਾਰ ਵਿਚ ਇਸ ਦੀ ਖੋਜ ਕਰ ਰਹੇ ਹਨ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*

*ਪੰਨਾ - 273*

ਪਿਆਰਿਓ! ਇਸ ਆਦਰਸ਼ ਨੂੰ ਸਮਝੋ, ਇਸ ਨੂੰ ਰਹੁਰੀਤਾਂ ਵਿਚ ਜਕੜਨ ਦੀ ਕੋਸ਼ਿਸ਼ ਨਾ ਕਰੋ, ਇਹ (Universal) ਵਿਸ਼ਵ ਜੀਵਨ ਦਾ ਪ੍ਰਤੀਕ ਹੈ, ਇਸ ਨੂੰ ਸਾਰੇ Universe (ਵਿਸ਼ਵ) ਸਾਰੇ ਦੇਸ਼ਾਂ, ਸਾਰੀਆਂ ਬੋਲੀਆਂ ਵਿਚ ਪ੍ਰਗਟ ਕਰੋ। ਆਪੇ ਖਾਲਸਾ ਬਣ ਕੇ ਕੁਝ ਨਹੀਂ ਸੰਵਰਦਾ। ਚਰਿਤ੍ਰਹੀਣ ਪ੍ਰਾਣੀ ਦਾ ਆਪਣੇ ਨਾਮ ਨਾਲ ਲਾਇਆ 'ਖਾਲਸਾ' ਅੱਖਰ ਇਸ ਮਹਾਨ ਆਦਰਸ਼ ਨੂੰ ਦੂਸ਼ਿਤ ਕਰਦਾ ਹੈ। ਸੋ ਇਨ੍ਹਾਂ ਕਮਜ਼ੋਰੀਆਂ ਤੋਂ ਬਚ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਰਸ਼ ਨੂੰ ਵਿਸ਼ਵ ਵਿਚ ਫੈਲਾਓ ਇਹੋ ਬੇਨਤੀ ਕਰਦਾ ਮੈਂ ਸਮਾਪਤ ਕਰਦਾ ਹਾਂ।

ਆਪ ਜੀ ਦੀ ਗਿਆਤ ਲਈ ਸੰਤ ਇੰਦਰ ਸਿੰਘ ਜੀ ਚਕਰਵਰਤੀ ਦੀ ਰਚੀ 'ਖਾਲਸੇ ਦੀ ਵਾਰ' ਅਸੀਂ 'ਆਤਮ ਮਾਰਗ' ਵਿਚ ਛਾਪ ਕੇ ਚਕਰਵਰਤੀ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ –

## ਖਾਲਸੇ ਦੀ ਵਾਰ

*ਪੁਰੀ ਅਨੰਦ ਵਿਚ ਦਸਮ ਗੁਰੂ ਧਰ ਤੇਜ ਕਰਾਰਾ।*
*ਤਖ਼ਤ ਰਚਾਇਆ ਸੱਚ ਦਾ ਵਣਜ ਪਸਾਰਾ।*
*ਔਰੰਗਜ਼ੇਬ ਦੇ ਦਿਲ ਵਿਚ ਡਰ ਵਧਿਆ ਭਾਰਾ।*
*ਉਸ ਭੇਜਿਆ ਇਕ ਰੀਪੋਰਟ ਲੈਣ ਆਪਣਾ ਹਲਕਾਰਾ।*
*ਜਿਸ ਆਪਣੀ ਅੱਖੀਂ ਵੇਖਿਆ ਇਹ ਖਾਸ ਨਜ਼ਾਰਾ।*
*ਲਿਖ ਭੇਜੀ ਉਸ ਰੀਪੋਰਟ ਸੀ ਸੱਚ ਜਿਵੇਂ ਨਿਹਾਰਾ।*
*ਮੈਂ ਵੇਖਿਆ ਗੁਰੂ ਗੋਬਿੰਦ ਦਾ ਅਦਭੁਤ ਕਾਰਾ।*
*ਇਸ ਵਿਸਾਖੀ ਦੇ ਪੁਰਬ ਤੇ ਸਭ ਪੰਥ ਹਕਾਰਾ।*
*ਤੰਬੂ ਲਾਇਆ ਕੇਸ ਗੜ੍ਹ ਸਾਜਿਆ ਦਰਬਾਰਾ।*
*ਭਰਿਆ ਖ਼ੂਬ ਦੀਵਾਨ ਜਦ ਕੱਠ ਹੋਇਆ ਸਾਰਾ।*
*ਹੱਥ ਵਿਚ ਪਕੜੀ ਤੇਗ਼ ਸੀ ਦਸਵੇਂ ਅਵਤਾਰਾ।*
*ਉਹ ਬਿਜਲੀ ਵਾਂਗੂੰ ਚਮਕਦੀ ਮਾਰੇ ਲਿਸ਼ਕਾਰਾ।*
*ਉਸ ਉਚੀ ਥਾਂਉ ਖਲੋ ਕੇ ਮਾਰਿਆ ਭਬਕਾਰਾ।*
*ਮੈਂ ਤਿਲਕ ਭਗੌਤੀ ਲਾਉਣਾ ਜਿਉਂ ਫੁਲ ਅਨਾਰਾ।*
*ਹੈ ਕੋਈ ਐਸਾ ਸੂਰਮਾ ਜਿਸ ਮਰਣ ਪਿਆਰਾ।*
*ਮੈਂ ਸੀਸ ਉੜਾਵਾਂ ਉਸ ਦਾ ਬੱਸ ਇਕੋ ਵਾਰਾ।*
*ਉਹ ਆਵੇ ਮੇਰੇ ਸਾਹਮਣੇ ਸਿਰ ਦੇਵਣ ਹਾਰਾ।*
*ਪਹਿਲੇ ਲਵੇ ਵੀਚਾਰ ਇਹ ਕੰਮ ਮੁਸ਼ਕਲ ਭਾਰਾ।*
*ਉਠ ਨੱਠੇ ਪਿਛੋਂ ਫੇਰ ਨਾ ਤਕ ਮੌਤ ਕਿਨਾਰਾ।*
*ਮੈਂ ਚੱਖਾਵਾਂ ਮੌਤ ਦਾ ਉਸ ਨੂੰ ਵਰਤਾਰਾ।*
*ਵਰਤੀ ਚੁੱਪ ਦਰਬਾਰ ਵਿਚ, ਰਹੇ ਸੁਣ ਕੇ ਨਾਰਾ।*
*ਤਦ ਉਠ ਖਲੋਤਾ ਦਿਆ ਰਾਮ ਜਿਸ ਸਿਰੜ ਸਹਾਰਾ।*
*ਮੇਰੇ ਧੰਨ ਭਾਗ ਗੁਰੁਦੇਵ ਜੀ! ਜੇ ਕੰਮ ਤੁਮਾਰਾ।*
*ਮੇਰਾ ਸਿਰ ਲਿਆਂ, ਸਿਰ ਜਾਏ ਜੇ ਸਦਕੇ ਬਲਿਹਾਰਾ।*
*ਫੜ ਸਰੇ-ਮੈਦਾਨ ਹੀ, ਉਸ ਦਾ ਸਿਰ ਕੱਪ ਉਤਾਰਾ।*
*ਵੱਗ ਤੁਰਿਆ ਤਦ ਧਰਤ ਤੇ ਰੱਤ ਦਾ ਪਰਨਾਰਾ।*
*ਜਦ ਫੇਰ ਗੁਰੂ ਨੇ ਆਖਿਆ ਉਹ ਵਾਕ ਦੁਬਾਰਾ।*
*ਕਈ ਕਮੀਨੇ ਕਾਇਰ ਨੱਸ ਗਏ, ਕੋਈ ਵੇਖ ਨਾ ਚਾਰਾ।*
*ਤਦ ਦੂਜਾ ਵੀ ਇਕ ਉਠਿਆ ਜੋ, 'ਧਰਮੀ' ਭਾਰਾ।*
*ਮੈਨੂੰ ਨਾਲ ਰਲਾ ਲੌ ਦਿਆ ਦੇ ਸਾਥ ਜੇ ਹਮਾਰਾ।*
*ਤਿਵੇਂ ਉਸ ਨੂੰ ਵੀ ਫੜ ਲਿਆ ਛੱਡ ਕੇ ਜੈਕਾਰਾ।*
*ਵਰਤਾਇਆ ਉਸ ਨਾਲ ਵੀ ਗੁਰੂ ਉਹੀ ਕਾਰਾ।*
*ਤੀਜੀ ਵਾਰੀ ਗੁਰੂ ਜੀ ਜਦ ਬੋਲ ਸੀ ਮਾਰਾ।*
*ਹਿੰਮਤ ਨਾਂ ਦਾ ਉਠਿਆ ਇਕ ਹੋਰ ਦੁਲਾਰਾ।*
*ਉਸ ਮਹੁਕਮ ਨਾਲ ਰਲਾ ਲਿਆ ਜੋ ਚੌਥਾ ਪਿਆਰਾ।*
*ਪੰਜਵੇਂ 'ਸਾਹਿਬ' ਆਣ ਕੇ ਸਭ ਕੰਮ ਸਵਾਰਾ।*
*ਇਵੇਂ ਪੰਜ ਨਿਤਾਰੇ ਸੂਰਮੇ ਆਪੋ ਆਪਣੀ ਵਾਰਾ।*
*ਉਹ ਦਿਤੇ ਸਨ ਝਟਕਾਏ ਸਭ, ਵੱਡ ਕੀਤਾ ਕਾਰਾ।*
*ਰੱਖ ਦਿਤੇ ਸਿਰ ਧੜਾਂ ਤੇ ਅੰਮ੍ਰਿਤ ਛੜਕਾਰਾ।*
*ਉਹ ਹੋ ਗਏ ਪਹਿਲਾਂ ਵਾਂਗ ਹੀ ਜਪਦੇ ਕਰਤਾਰਾ।*
*ਗੁਰੂ ਵੱਢ ਕੇ ਜੋੜੇ ਫੇਰ ਸਿਰ, ਕਰ ਮਹੁਜਜ਼ਾ ਭਾਰਾ।*
*ਇਹ ਧੜ ਉਹ ਹੀ, ਸਿਰ ਉਹ ਹੀ, ਨਹੀਂ ਕੀਆ ਨਿਤਾਰਾ।*
*ਜਿਸ ਧੜ ਤੇ ਜਿਹੜਾ ਰਖਿਆ, ਜੜਿਆ ਬਿਨਾ ਬਾਰਾ।*
*ਲਾਉਂਦਾ ਪੇਵੰਦ ਜਿਉਂ ਬਾਗਬਾਨ, ਹੋਰ ਸ਼ਾਖ ਹੋਰ ਡਾਰਾ।*
*ਇਵੇਂ ਸਾਂਝੀ ਧੜਕਣ ਪੰਥ ਦੀ ਕਰ ਇਕੋ ਵਾਰਾ।*
*ਗੁਰ ਮਾਰੀ ਭਬਕ ਦੀਵਾਨ ਵਿਚ ਜੋ ਸੁਣੀ ਹਜ਼ਾਰਾ।*
*ਉਸ ਮੁਗਲ ਰਾਜ ਦੂਰ ਕਰਨ ਦਾ ਕੀਤਾ ਇਕਰਾਰਾ।*
*ਉਸ ਦੇਸ ਆਜ਼ਾਦੀ ਵਾਸਤੇ ਇਹ ਕੀਆ ਪਸਾਰਾ।*
*ਸੁਣ ਡਰ ਡਰ ਉਠਣ ਪਹਾੜੀਏ ਰਣਜੀਤ ਨਗਾਰਾ।*
*ਕੋਈ ਲਾ ਲੌ ਜੇ ਕਰ ਲਗਦਾ ਹੈ, ਆਪਣਾ ਚਾਰਾ।*
*ਉਸ ਵਸ ਕੀਤਾ ਹੈ ਸ਼ਿਕਸਤ ਨੂੰ ਕਰ ਜਾਪ ਉਚਾਰਾ।*
*ਉਸ ਪੰਥ ਰਚਾਇਆ ਖ਼ਾਲਸ ਵੱਡ ਜੋਧ ਉਪਾਰਾ।*
*ਉਸ ਪਾਹੁਲ ਪਲਾਈ ਖੰਡੇ ਧਾਰ, ਕਰ ਜਨਮ ਸੁਹੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ.............।*

(-------------)

# ਸਬਦੁ ਖੋਜਿ ਇਹੁ ਘਰੁ ਲਹੈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

ਸ਼ਾਨ..........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯*
*ਧਾਰਨਾ - ਜਪੀਐ ਸੁਖ ਸਾਗਰ ਜੀ*
*ਇੱਛਾ ਮਨ ਕੀ ਪੂਰੀਐ - ੨, ੨*
***ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ ॥***
***ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥***
***ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥***
***ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥***
***ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ ॥***
***ਅੰਗ - ੧੩੧੮***

ਸਾਧਸੰਗਤ ਜੀ, ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਆਪਾਂ ਸਾਰਿਆਂ ਨੇ ਗੁਰੂ ਮਹਾਰਾਜ ਦਾ ਬਚਨ ਗਾ ਕੇ ਪੜ੍ਹਿਆ ਹੈ, ਮਹਾਰਾਜ ਕਹਿੰਦੇ, ਜੋ ਸੁੱਖਾਂ ਦਾ ਖਜ਼ਾਨਾ ਹੈ ਵਾਹਿਗੁਰੂ, ਉਹਦਾ ਤੁਸੀਂ ਜਾਪ ਕਰੋ। ਉਹਦਾ ਜਾਪ ਕਰਨ ਨਾਲ ਕੀ ਹੋਏਗਾ? ਇਹ ਗੱਲ ਜਿਹੜੀ ਅਗਾਹਾਂ ਦੀ ਮਹਾਰਾਜ ਦੱਸਦੇ ਨੇ ਉਹ ਸਾਡੀ ਸਮਝ ਵਿੱਚ ਨਹੀਂ ਪੈਂਦੀ। ਪਹਿਲੀ ਤਾਂ ਅਸੀਂ ਸਮਝ ਲੈਂਦੇ ਹਾਂ ਕਿ ਮਹਾਰਾਜ ਕਹਿੰਦੇ, ਉਹਦਾ ਜਾਪ ਕਰੋ, ਜੋ ਸੁੱਖਾਂ ਦਾ ਖਜ਼ਾਨਾ ਹੈ, ਸੁੱਖਾਂ ਦਾ ਸਮੁੰਦਰ ਹੈ। ਜਿਹਦੇ 'ਚ ਸੁੱਖ ਹੀ ਸੁੱਖ ਹਨ, ਕੋਈ ਗਿਣਤੀ ਮਿਣਤੀ ਨਹੀਂ ਹੈ; ਉਹਦਾ ਜਾਪ ਕਰੋ, ਉਹਦੇ ਨਾਲ ਕੀ ਹੋਏਗਾ ਮਨ ਦੀਆਂ ਸਾਰੀਆਂ ਇਛਿਆਵਾਂ, ਵਾਸ਼ਨਾਵਾਂ ਸਭ ਪੂਰੀਆਂ ਹੋ ਜਾਣਗੀਆਂ। ਨਹੀਂ ਤਾਂ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਸਾਰੀਆਂ ਇਛਾਵਾਂ ਜਿੰਨੀਆਂ ਵੀ ਹਨ ਉਹ ਕੌੜੀਆਂ ਦਿਸਣ ਲੱਗ ਜਾਂਦੀਆਂ ਨੇ ਫੇਰ ਲੋੜ ਹੀ ਨਹੀਂ ਰਹਿੰਦੀ ਕਿਸੇ ਦੀ। ਨਾ ਮਾਣ ਦੀ ਲੋੜ ਰਹਿੰਦੀ ਹੈ, ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ, ਚੀਜ਼ਾਂ ਆਪਣੇ ਆਪ ਹੀ ਪਿੱਛੇ ਤੁਰ ਪਿਆ ਕਰਦੀਆਂ ਨੇ, ਜਿਹੜਾ ਪਿੱਠ ਦੇ ਦਿੰਦਾ ਹੈ, ਪਰਛਾਵਾਂ ਉਹਦੇ ਪਿੱਛੇ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਜੇ ਇੱਛਿਆ ਅਜੇ ਤੈਨੂੰ ਤੰਗ ਕਰਦੀ ਹੈ ਤੇਰੀਆਂ ਇੱਛਿਆਂ ਪੁੱਤਰ ਦੀ ਲੋੜ ਹੈ ਤਾਂ ਪੁੱਤਰ ਮਿਲ ਜਾਂਦਾ ਹੈ। ਜਾਇਦਾਦ ਦੀ ਲੋੜ ਹੈ ਜਾਇਦਾਦ ਮਿਲ ਜਾਂਦੀ ਹੈ, ਕਾਰੋਬਾਰ ਦੀ ਲੋੜ ਹੈ ਕਾਰੋਬਾਰ ਮਿਲ ਜਾਂਦਾ ਹੈ। ਕਿਸੇ ਅਹੁਦੇ ਦੀ, ਨੌਕਰੀ ਚਾਕਰੀ, ਤਰੱਕੀ ਦੀ ਲੋੜ ਹੈ ਉਹ ਮਿਲ ਜਾਂਦੀ ਹੈ, ਤੂੰ ਜਪ ਕੇ ਤਾਂ ਦੇਖ ਕਦੇ ਜਪਦਾ ਨਹੀਂ ਹੈ -

***ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥***
***ਅੰਗ - ੧੩੧੮***

'ਰਤਨਾਗਰ' ਕਹਿੰਦੇ ਨੇ ਬਹੁਤ ਹੀ ਕੀਮਤੀ ਜਿਹੜੀ ਚੀਜ਼ ਹੈ, ਗੁਰੂ ਦਾ ਸ਼ਬਦ ਉਹ ਹਰੀ ਦੇ ਚਰਨਾਂ ਦੀ ਆਰਾਧਨਾ ਕਰ-

***ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥***
***ਅੰਗ - ੧੩੧੮***

ਨਾਲ ਮਹਾਰਾਜ ਨੇ ਸ਼ਰਤ ਲਾ ਦਿੱਤੀ ਇਹ ਤੇਰੇ ਤੋਂ ਇਕੱਲੇ ਤੋਂ ਨਹੀਂ ਹੋਣਾ, ਸਾਧੂਆਂ ਦੀ ਸੰਗਤ ਦੇ ਨਾਲ ਮਿਲੇਂਗਾ, ਫੇਰ ਤੈਨੂੰ ਜਾਂਚ ਆ ਜਾਏਗੀ ਕਿ ਕਿਵੇਂ ਜਪੀਦਾ ਹੈ, ਜਪਦੀ ਤਾਂ ਸਾਰੀ ਦੁਨੀਆ ਹੈ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਅੰਗ - ੪੯੧***

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥***
***ਅੰਗ - ੧੩੭੪***

ਸਾਡਾ ਰਾਮ ਕਹਿਣ 'ਤੇ ਕਿਉਂ ਨਹੀਂ ਰਾਜ਼ੀ ਹੋ ਜਾਂਦਾ ਬੰਦਾ। ਮਾਤਾ ਲੋਈ ਜੀ ਨੇ ਤਿੰਨ ਵਾਰੀ ਰਾਮ ਕਹਿ ਕੇ ਰਾਜੇ ਦਾ ਨਾਲੇ ਕੋਹੜ ਹਟਾ ਦਿੱਤਾ ਨਾਲੇ ਨਾਮ ਦੇ ਦਿੱਤਾ, ਨਾਲੇ ਪਾਪ ਹਟਾ ਦਿੱਤੇ। ਤਿੰਨ ਕੰਮ ਕਰ ਦਿੱਤੇ। ਸੋ ਐਡਾ ਨਾਮ - 'ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥' ਤੇ ਜਮਾਂ ਦੇ ਸਾਡੇ ਕਾਗਜ਼ ਪਏ ਨੇ ਦਫਤਰਾਂ ਦੇ ਦਫਤਰ ਰੱਖੇ ਹੋਏ, ਇੱਕ-ਇੱਕ ਬੰਦੇ ਦੀ ਕਰੋੜ-ਕਰੋੜ ਫਾਈਲ ਹੈ। ਆਹ ਮੇਰੀ ਗੱਲ ਨੂੰ ਐਸ ਤਰ੍ਹਾਂ ਨਾ ਸਮਝਿਓ ਕਿ ਅਤਿਕਥਨੀ ਕਰ ਰਿਹਾ ਹਾਂ। ਸਾਨੂੰ ਖਰਬਾਂ-ਖਰਬਾਂ ਸਾਲ ਹੋ ਗਏ ਘੁੰਮਦਿਆਂ ਨੂੰ। ਅਸੀਂ ਲੇਖੇ-ਪੱਤੇ ਬੀਜਦੇ ਤੁਰੇ ਜਾਂਦੇ ਹਾਂ। ਕਿਤੇ ਲੈਣਾ ਹੈ, ਕਿਤੇ ਦੇਣਾ ਹੈ, ਕਿਸੇ ਨੂੰ ਤੰਗ ਕਰਿਆ ਹੈ, ਕਿਸੇ ਨੇ ਇਹਨੂੰ ਤੰਗ ਕਰਿਆ ਹੈ। ਉਹ ਕਰਮ ਬਣਦੇ ਤੁਰੇ ਜਾਂਦੇ ਨੇ। ਅੱਡ-ਅੱਡ ਕਰਮ, ਅੱਡ-ਅੱਡ ਫਾਈਲ। ਉਨ੍ਹਾਂ ਕਾਗਜ਼ਾਂ ਦੇ ਢੇਰ ਲੱਗੇ ਪਏ ਨੇ, ਅੰਬਾਰ ਲੱਗੇ ਪਏ ਨੇ। ਮਹਾਰਾਜ ਕਹਿੰਦੇ, ਜਦੋਂ ਬੰਦਗੀ ਕਰਦਾ ਹੈ, ਉਹ ਕਾਗਜ਼ ਜਿਹੜੇ ਨੇ ਉਹ ਸਾਰੇ ਹੀ ਪਾਟ ਜਾਂਦੇ ਨੇ। ਸਾਧੂ ਨੇ ਐਸੀ ਜੁਗਤੀ ਦੱਸਣੀ ਹੈ ਕਾਗਜ਼ ਪਏ ਦੇ ਪਏ ਰਹਿ ਜਾਂਦੇ ਨੇ, ਲਾਂਭੇ ਦੀ ਲੰਘ ਜਾਂਦਾ ਹੈ -

***ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥***
***ਅੰਗ - ੧੩੧੮***

ਜਨਮ ਦਾ ਜੋ ਪਦਾਰਥ ਆਤਮਾ ਪ੍ਰਾਪਤੀ ਹੈ, ਜਿਸਨੂੰ ਜਿੱਤਣਾ ਕਹਿੰਦੇ ਨੇ ਕਹਿੰਦੇ ਉਹਨੂੰ ਬੈਰਾਗ ਦੇ ਵਿੱਚ ਆ ਕੇ ਜਪ। ਬੈਰਾਗ ਕਿਸੇ ਵਿਰਲੇ ਨੂੰ, ਭਾਗਾਂ ਵਾਲਿਆਂ ਨੂੰ ਲਗਦਾ ਹੈ, ਸਾਰਿਆਂ ਨੂੰ ਬੈਰਾਗ ਨਹੀਂ ਲੱਗਿਆ ਕਰਦਾ। ਕੋਈ-ਕੋਈ ਹੁੰਦਾ ਹੈ, ਉਹ ਵੀ ਕੋਈ ਪੂਰਬਲੇ ਸੰਸਕਾਰ, ਕੋਈ ਵੱਡਾ ਮਹਾਂਪੁਰਸ਼ ਮਿਲ ਜਾਵੇ, ਜਿਹਦੇ ਨਾਲ ਦਿਲ ਦਾ ਸੌਦਾ ਕਰ ਲਿਆ ਜਾਵੇ। ਉਹ ਗੁਲਾਮੀ ਤੇ ਉਹਦੀ ਚਾਕਰੀ ਸਿਰ ਦੇ ਉਤੇ ਚੁੱਕ ਲਈ ਜਾਵੇ। ਫੇਰ ਬੈਰਾਗ ਲੱਗਿਆ ਕਰਦਾ ਹੈ। ਕਹਿੰਦੇ ਉਹ ਬੈਰਾਗ 'ਚ ਆ ਕੇ ਜਨਮ ਪਦਾਰਥ ਜਿੱਤਿਆ ਜਾਂਦਾ ਹੈ।

*ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ ॥*

*ਅੰਗ - ੧੩੧੮*

ਦੁੱਖਾਂ ਦੇ ਜਿਹੜੇ ਦਾਗ ਲੱਗੇ ਹੋਏ ਨੇ ਸਾਰਿਆਂ ਦਾ ਖਾਤਮਾ ਹੋ ਜਾਏਗਾ। ਜਦੋਂ ਅਸੀਂ ਸਤਿਗੁਰੂ ਦੀ ਸ਼ਰਨ ਪੂਰੀ ਤਰ੍ਹਾਂ, ਪੂਰੇ ਭਰੋਸੇ ਨਾਲ, ਪੂਰੇ ਨਿਹਚੇ ਨਾਲ, reservation ਛੱਡ ਕੇ ਜਦੋਂ ਗੁਰੂ ਦੇ ਦਰ 'ਤੇ ਆ ਜਾਵਾਂਗੇ, ਫੇਰ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਨਾਮ ਜਪਣ ਦੀ ਜੁਗਤੀ ਦੱਸੀ। ਨਾਮ ਤਾਂ ਬਹੁਤ ਦੁਨੀਆਂ ਜਪਦੀ ਸੀ, ਮਾਲਾ ਫੇਰਦੀ ਸੀ। ਨਾਮ ਵੀ ਅਨੇਕ ਸੀ। ਮਹਾਰਾਜ ਕਹਿੰਦੇ ਸਾਡਾ ਕਿਸੇ ਨਾਮ ਨਾਲ ਵਿਰੋਧ ਨਹੀਂ ਹੈ।

*ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥* *ਅੰਗ - ੧੧੬੮*

ਜਿੰਨੇ ਵੀ ਨਾਮ ਜਪਣ ਵਾਲੇ, ਜਿਸ ਨਾਮ ਨਾਲ ਵੀ ਪ੍ਰਮੇਸ਼ਰ ਨੂੰ ਯਾਦ ਕਰਦੇ ਨੇ। ਅਸੀਂ ਬਲਿਹਾਰ ਜਾਂਦੇ ਹਾਂ ਕਿਉਂਕਿ ਉਹਦੇ ਵਿੱਚ ਭੇਤ ਨਹੀਂ ਹੋਇਆ ਕਰਦਾ ਹੈ। ਗੱਲ ਜਦ ਸਮਝ 'ਚ ਆ ਜਾਂਦੀ ਹੈ ਉਸ ਵੇਲੇ ਪਤਾ ਲਗਦਾ ਹੈ। ਸੋ ਉਹ ਜੁਗਤ ਮਹਾਰਾਜ ਨੇ ਸੰਸਾਰ ਨੂੰ ਦੱਸੀ ਕਿਉਂਕਿ ਸੰਸਾਰ ਬਹੁਤ ਭੁੱਲ-ਭੁਲਾਈਆਂ ਦੇ ਵਿੱਚ ਤੇ ਆਹ ਪਾਣੀ ਦੇ ਵਿੱਚ ਪੈਂਦੇ ਨੇ, ਕੱਪਰ ਜਿਹਨੂੰ ਕਹਿੰਦੇ ਨੇ, ਘੁੰਮਦਾ ਹੁੰਦਾ ਹੈ ਪਾਣੀ, ਐਹੋ ਜਿਹੇ ਥਾਂ ਫਸ ਗਿਆ ਸੀ, ਨਾ ਨਿਕਲ ਸਕਦਾ ਸੀ, ਡੁੱਬ ਰਿਹਾ ਸੀ ਦਿਨ ਰਾਤ। ਪਿਛਲੀ ਵਾਰੀ ਮੈਂ ਦੱਸਿਆ ਸੀ, ਬੇਨਤੀ ਕਰੀ ਸੀ ਕਿ ਹਿੰਦੋਸਤਾਨ ਦੇ ਅੰਦਰ ਇੱਕ ਸਮਾਂ ਵਾਧੂ ਗੱਲ 'ਚ ਬਤੀਤ ਕੀਤਾ ਜਾਂਦਾ ਸੀ। ਬੇਮਤਲਬਾ ਝਗੜਾ ਸੀ ਇੱਥੇ ਕਿ ਔਹ ਖਾਓ, ਔਹ ਨਾ ਖਾਓ। ਮਹਾਰਾਜ ਕਹਿੰਦੇ, ਇਹ ਤਾਂ ਮੂਰਖਾਂ ਦਾ ਝਗੜਾ ਹੈ ਜਿਹੜੇ ਖਾਣ ਪਿੱਛੇ ਦੀਆ ਗੱਲਾਂ ਕਰਦੇ ਨੇ। ਗੱਲ ਇਹ ਕਰੋ -

*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥*

*ਅੰਗ - ੧੬*

ਜਿਹੜਾ ਖਾਣਾ ਮਨ ਦੇ ਵਿੱਚ ਵਿਕਾਰ ਪੈਦਾ ਕਰ ਦਿੰਦਾ ਹੈ, ਤਮੋ ਗੁਣ ਪੈਦਾ ਕਰਦਾ ਹੈ, ਰਜੋ ਗੁਣ ਪੈਦਾ ਕਰਦਾ ਹੈ ਉਹਨੂੰ ਨਾ ਖਾਓ, ਸਤੋਗੁਣ ਦਾ ਭੋਜਨ ਛਕੋ। ਇਹ ਹੁਣ ਆਪ ਪੁੱਛਣਾ ਚਾਹੀਦਾ ਹੈ ਕਿ ਸਤੋ ਗੁਣ ਦਾ ਭੋਜਨ ਕਿਹੜਾ ਹੈ ਜੀ। ਦੂਸਰਾ ਜਿਹੜਾ ਭੋਜਨ ਖਾਣ ਨਾਲ ਤੁਹਾਡੇ ਸਰੀਰ ਦੇ ਅੰਦਰ ਦਰਦਾਂ ਪੈਦਾ ਹੁੰਦੀਆਂ ਨੇ, ਬਿਮਾਰੀ ਪੈਦਾ ਹੁੰਦੀ ਹੈ, ਉਹ ਨਾ ਖਾਓ। ਇਕੱਲੀ-ਇਕੱਲੀ ਲਿਸਟ ਤਾਂ ਨਹੀਂ ਬਣਾਈ ਜਾਂਦੀ। ਚਾਹ ਕਿਸੇ ਨੂੰ ਮੁਆਫਕ ਆਉਂਦੀ ਨਹੀਂ ਹੈ, ਡਕਾਰ ਆਉਣ ਲੱਗ ਜਾਂਦੇ ਨੇ, ਮਿਹਦਾ ਕੰਮ ਕਰਨ ਤੋਂ ਹਟ ਜਾਂਦਾ ਹੈ। ਸਰੀਰ ਦੇ ਵਿੱਚ ਗਰਮੀ ਆਉਣੀ ਸ਼ੁਰੂ ਹੋ ਜਾਂਦੀ ਹੈ। ਤਲੀਆਂ ਦੇ ਵਿੱਚੋਂ ਪੈਰ ਦੀਆਂ ਪੇਤਲੀਆਂ ਦੇ ਵਿਚੋਂ ਪਸੀਨਾ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਆਪ ਸੋਚੋ ਕਿ ਆਹ ਚੀਜ਼ ਮੈਨੂੰ ਵਿਗਾੜ ਕਰਦੀ ਹੈ, ਮਿਰਚਾਂ ਲਾਲ ਖਾਂਦਾ ਹੈ ਵਿਗਾੜ ਹੁੰਦਾ ਹੈ। ਬਵਾਸੀਰ ਵਗੈਰਾ ਇਹੋ ਜਿਹੀਆਂ ਬਿਮਾਰੀਆਂ ਨੂੰ ਜਨਮ ਦਿੰਦਾ ਹੈ ਨਾ ਖਾਓ ਲਾਲ ਮਿਰਚਾਂ।

ਲਸਣ ਵਗੈਰਾ ਅਦਰਕ ਵਗੈਰਾ ਗਰਮੀ ਪੈਦਾ ਕਰਦਾ ਹੈ। ਮਨ ਦੇ ਵਿੱਚ ਬੇਚੈਨੀ ਤੇ ਤਮੋ ਗੁਣ ਪੈਦਾ ਕਰਦਾ ਹੈ ਨਾ ਖਾਓ। ਇਕੱਲੀ-ਇਕੱਲੀ ਚੀਜ਼ ਦੀ ਮਹਾਰਾਜ ਕਹਿੰਦੇ ਲਿਸਟ ਨਹੀਂ ਬਣਾਈ ਜਾਂਦੀ। ਇਹ ਸਾਰਿਆਂ ਨੂੰ ਕਿਹਾ ਹੈ ਕਿ ਤੁਸੀਂ ਮੂਰਖ ਹੋਂ ਝਗੜਾ ਕਰਨ ਵਾਲੇ। ਗੱਲ ਸਾਇੰਟੇਫੀਕਲੀ ਦੇਖੋ ਤੇ ਨਾਲ ਤੁਸੀਂ ਦੇਖੋ ਕਿ ਰੂਹਾਨੀਅਤ ਦੇ ਵਿੱਚ ਕਿਸ ਤਰ੍ਹਾਂ ਅਸੀਂ ਚੱਲ ਸਕਦੇ ਹਾਂ, ਸੋ ਇਹ ਪੱਕਾ ਫੈਸਲਾ ਹੈ ਕਿਸ ਸਤੋ ਗੁਣ ਖੁਰਾਕ ਰੂਹਾਨੀਅਤ ਦੇ ਵਿੱਚ ਮਦਦ ਦਿੰਦੀ ਹੈ। ਜਿਹੜੀ ਕਿਸੇ ਦਾ ਗਲ ਵੱਢ ਕੇ ਖਾਓ ਉਹਦੇ ਵਿੱਚ ਫਾਈਲਾਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਹਨ। ਪਹਿਲਾਂ ਖਾਂਦਾ ਹੈ ਫੇਰ ਆਦਮੀ ਲੇਖੇ ਦਿੰਦਾ ਹੈ। ਕਿਉਂ ਐਹੋ ਜਿਹਾ ਬੀਜ ਬੀਜਦੇ ਓ ਜਿਹਦੇ ਨਾਲ ਫੇਰ ਲੇਖੇ ਦੇਣੇ ਪੈਣ-

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*

*ਅੰਗ - ੯੧੮*

ਸੋ ਆਪ ਭਾਈ ਬਾਲੇ ਤੇ ਮਰਦਾਨੇ ਨੂੰ ਕਹਿਣ ਲੱਗੇ ਕਿ ਭਾਈ ਬਾਲਾ! ਬਹੁਤ ਜ਼ਿਆਦਾ ਦੁਨੀਆਂ ਦੇ ਅੰਦਰ ਹਨ੍ਹੇਰ ਛਾ ਗਿਆ ਕਿ ਚਲੋ ਹੁਣ ਤੀਰਥ 'ਤੇ ਚੱਲੀਏ। ਕੁੰਭ ਦਾ ਮੇਲਾ ਲੱਗ ਰਿਹਾ ਹੈ ਉਥੇ ਵੱਡੇ-ਵੱਡੇ ਸਾਧੂ, ਵੱਡੇ-ਵੱਡੇ ਗਿਆਨਵਾਨ ਪੰਡਤ ਕਥਨੀ ਦੇ ਉਥੇ ਆਉਣਗੇ ਤੇ ਉਥੇ ਆਪਾਂ ਚਲਦੇ ਹਾਂ, ਦਰਸਨ ਦੀਦਾਰੇ ਕਰਦੇ ਹਾਂ। ਪਰ ਹਨ੍ਹੇਰਾ ਛਾਇਆ ਪਿਆ, ਪੂਰਾ ਗੁਰੂ ਸੰਸਾਰ ਦੇ ਵਿੱਚੋਂ ਅਲੋਪ ਹੋ ਚੁੱਕਿਆ ਹੈ। ਕੱਚੇ ਗੁਰੂਆਂ ਦੀ ਭਰਮਾਰ ਹੈ, ਬੇਅੰਤ ਕੱਚੇ ਗੁਰੂ ਪੰਡਤ ਗੁਰੂ ਅੰਨੇ ਗੁਰੂ ਤੁਰੇ ਫਿਰਦੇ ਨੇ। ਕੋਈ ਉਹ ਨਹੀਂ ਹੈ ਜਿਹੜਾ ਸੱਚ ਦੇ ਰਾਹ 'ਤੇ ਲਾ ਦੇਵੇ। ਸੱਚ ਦਾ ਰਸਤਾ ਦਿਖਾ ਦੇਵੇ, ਏਸ ਹਨ੍ਹੇਰੇ ਨੂੰ ਕੋਈ ਦੂਰ ਨਹੀਂ ਕਰ ਸਕਦਾ। ਸੋ ਐਸੇ ਹਨ੍ਹੇਰੇ ਦੇ ਅੰਦਰ ਜਿਹੜੀ ਸੰਸਾਰ ਦੀ ਲੋਕਾਈ ਹੈ, ਭੁੱਲ ਭੁਲਾਈਆਂ 'ਚ ਪਈ ਹੋਈ, ਰਸਤੇ ਤੋਂ ਖੁਸੀ ਹੋਈ, ਕੀ ਪੰਡਤ ਨੇ, ਕੀ ਜੋਗੀ ਨੇ, ਕੀ ਸੰਨਿਆਸੀ ਨੇ, ਕੀ ਪੀਰ ਨੇ, ਕੀ ਫਕੀਰ ਨੇ ਸਾਰਿਆਂ ਨੇ ਪ੍ਰਮੇਸ਼ਰ ਦੀ ਟੇਕ ਨੂੰ ਤਾਂ ਛੱਡ ਦਿੱਤਾ ਤੇ ਦ੍ਰਿਸ਼ਟਮਾਨ ਦੇ ਪਸਾਰੇ ਵਿੱਚ, ਮਾਇਆ ਦੇ ਪਿਆਰ ਵਿੱਚ ਮੋਹਤ ਹੋਏ-ਹੋਏ ਅੱਖਾਂ ਅੰਨ੍ਹੀਆਂ ਕਰ ਚੁੱਕੇ ਨੇ। ਪ੍ਰਕਾਸ਼ ਖੋ ਚੁੱਕੇ ਨੇ, ਕਿਸੇ ਨੂੰ ਮਾਇਆ ਦੀ ਲੋੜ ਹੈ, ਕਿਸੇ ਨੂੰ ਪ੍ਰਭਤਾ ਦੀ ਲੋੜ, ਇਹ ਪੀਰ ਫਕੀਰ ਵੀ ਲੋੜਾਂ ਵਿੱਚ ਆ ਗਏ, ਸੰਨਿਆਸੀ ਵੀ ਲੋੜਾਂ ਵਿੱਚ ਆ ਗਏ, ਜੋਗੀਆਂ ਨੂੰ ਵੀ ਲੋੜਾਂ ਪੈ ਗਈਆਂ। ਪੰਡਤਾਂ ਨੂੰ ਵੀ ਲੋੜਾਂ ਪੈ ਗਈਆਂ ਤੇ ਪ੍ਰਮੇਸ਼ਰ ਦੀ ਜਿਹੜੀ ਟੇਕ ਅੰਦਰ ਉਸ ਤੋਂ ਹਿੱਲ ਚੁੱਕੇ ਨੇ ਸੋ ਅੰਤ੍ਰੀਵ ਨੇਤਰ ਸੀ ਉਹ ਅੰਨ੍ਹੇ ਹੋ ਗਏ ਤੇ ਹਉਮੈ ਦੀ ਮੈਲ ਛਾ ਗਈ ਕਿਉਂਕਿ ਗੁਰੂ ਤੋਂ ਬਗੈਰ ਹਨ੍ਹੇਰਾ ਹੋਇਆ ਕਰਦਾ ਹੈ, ਭਰਮਾਂ ਦੇ ਵਿੱਚ ਪੈ ਜਾਂਦਾ ਹੈ ਸੰਸਾਰ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਬਿਨਾਂ ਗੁਰਾਂ ਤੋਂ ਹਨ੍ਹੇਰਾ ਛਾ ਗਿਆ,*
*ਭਰਮਾਂ ਵਿੱਚ ਪੈ ਗਈ ਦੁਨੀਆਂ।*

ਮਰਦਾਨਿਆ! ਸੰਸਾਰ ਭਰਮ ਦੀਆਂ ਭੁੱਲ ਭੁਲਾਈਆਂ ਵਿੱਚ ਭੁੱਲ ਗਿਆ, ਰਸਤਾ ਨਜ਼ਰ ਨਹੀਂ ਆਉਂਦਾ। ਇੱਕ ਥਾਂ ਤੋਂ ਨਿਕਲਦੇ ਨੇ ਦੂਜੇ ਘਰ ਵਿੱਚ ਜਾ ਵੜਦੇ ਨੇ। ਦੂਜੇ 'ਚੋਂ ਨਿਕਲਦੇ ਨੇ ਤੀਸਰੇ 'ਚ ਚਲੇ ਜਾਂਦੇ ਨੇ। ਭੁੱਲ-ਭਲਾਈ ਚੀਜ਼ ਹੀ ਐਸੀ ਬਣਾਈ ਹੋਈ ਹੈ। ਜਿਸਨੇ ਕਦੇ ਭੁੱਲ-ਭਲਾਈਆਂ 'ਚ ਪੈ ਕੇ ਕਦੇ ਦੇਖਿਆ ਹੈ ਕਿ ਬਾਹਰ ਨਿਕਲਣ ਲਈ ਬਹੁਤ ਹੀ ਟੈਕਨੀਕ ਦੀ ਲੋੜ ਹੈ। ਸੋ ਨਿਕਲ ਨਹੀਂ ਸਕਦਾ ਬੰਦਾ ਜਿੰਨਾਂ ਚਿਰ ਖਾਸ ਤੌਰ 'ਤੇ ਸਾਵਧਾਨ ਨਾ ਹੋਵੇ ਕਿਉਂਕਿ ਇੱਕੋ ਜਿਹੇ ਘਰ ਆਈ ਜਾਂਦੇ

ਨੇ। ਸੋ ਇਸੇ ਤਰ੍ਹਾਂ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ਅੰਗ - ੪੬੩*

*ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅੰਗ - ੧੧੬*

ਕਹਿੰਦੇ ਹਨ੍ਹੇਰਾ ਹੀ ਨਹੀਂ ਹੈ, ਗੁਬਾਰ ਵੀ ਨਾਲ ਚੜ੍ਹਿਆ ਹੋਇਆ ਹੈ -

*ਅਗਿਆਨੀ ਅੰਧਾ ਅੰਧੁ ਅੰਧਾਰਾ ॥ ਅੰਗ - ੧੧੬*

ਅੰਨਾ ਹੋਇਆ ਹੋਇਆ ਅਗਿਆਨੀ ਹਨ੍ਹੇਰੇ ਦੇ ਵਿੱਚ, ਉਲਟੇ ਕੰਮ ਕਰਦਾ ਹੈ -

*ਬਿਸਟਾ ਕੇ ਕੀੜੇ ਬਿਸਟਾ ਕਮਾਵਹਿ*
*ਫਿਰਿ ਬਿਸਟਾ ਮਾਹਿ ਪਚਾਵਣਿਆ ॥ ਅੰਗ - ੧੧੬*

ਗੰਦਗੀ ਦੇ ਕੀੜੇ ਬਣ ਕੇ ਗੰਦਗੀ ਦਾ ਹੀ ਕੰਮ ਕਰਦੇ ਨੇ, ਗੰਦਗੀ ਹੀ ਖਾਂਦੇ ਨੇ, ਗੰਦਗੀ ਹੀ ਪੀਂਦੇ ਨੇ, ਗਲਤ ਚੀਜ਼ਾਂ ਖਾਂਦੇ ਪੀਂਦੇ ਨੇ। ਸ਼ਰਾਬਾਂ, ਮਾਸ, ਮੱਛੀਆਂ ਕਹਿੰਦੇ ਫੇਰ ਇਹਦੇ ਵਿਚ ਹੀ ਪਚਣਾ ਪੈਂਦਾ ਹੈ -

*ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਅੰਗ - ੧੧੬*

ਮਨਮੁਖਾਂ ਦੀ ਜਿਹੜੀ ਰਾਸ ਹੈ ਖਿਆਲਾਂ ਦੀ, ਉਨ੍ਹਾਂ ਕੋਲ ਜਿਹੜੀ ਪੂੰਜੀ ਹੈ ਖਿਆਲਾਂ ਦੀ ਕਹਿੰਦੇ ਉਹ ਖੋਟੀ ਹੈ ਤੇ ਉਹ ਖੋਟੀ ਪੂੰਜੀ ਦੇ ਨਾਲ ਖੋਟ ਦਾ ਹੀ ਪਸਾਰਾ, ਵੈਰ ਦਾ, ਵਿਰੋਧ ਦਾ, ਲੋਭ ਦਾ, ਕ੍ਰੋਧ ਦਾ, ਮੋਹ ਦਾ ਪਸਾਰਾ ਕਰਦੇ ਨੇ, ਲੋਕਾਂ ਦੀ ਨਿੰਦਿਆ, ਚੁਗਲੀ, ਈਰਖਾ, ਵਖੀਲੀ।

*ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥ ਅੰਗ - ੧੧੬*

ਜਦੋਂ ਫੇਰ ਕੂੜ ਦਾ ਪਸਾਰਾ ਹੁੰਦਾ ਹੈ, ਫੇਰ ਕੂੜ ਕਮਾਉਂਦੇ ਨੇ। ਕੂੜ ਦੇ ਨਾਲ ਫੇਰ ਕੀ ਹੁੰਦਾ ਹੈ ਭਾਰਾ ਦੁੱਖ ਲਗਣਾ ਸ਼ੁਰੂ ਹੋ ਜਾਂਦਾ ਹੈ।

*ਭਰਮੇ ਭੂਲੇ ਫਿਰਨਿ ਦਿਨ ਰਾਤੀ*
*ਮਰਿ ਜਨਮਹਿ ਜਨਮੁ ਗਵਾਵਣਿਆ ॥ ਅੰਗ - ੧੧੬*

ਮਰ ਕੇ ਫੇਰ ਜਨਮ ਗਵਾ ਲੈਂਦੇ ਨੇ। ਮਰਦਾਨਾ ਕਹਿਣ ਲੱਗਿਆ ਕਿ ਫੇਰ ਪਾਤਸ਼ਾਹ! ਜੋ ਆਪ ਦੀ ਰਜ਼ਾ। ਕ੍ਰਿਪਾ ਕਰਕੇ ਇਹ ਤਾਂ ਦੱਸ ਦਿਓ ਕਿ ਆਪ ਨੇ ਹੁਣ ਕਿਸ ਪਾਸੇ ਨੂੰ ਸੇਧ ਕਰੀ ਹੈ? ਕਹਿੰਦੇ ਮਰਦਾਨਿਆਂ! ਪਹਿਲਾਂ ਤਾਂ ਰਸਤੇ ਵਿੱਚ ਇੱਕ ਪੀਰ ਨਾਲ ਮਿਲਣਾ ਹੈ। ਕਹਿੰਦੇ, ਕਿਹੋ ਜਿਹਾ ਹੈ? ਕਹਿੰਦੇ ਬੜਾ ਡਾਹਢਾ ਕਰਾਮਾਤੀ ਪੀਰ ਹੈ। ਦੁਨੀਆਂ ਬਹੁਤ ਦੁਖੀ ਕਰੀ ਹੋਈ ਹੈ ਉਹਨੇ। ਜਿਸ ਥਾਂ 'ਤੇ ਰਹਿੰਦਾ ਹੈ ਉਹਨੇ ਹੁਕਮ ਕੀਤਾ ਹੋਇਆ ਹੈ ਕਿ ਜਿਹੜਾ ਮੇਰਾ ਮਕਾਨ ਹੈ ਇਸ ਤੋਂ ਉੱਚਾ ਨਹੀਂ ਕਿਸੇ ਨੇ ਵੀ ਬਨਾਉਣਾ ਹੇਠਾਂ ਰੱਖਣਾ ਹੈ ਹੱਥ ਭਰ। ਤੇ ਚੁਬਾਰਾ ਕਿਸੇ ਨੇ ਨਹੀਂ ਪਾਉਣਾ ਤੇ ਜਿਨ੍ਹਾਂ ਨੇ ਰਹਿਣਾ ਹੈ ਮੈਨੂੰ ਮੰਨ ਕੇ ਰਹਿ ਸਕਦੇ ਨੇ, ਜਿਹਨੇ ਨਹੀਂ ਮੰਨਣਾ ਮੈਂ ਉਜਾੜ ਦੇਵਾਂਗਾ ਉਸਨੂੰ। ਕਰਾਮਾਤੀ ਹੈ, ਸ਼ਕਤੀਆਂ ਨੇ ਤੇ ਕਾਲੀਆਂ ਸ਼ਕਤੀਆਂ ਉਸਨੇ ਵਸ ਕਰੀਆਂ ਹੋਈਆਂ ਸੀ। ਲੋਕ ਤਰਾਹ-ਤਰਾਹ ਕਰਦੇ ਨੇ। ਦਿਲੋਂ ਤਾਂ ਕੋਈ ਨਹੀਂ ਉਸਨੂੰ ਪਿਆਰ ਕਰਦਾ ਡਰਦੇ ਮਾਰੇ ਉਸਦਾ ਆਦਰ ਵੀ ਕਰਦੇ ਨੇ, ਸਤਿਕਾਰ ਵੀ ਕਰਦੇ ਨੇ। ਪਰ ਅੰਦਰੋਂ ਸਾਰੇ ਦੁਖੀ ਨੇ ਉਸ ਤੋਂ। ਕਹਿਣ ਲੱਗੇ, ਸੱਚੇ ਪਾਤਸ਼ਾਹ! ਫੇਰ ਨਾ ਆਪਣਾ ਵਾਹ ਪੈ ਜਾਵੇ? ਅੱਗੇ ਸੱਜਣ ਤੋਂ ਮਸਾਂ ਛੁੱਟੇ ਹਾਂ। ਕਹਿੰਦੇ, ਮਰਦਾਨਿਆਂ! ਘਬਰਾ ਨਾ।

ਅੱਗੇ ਜਾ ਕੇ ਇੱਕ ਨਗਰ ਆ ਗਿਆ, ਗੁਰੂ ਮਹਾਰਾਜ ਨੇ ਇੱਕ ਸੋਹਣਾ ਉੱਚਾ ਥਾਂ ਦੇਖ ਕੇ ਉਥੇ ਥਾਉਂ ਸਾਫ ਕਰਾ ਲਿਆ ਤੇ ਉਥੇ ਬੈਠ ਗਏ। ਕੀਰਤਨ ਸ਼ੁਰੂ ਹੋ ਗਿਆ, ਹੌਲੀ-ਹੌਲੀ ਸੰਗਤ ਜੁੜਨੀ ਸ਼ੁਰੂ ਹੋ ਗਈ। ਦੋ ਆ ਗਏ, ਦੱਸ ਆ ਗਏ, ਆਲੇ-ਦੁਆਲੇ ਦੇ ਪਿੰਡਾਂ ਦੇ ਆਉਣ ਲੱਗ ਗਏ। ਜਿਹੜਾ ਇੱਕ ਵਾਰੀ ਆ ਜਾਂਦਾ ਹੈ, ਮੁੜ ਕੇ ਨਹੀਂ ਜਾਂਦਾ, ਐਨੀ ਖਿੱਚ ਹੈ ਸ਼ਬਦ ਦੀ। ਐਨੇ ਬਚਨਾਂ ਦੀ ਮਿਠਾਸ ਹੈ। ਐਨਾ ਬਚਨਾਂ ਦਾ ਸਾਫ ਸੁਥਰਾ ਸਮਝਾਉਣ ਦਾ ਤਰੀਕਾ ਹੈ ਕਿ ਹਰ ਬੰਦਾ ਚਾਹੇ ਛੋਟੀ ਅਕਲ ਵਾਲਾ ਹੈ ਚਾਹੇ ਵੱਡੇ ਤੋਂ ਵੱਡਾ ਹੈ ਜਿਹੜਾ ਇੱਕ ਵਾਰੀ ਆ ਗਿਆ, ਗੁਰੂ ਨਾਨਕ ਦੇ ਕੋਲੋਂ ਜਾਂਦਾ ਨਹੀਂ। ਰੋਜ਼ ਦੇ ਸਤਿਸੰਗ ਸ਼ੁਰੂ ਹੋ ਗਏ ਤੇ ਪੀਰ ਨੂੰ ਵੀ ਪਤਾ ਲੱਗ ਗਿਆ ਕਿ ਕੋਈ ਆਇਆ ਹੈ ਤੇ ਉਹਦੇ ਕੋਲ ਤਾਂ ਦੁਨੀਆਂ ਬਹੁਤ ਆਉਣ ਲੱਗ ਗਈ। ਕਿਤੇ ਇੱਥੇ ਹੀ ਆਸਣ ਲਾ ਕੇ ਨਾ ਬੈਠ ਜਾਵੇ, ਅਸੀਂ ਸੁਣਿਆ ਹੈ ਕੋਈ ਚੁਬਾਰਾ ਵੀ ਪਾ ਰਿਹਾ ਹੈ, ਮਕਾਨ ਵੀ ਬਹੁਤ ਉੱਚਾ ਬਣਵਾ ਰਿਹਾ ਹੈ ਤੇ ਪੀਰ ਚੇਲਿਆਂ ਨੂੰ ਲੈ ਕੇ ਗੁਰੂ ਨਾਨਕ ਦੇ ਪਾਸ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ ਕਿ ਮੈਂ ਸੁਣਿਆ ਹੈ ਕਿ ਤੂੰ ਨਾਨਕ ਪੀਰ ਹੈਂ। ਤੇਰਾ ਨਾਮ ਮੈਂ ਪਹਿਲਾਂ ਵੀ ਸੁਣਿਆ ਹੈ ਆਉਂਦੇ ਜਾਂਦਿਆਂ ਤੋਂ। ਜੇ ਇੱਥੇ ਰਹਿਣ ਦਾ ਤੇਰਾ ਖਿਆਲ ਹੈ ਤਾਂ ਤੈਨੂੰ ਅਸੀਂ ਕੋਠਾ ਪੁਆ ਦਿੰਦੇ ਹਾਂ। ਸੁਣਿਆ ਹੈ ਕਿ ਤੂੰ ਚੁਬਾਰਾ ਪਾਉਣਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ, ਪੀਰ ਜੀ! ਪਤਾ ਨਹੀਂ ਚੁਬਾਰਾ ਪਾਉਣਾ ਹੈ ਪਤਾ ਨਹੀਂ ਅਸੀਂ ਚੁਬਾਰਾ ਢਾਹੁੰਣਾ ਹੈ। ਫਕੀਰ ਦਾ ਚੁਬਾਰਾ ਤਾਂ ਹਰ ਵਕਤ ਪ੍ਰਮੇਸ਼ਰ ਦੀ ਜੋਤ ਵਿੱਚ ਹੁੰਦਾ ਹੈ। ਸੰਸਾਰ ਦਾ ਚੁਬਾਰਾ ਜਿਹੜਾ ਹੈ ਉਹ ਕੋਠੇ ਤੇ ਕੋਠਾ ਹੁੰਦਾ ਹੈ। ਕਹਿਣ ਲੱਗੇ, ਪੀਰ ਜੀ! ਆਹ ਜਿਹੜਾ ਬੰਦਾ ਹੈ ਨਾ ਮਿੱਟੀ ਤੋਂ ਬਣਿਆ ਹੋਇਆ। ਇਹ ਮਿੱਟੀ ਤੋਂ ਬਣੇ ਹੋਏ ਬੰਦੇ ਨੂੰ ਮਿੱਟੀ ਪਿਆਰੀ ਲਗਦੀ ਹੈ। ਜਿੰਨਾਂ ਵੀ ਇਹਦਾ ਸਬੰਧ ਹੈ ਸਭ ਮਿੱਟੀ ਨਾਲ ਹੈ। ਜੇ ਪੁੱਤਰਾਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਜੇ ਮਕਾਨਾਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਜੇ ਰਿਸ਼ਤੇਦਾਰੀਆਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਸਾਰਾ ਸੰਸਾਰ ਮਿੱਟੀ ਵਿੱਚ ਖੇਲ੍ਹਦਾ ਹੈ, ਮਿੱਟੀ ਕਰਕੇ ਹੀ ਦ੍ਰਿਸ਼ਟਮਾਨ ਹੈ ਮਿੱਟੀ ਦੇ ਵਿੱਚ ਹੀ ਮਿੱਟੀ ਨੂੰ ਪਿਆਰ ਕਰਦਾ ਹੈ। ਸਾਰੀ ਜ਼ਿੰਦਗੀ ਮਿੱਟੀ ਨੂੰ ਕਮਾਉਂਦਾ ਹੈ ਮਿੱਟੀ ਨੂੰ ਭੋਗਦਾ ਹੈ ਤੇ ਮਿੱਟੀ ਵਿੱਚ ਹੀ ਵਸਦਾ ਹੈ ਫੇਰ ਕੀ ਹੁੰਦਾ ਹੈ ਅਖੀਰ ਦੇ ਉਤੇ ਜਦੋਂ ਸੱਦਾ ਦਰਗਾਹੀ ਆ ਜਾਂਦਾ ਹੈ ਤਾਂ ਫੇਰ ਮਿੱਟੀ ਨੂੰ ਛੱਡ ਜਾਂਦਾ ਹੈ। ਜਦੋਂ ਮਿੱਟੀ ਨੂੰ ਛੱਡਦਾ ਹੈ, ਫੇਰ ਇਹਦਾ ਪਿਆਰ ਮਿੱਟੀ ਵਿੱਚ ਸਾਰੀ ਜ਼ਿੰਦਗੀ ਰਹਿਣ ਕਰਕੇ, ਮਿੱਟੀ ਦੇ ਵਿੱਚ ਹੀ ਇਹਦਾ ਪਿਆਰ ਰਹਿ ਜਾਂਦਾ ਹੈ। ਜਦੋਂ ਫੇਰ ਇਹਦਾ ਚੁਬਾਰਾ ਜਿਹੜਾ ਹੈ ਉਹ ਪੱਕਾ ਚੁਬਾਰਾ ਇਹਨੂੰ ਮਿਲ ਜਾਂਦਾ ਹੈ ਕਬਰ ਦਾ। ਪਰ ਸਾਂਈ ਦੀ ਜੋਤ ਵਾਲਾ ਚੁਬਾਰਾ ਫਕੀਰ ਦਾ ਹੋਇਆ ਹੈ, ਮਿੱਟੀ ਦੇ ਚੁਬਾਰੇ ਨਾਲ ਮੋਹ, ਮਿੱਟੀ ਨਾਲ ਪਿਆਰ ਕਰਨ ਵਾਲਿਆਂ ਦਾ ਹੁੰਦਾ ਹੈ। ਕਹਿੰਦੇ ਫੇਰ ਮਿੱਟੀ 'ਚ ਹੀ ਰਹਿਣਾ ਪੈਂਦਾ ਹੈ ਉਸਨੂੰ -

*ਧਾਰਨਾ - ਮੰਡਪ ਮਾੜੀਆਂ ਉਸਾਰ ਸਭ ਤੁਰ ਗਏ,*
*ਕਬਰਾਂ ਵਿੱਚ ਆ ਕੇ ਬਹਿ ਗਏ।*

ਕਹਿਣ ਲੱਗੇ, ਪੀਰ ਜੀ! ਮਿੱਟੀ 'ਚੋਂ ਪੈਦਾ ਹੋਏ, ਮਿੱਟੀ ਦਾ ਸਰੀਰ ਧਾਰਨ ਕਰਿਆ, ਮਿੱਟੀ ਦੀ ਮੜੋਲੀ ਵਿੱਚ ਰਹੇ ਸਾਰੀ ਜ਼ਿੰਦਗੀ, ਮਿੱਟੀ ਕਮਾਉਂਦੇ ਰਹੇ, ਮਿੱਟੀ ਨਾਲ ਪਿਆਰ ਪਿਆ, ਮਿੱਟੀ ਭੋਗਦੇ ਰਹੇ। ਮਿੱਟੀ 'ਚ ਵਸਦੇ ਰਹੇ, ਮਿੱਟੀ ਨੂੰ ਛੱਡ ਕੇ ਫੇਰ ਮਿੱਟੀ ਵਿੱਚ ਜਾ ਕੇ ਲੰਮੇ ਪੈ ਗਏ। ਕਿਉਂਕਿ ਉਹਦੇ ਪਿਆਰ ਨੇ ਮਿੱਟੀ ਤੋਂ ਬਾਹਰ ਨਿਕਲਣ ਨਹੀਂ ਦਿੱਤਾ।

*ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥*
*ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥*
*ਅੰਗ - ੧੩੮੦*

ਕਹਿੰਦੇ ਹੁਣ ਯਤੀਮ ਬਣ ਗਏ, ਹੁਣ ਕੋਈ ਪਾਸਾ ਦੁਆਉਣ ਵਾਲਾ ਨਹੀਂ ਹੈ।

*ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥*
*ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥ ਅੰਗ - ੧੩੮੦*

ਕੂੜੇ ਸੌਦੇ ਕਰਕੇ ਕਬਰਾਂ 'ਚ ਆ ਕੇ ਪੈ ਗਏ। ਕਿੱਥੇ ਗਿਆ ਮਾਲ, ਕਿੱਥੇ ਗਈਆਂ ਜ਼ਮੀਨਾਂ, ਕਿੱਥੇ ਗਏ ਘਰ ਜਿਹੜੇ ਛਲ ਕਰਕੇ, ਕਪਟ ਕਰਕੇ, ਧੋਖੇ ਕਰਕੇ ਖੋਹੇ ਸੀ। ਦੂਜਿਆਂ ਦੇ ਦੱਬੇ ਸੀ ਦਬਾਏ ਸੀ। ਨਾਲ ਤਾਂ ਆਇਆਂ ਨਹੀਂ ਕੋਈ ਵੀ ਤੇਰੇ। ਕੂੜਾ ਸੌਦਾ ਕਰ ਗਏ। ਜ਼ਰੂਰ ਇਹ ਹੈਗਾ ਕਿ ਝੂਠੇ ਸੌਦੇ ਕਰਕੇ ਚਲੇ ਗਏ। ਘਾਟੇ ਦਾ ਵਣਜ ਕਰਕੇ। ਪੈ ਗਏ ਕਿੱਥੇ ਆ ਕੇ ਕਹਿੰਦੇ ਕਬਰਾਂ 'ਚ ਤੇ ਸੰਸਾਰ ਅੰਦਰ ਪੀਰ ਜੀ ਕੋਈ ਰਹਿੰਦਾ ਨਹੀਂ। ਨਾ ਕੋਈ ਰਿਹਾ ਹੈ, ਨਾ ਕਿਸੇ ਨੇ ਰਹਿਣਾ ਹੈ।

*ਧਾਰਨਾ - ਇੱਥੇ ਬੈਠ ਨਾ ਕਿਸੇ ਨੇ ਰਹਿਣਾ,*
*ਵਾਰੀ ਆਈ ਤੁਰ ਜਾਵਣਾ।*

ਕਹਿਣ ਲੱਗੇ, ਪੀਰ ਜੀ! ਸੰਸਾਰ ਨਾਲ ਮੋਹ ਪਾ ਲਿਆ, ਪੀਰ ਬਣ ਕੇ, ਫਕੀਰ ਬਣ ਕੇ, ਦਰਵੇਸ਼ ਬਣਕੇ ਸੰਨਿਆਸੀ ਬਣ ਕੇ ਜੋਗੀ ਬਣ ਕੇ ਇੱਕ ਸੰਸਾਰ ਛੱਡਿਆ ਦੂਜਾ ਨਵਾਂ ਰਚ ਲਿਆ, ਡੇਰਿਆਂ ਦੇ ਰੂਪ ਦੇ ਅੰਦਰ। ਫਰਕ ਤਾਂ ਕੋਈ ਪਿਆ ਨਾ। ਉਹ ਗ੍ਰਿਹਸਤ ਦੀ ਪਕੜ ਸੀ, ਇਹ ਸਾਧੂਪੁਣੇ ਦੀ ਪਕੜ ਹੈ। ਪਕੜ ਦੇ ਵਿੱਚ ਤਾਂ ਦੋਵੇਂ ਆ ਗਏ। ਦੇਖੋ, ਸੰਸਾਰ 'ਤੇ ਰਹਿਣਾ ਨਹੀਂ ਹੈ। ਕੋਈ ਰਿਹਾ ਨਹੀਂ ਹੈ -

*ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥*
*ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥ ਅੰਗ - ੧੩੮੦*

ਸਰੀਰ ਜਿਹੜਾ ਸਾਡਾ ਹੈਗਾ ਇਹ ਖਰਾਬ ਹੋ ਜਾਏ, ਆਪਰੇਸ਼ਨ ਹੋ ਜਾਂਦਾ ਹੈ। ਗੁਰਦਾ ਖਰਾਬ ਹੈ ਕਹਿੰਦੇ ਕੱਢ ਦਿੰਦੇ ਹਾਂ ਜੀ। ਜ਼ਖ਼ਮ ਹੋ ਗਿਆ, ਟਾਂਕੇ ਲਾ ਦਿੰਦੇ ਨੇ। ਕਹਿੰਦੇ, ਜਿੰਦ ਨੂੰ ਤਾਂ ਕੋਈ ਟਾਂਕਾ ਨਹੀਂ ਨਾ ਲਗਦਾ। ਇਹ ਤਾਂ ਜਦੋਂ ਵਾਰੀ ਆ ਜਾਣੀ ਹੈ ਸਭ ਨੂੰ ਜਾਣਾ ਹੀ ਪੈਣਾ ਹੈ। ਫੇਰ ਇਹ ਜਿਹੜਾ ਮੋਹ ਪਾਇਆ ਹੋਇਆ ਹੈ ਕੋਠਿਆਂ ਦੇ ਨਾਲ ਚੁਬਾਰਿਆਂ ਦੇ ਨਾਲ, ਜ਼ਮੀਨਾਂ ਦੇ ਨਾਲ, ਜਾਇਦਾਦਾਂ ਦੇ ਨਾਲ, ਪੁੱਤਰਾਂ ਦੇ ਨਾਲ, ਪਰਿਵਾਰ ਦੇ ਨਾਲ, ਇਹ ਫੇਰ ਰੂਹ ਨੂੰ ਉੱਚੀ ਨਹੀਂ ਉੱਠਣ ਦਿੰਦਾ। ਇਹਨੂੰ ਥੱਲੇ ਨੂੰ ਖਿੱਚਦਾ ਹੈ, ਥੱਲੇ ਖਿੱਚਣ ਨਾਲ ਕੀ ਹੁੰਦਾ ਹੈ?-

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਕਿਹੋ ਜਿਹੀ ਭੈੜੀ ਜੂਨੀ ਮਿਲ ਗਈ ਸੱਪ ਬਣ ਜਾਏਗਾ।

*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਕੰਜਰ ਬਣ ਜਾਏਗਾ। ਵੇਸਵਾ ਬਣ ਜਾਏਗਾ।

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥*
*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥*
*ਅੰਗ - ੫੨੬*

ਕਹਿੰਦੇ ਪੀਰ ਜੀ! ਜੇ ਜ਼ਿੰਦਗੀ ਦੇ ਅੰਦਰ ਪ੍ਰਮੇਸ਼ਰ ਦੇ ਨਾਲ ਹੀ ਪਿਆਰ ਪਾਇਆ ਹੈ, ਹੋਰ ਕਿਸੇ ਚੀਜ਼ ਨਾਲ ਪਿਆਰ ਨਹੀਂ ਪਾਇਆ ਹੈ ਤਾਂ ਕਹਿੰਦੇ, ਉਹਦੇ ਅੰਤ ਦੇ ਸਮੇਂ ਪ੍ਰਮੇਸ਼ਰ ਯਾਦ ਆਏਗਾ, ਪ੍ਰਮੇਸ਼ਰ ਆਪਣੇ ਵੱਲ ਨੂੰ ਖਿੱਚੇਗਾ ਤੇ ਸਰੀਰ ਛੱਡਣ ਤੋਂ ਬਾਅਦ ਇਹ ਸਿੱਧਾ ਹੀ ਪ੍ਰਮੇਸ਼ਰ ਦੀ ਦਰਗਾਹ 'ਚ ਚਲਿਆ ਜਾਏਗਾ। ਹੁਣ ਦੇਖ ਲਓ ਕਿ ਘਾਟਾ ਕਿਹੜੀ ਚੀਜ਼ 'ਚ ਹੈ, ਵਾਧਾ ਕਿਹੜੀ ਚੀਜ਼ 'ਚ ਹੈ -

*ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ਅੰਗ - ੧੩੮੦*

ਪੀਰ ਨੂੰ ਹੋਸ਼ ਆ ਗਈ, ਚਾਰ ਬਚਨ ਸੁਣ ਕੇ, ਕਹਿਣ ਲੱਗਿਆ, ਹੇ ਨਾਨਕ! ਹੁਣ ਸੱਚ ਨੂੰ ਲਕੋਣਾ ਨਹੀਂ ਚਾਹੀਦਾ। ਮੈਂ ਸੱਚਮੁੱਚ ਮਿੱਟੀ ਨੂੰ ਪਿਆਰ ਕਰਦਾ ਹਾਂ, ਦੇਹ ਕੀ ਹੈ, ਮਿੱਟੀ ਹੀ ਹੈ, ਦੇਹ ਅਧਿਆਸ, ਮਿੱਟੀ ਨੂੰ ਸਾਰਾ ਦਿਨ ਸ਼ਿੰਗਾਰੀ ਜਾਣਾ, ਮਿੱਟੀ ਨੂੰ ਕਹਿਣਾ ਕਿ ਇਹ ਵਧੀਆ ਲੱਗੇ ਸੋਹਣੀ ਲੱਗੇ। ਮਿੱਟੀ ਤੋਂ ਬਾਹਰ ਤਾਂ ਨਿਕਲੇ ਨਹੀਂ ਨਾ ਅਸੀਂ। ਬਾਲ-ਬੱਚੇ ਕੀ ਨੇ, ਪ੍ਰਾਪਰਟੀਆਂ ਕੀ ਨੇ, ਜਾਇਦਾਦਾਂ ਕੀ ਨੇ, ਮਿੱਟੀ ਹੀ ਹੈ ਸਾਰੀ। ਸੱਚਮੁੱਚ ਮੈਂ ਮਿੱਟੀ ਨੂੰ ਪਿਆਰ ਕਰਦਾ ਸੀ, ਬੜਾ ਮੇਰਾ ਮਾੜਾ ਸੁਭਾਅ ਸੀ ਕਿ ਕੋਈ ਚੁਬਾਰਾ ਮੇਰੇ ਤੋਂ ਉਪਰ ਨਾ ਪਾ ਲਵੇ, ਮੇਰੇ ਮਕਾਨ ਤੋਂ ਉੱਚਾ ਨਾ ਕੋਈ ਮਕਾਨ ਬਣਾ ਲਵੇ। ਹੇ ਨਾਨਕ! ਤੂੰ ਮੇਰੇ ਨੇਤਰ ਖੋਲ੍ਹ ਦਿੱਤੇ। ਕ੍ਰਿਪਾ ਕਰ ਹੁਣ ਮੈਨੂੰ ਆਤਮ ਸੋਝੀ ਦੇ। ਦੋ ਚਾਰ ਤੇਰੇ ਬਚਨਾਂ ਨੇ ਹੀ ਮੈਨੂੰ ਹਲੂਣ ਦਿੱਤਾ ਤੇ ਮੇਰੇ ਅੰਦਰ ਕੋਈ ਰਸ ਪੈਦਾ ਹੋ ਗਿਆ, ਜਿਹੜਾ ਮੈਂ ਅੱਜ ਤੱਕ ਨਹੀਂ ਦੇਖਿਆ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪੀਰ ਜੀ! ਦੇਖੋ, ਅੱਲਾਹ ਤਾਲਾ ਜੋ ਹੈ ਉਹ ਹਰ ਥਾਂ ਦੇ ਉਤੇ ਪਰੀਪੂਰਨ ਹੈ। ਨਾਲ ਰਹਿੰਦਾ ਹੈ, ਜਿਵੇਂ ਹਵਾ ਨਾਲ ਰਹਿੰਦੀ ਹੈ ਆਪਣੇ, ਜੇ ਹਵਾ ਨਾ ਹੋਵੇ, ਆਕਸੀਜਨ ਨਾ ਹੋਵੇ, ਆਪਾਂ ਸਾਹ ਨਹੀਂ ਲੈ ਸਕਦੇ ਮਰ ਜਾਂਦੇ ਹਾਂ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਹਰੇਕ ਦੇ ਅੰਦਰ ਬਾਹਰ ਪਰੀਪੂਰਨ ਨਾਲ ਰਹਿੰਦਾ ਹੈ, ਸਭ ਕੁਛ ਦੇਖਦਾ ਹੈ, ਸਭ ਕੁਛ ਜਾਣਦਾ ਹੈ। ਕਰੋ ਧਿਆਨ ਉਸ ਦੇ ਉਤੇ, ਸੁਰਤੀ ਟਿਕਾਓ ਉਸ ਉਤੇ, ਯਾਦ ਵਿੱਚ ਲਿਆਓ ਉਸਨੂੰ ਤੇ ਕਰੋ ਅੱਲਾਹ ਹੂ-ਅੱਲਾਹ ਹੂ। ਸੋਚ ਕੇ ਕਰੋ, ਸਮਝ ਕੇ ਕਰੋ।

ਗੈਰਹਾਜ਼ਰੀ 'ਚ ਨਾ ਕਰੋ। ਮਾਲਾ ਫੇਰ ਲਈ, ਪਾਠ ਕਰ ਲਏ, ਗੱਲ ਤੱਕ ਪਹੁੰਚਿਆ ਨਹੀਂ। ਗੱਲ ਤੱਕ ਪਹੁੰਚ ਪਿਆਰਿਆ। ਸੋ ਇਸ ਤਰ੍ਹਾਂ ਪੀਰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਤੇ ਸਿਜਦਾ ਕਰਦਾ ਹੈ। ਚਰਨ ਚੁੰਮਦਾ ਹੈ। ਬੇਨਤੀ ਕਰਦਾ ਹੈ ਕਿ ਹੇ ਨਾਨਕ! ਮੇਰੇ ਕੋਲ ਕੁਛ ਦਿਨ ਠਹਿਰ। ਸੱਚਮੁੱਚ ਤੂੰ ਮੈਨੂੰ ਫਕੀਰ ਦਾ ਚੁਬਾਰਾ ਦਿਖਾ ਦਿੱਤਾ। ਫਕੀਰ ਜੋ ਹੈ ਆਤਮ ਜੋਤੀ 'ਚ ਰਹਿੰਦਾ ਹੈ ਤੇ ਮੈਂ ਤਾਂ ਸਰੀਰ ਵਿੱਚ ਰਹਿੰਦਾ ਸੀ। ਕਿੰਨੇ ਮੰਜ਼ਲਾਂ ਥੱਲੇ ਸੀ, ਪਹਿਲਾਂ ਤਾਂ ਸਰੀਰ ਦਾ ਚੁਬਾਰਾ ਹੁੰਦਾ ਹੈ, ਮਕਾਨ ਹੁੰਦਾ ਹੈ, ਇਹਦੇ ਉਤੇ ਪ੍ਰਾਣਾਂ ਦਾ ਚੁਬਾਰਾ ਹੁੰਦਾ ਹੈ, ਇਹਦੇ ਉਤੇ ਮਨ ਦਾ ਹੁੰਦਾ ਹੈ, ਉਹਦੇ ਉਤੇ ਬੁੱਧੀ ਦਾ ਹੁੰਦਾ ਹੈ, ਉਹਦੇ ਉਤੇ ਪੰਜਵੀਂ ਜਿਹੜੀ ਮੰਜ਼ਲ ਹੈ ਉਹ ਅਗਿਆਨ ਦੀ ਹੁੰਦੀ ਹੈ। ਛੇਵੀਂ ਮੰਜ਼ਲ ਜਿਹੜੀ ਹੈ ਉਥੇ ਫਕੀਰਾਂ ਦਾ, ਸਾਧੂ ਸੰਤਾਂ ਦਾ ਟਿਕਾਣਾ ਹੋਇਆ ਕਰਦਾ ਹੈ। ਉਹ ਆਤਮ ਮੰਡਲ 'ਚ ਰਹਿੰਦੇ ਨੇ, ਉਨਮਨੀ ਅਵਸਥਾ 'ਚ ਰਹਿੰਦੇ ਨੇ ਜਿਹਨੂੰ ਤੁਰੀਆ ਪਦ ਕਹਿੰਦੇ ਨੇ, ਚੌਥਾ ਪਦ ਕਹਿੰਦੇ ਨੇ। ਪਰਮ ਅਵਸਥਾ ਜਿਸਨੂੰ ਕਹਿੰਦੇ ਨੇ। ਪਰਮ ਧਾਮ ਕਹਿੰਦੇ ਨੇ ਉਹ ਸੰਤਾਂ ਦਾ ਵਾਸਾ ਹੋਇਆ ਕਰਦਾ ਹੈ ਉਥੇ। ਸਤਿ ਚਿੱਤ ਅਨੰਦ ਦੇ ਦੇਸ਼ ਵਿੱਚ, ਸਾਧੂ ਟਿਕਾਣਾ ਮੱਲਦੇ ਨੇ -

*ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥*
*ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥*
*ਅੰਗ - ੧੩੭੨*

ਕਹਿੰਦੇ, ਜਿੱਥੇ ਅਸੀਂ ਰਹਿੰਦੇ ਹਾਂ ਉਥੇ ਸੁੰਨ ਮੰਡਲ ਹੈ। ਅਫੁਰ ਅਵਸਥਾ ਹੈ ਉਥੇ, ਸਹਿਜ ਦੀ ਅਵਸਥਾ ਸਹਿਜ ਦਾ ਅਨੰਦ ਹੈ ਜਿਹੜਾ ਦੱਸਿਆ ਨਹੀਂ ਜਾ ਸਕਦਾ।

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ ਅੰਗ - ੧੩੭੦*

ਸਾਧੂਆਂ ਦਾ ਟਿਕਾਣਾ ਉਥੇ ਹੋਇਆ ਕਰਦਾ ਹੈ, ਸਾਧੂਆਂ ਦਾ ਟਿਕਾਣਾ ਮਿੱਟੀ 'ਚ ਨਹੀਂ ਹੋਇਆ ਕਰਦਾ। ਰਹਿੰਦੇ ਪ੍ਰਤੀਤ ਦਿੰਦੇ ਨੇ ਮਿੱਟੀ ਵਿੱਚ, ਪਿਆਰ ਕਰਦੇ ਵੀ ਦਿਸਦੇ ਨੇ, ਵਾਹ ਪਾਉਂਦੇ ਵੀ ਦਿਸਦੇ ਨੇ ਲੇਕਿਨ ਨਿਰਲੇਪ ਹੋਇਆ ਕਰਦੇ ਨੇ, ਕੋਈ ਲੇਪ ਨਹੀਂ ਹੋਇਆ ਕਰਦਾ, ਕਿਸੇ ਚੀਜ਼ ਦਾ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - ੨੭੫*

ਸੋ ਸੋਝੀ ਦੇ ਕੇ ਕੁਛ ਦਿਨ ਮਹਾਰਾਜ ਜੀ ਉਸ ਥਾਂ ਰਹੇ ਤੇ ਦੇਖ ਲਿਆ ਕਿ ਹੁਣ ਪੀਰ ਜਿਹੜਾ ਸੀ ਇਹਦੇ 'ਚੋਂ ਦੁਰਗੰਧਤਾ ਨਿਕਲ ਗਈ। ਹੁਣ ਖੁਸ਼ਬੋ ਹੀ ਦੇ ਰਿਹਾ ਹੈ। ਸਭ ਹੈਰਾਨ ਹੋ ਗਏ ਕਿ ਕੋਈ ਆਇਆ ਹੈ, ਨੱਥ ਪਾਉਣ ਵਾਲਾ। ਅੜੀਅਲ ਤੇ ਅਮੋੜ ਝੋਟਿਆਂ ਦੇ ਨੱਥ ਪਾਉਣ ਵਾਲਾ ਆ ਗਿਆ ਤੇ ਉਹਨੇ ਤਾਂ ਇਹ ਸਾਧੂ ਬਣਾ ਦਿੱਤਾ ਜਿਹੜਾ ਨੇੜੇ ਨਹੀਂ ਸੀ ਲੱਗਣ ਦਿੰਦਾ। ਗੱਲ ਕਰਦਾ ਸੀ ਐਸ ਤਰ੍ਹਾਂ ਲਗਦਾ ਸੀ ਕਿ ਨੱਕ ਵਿਚੋਂ ਨੂੰਹੇਂ ਗਿਰਦੇ ਨੇ। ਕ੍ਰੋਧ ਨਾਲ ਅੱਖਾਂ ਲਾਲ ਕਰ ਰੱਖਦਾ ਸੀ, ਮੱਥਾ ਘੁਟਿਆ ਹੁੰਦਾ, ਕੌੜਾ ਬੋਲਦਾ ਹੁੰਦਾ ਤੇ ਹੁਣ ਤਾਂ ਉਹ ਸਾਧੂ ਬਣ ਗਿਆ। ਹੁੰਮ-ਹੁੰਮ ਕੇ ਗੁਰੂ ਨਾਨਕ ਪਾਤਸ਼ਾਹ ਦੇ ਜਿੱਥੇ ਤੱਕ ਖਬਰ ਪਹੁੰਚਦੀ ਹੈ, ਤੁਰੇ ਹੀ ਆਉਂਦੇ ਨੇ। ਦੇਖ ਲਿਆ ਗੁਰੂ ਨਾਨਕ ਪਾਤਸ਼ਾਹ ਨੇ ਕਿ ਹੁਣ ਇਹਦੇ ਵਿੱਚੋਂ ਦੁਰਗੰਧ ਮਿਟ ਗਈ ਤੇ ਸੁਗੰਧੀ ਭਰ ਗਈ। ਕਹਿੰਦੇ, ਲੈ ਪੀਰ ਜੀ! ਹੁਣ ਇੱਥੇ ਬੈਠ ਕੇ, ਇਸੇ ਆਸਣ 'ਤੇ ਬੈਠ ਕੇ ਹੁਣ ਤੂੰ ਸੁਗੰਧੀ ਦੇਹ, ਮਿੱਟੀ ਨਾਲ ਪਿਆਰ ਛੱਡ ਦੇ। ਦੇਹ ਅਧਿਆਸ ਛੱਡ ਦੇ ਆਤਮ ਅਧਿਆਸ ਦੇ ਵਿੱਚ ਆ ਜਾ। ਸੋ ਉਥੇ ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਚੱਲ ਹੋਰ ਅੱਗੇ ਚੱਲੀਏ। ਚਲਦੇ-ਚਲਦੇ ਆਪ ਹਰਿਦੁਆਰ ਗੰਗਾ ਦੇ ਕਿਨਾਰੇ ਪਹੁੰਚ ਜਾਂਦੇ ਨੇ। ਇੱਕ ਥਾਂ ਦੇ ਉਤੇ ਆਸਣ ਲਾ ਲੈਂਦੇ ਨੇ। ਰੋਜ਼ ਨਵੇਂ-ਨਵੇਂ ਯਾਤਰੂ ਆਉਂਦੇ ਨੇ, ਇਸ਼ਨਾਨ ਕਰਦੇ ਨੇ ਮਲ-ਮਲ ਕੇ ਇਸ਼ਨਾਨ ਕਰਦੇ ਨੇ। ਉਸ ਤੋਂ ਬਾਅਦ ਕੁੰਭ ਦਾ ਸਮਾਂ ਆ ਗਿਆ, ਇੱਕ ਤੋਂ ਦੂਜਾ ਪਹਿਲਾਂ ਵੜਦਾ ਹੈ ਕਿ ਮੈਂ ਪਹਿਲਾਂ ਇਸ਼ਨਾਨ ਕਰ ਲਵਾਂ, ਦੂਜਾ ਦੂਜੇ ਨੂੰ ਧੱਕਾ ਮਾਰਨ ਦੀ ਕੋਸ਼ਿਸ਼ ਕਰਦਾ ਹੈ ਕਿ ਮੈਂ ਪਹਿਲਾਂ ਕਰ ਲਵਾਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕੀ ਦੇਖਿਆ ਕਿ ਇਸ਼ਨਾਨ ਕਰਦੇ ਨੇ ਤੇ ਸੂਰਜ ਵੱਲ ਮੂੰਹ ਕਰਕੇ ਉੱਤੇ ਨੂੰ ਉਂਜਲ ਭਰ ਕੇ ਪਾਣੀ ਮਾਰਦੇ ਨੇ, ਮਾਰੀ ਜਾਂਦੇ ਨੇ ਪਾਣੀ ਤੇ ਗੁਰੂ ਨਾਨਕ ਪਾਤਸ਼ਾਹ ਨੇ ਵੀ ਵਸਤਰ ਉਤਾਰੇ, ਜਿੱਥੇ ਬਹੁਤੀ ਭੀੜ ਸੀ ਉਥੇ ਚਲੇ ਗਏ। ਜਿੱਥੇ ਸਾਧੂ ਮਹਾਤਮਾ, ਪੰਡਤ ਵਗੈਰਾ ਜਿੱਥੇ ਇਸ਼ਨਾਨ ਕਰ ਰਹੇ ਸੀ ਉਸ ਪੌੜ ਦੇ ਉਤੇ ਗੁਰੂ ਨਾਨਕ ਚਲੇ ਗਏ, ਜਾ ਕੇ ਸੂਰਜ ਵੱਲ ਪਿੱਠ ਕਰ ਲਈ। ਦੇਖਿਆ ਕਿ ਇਹ ਸੂਰਜ ਵੱਲ ਪਿੱਠ ਕਰਦਾ ਹੈ, ਸਭ ਦਾ ਮੂੰਹ ਕਰਿਆ ਹੋਇਆ ਹੈ ਜਿਵੇਂ ਉਹ ਪਾਣੀ ਦਿੰਦੇ ਸੀ ਇਸ ਤਰ੍ਹਾਂ ਪੱਛਮ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ ਗੁਰੂ ਮਹਾਰਾਜ ਨੇ। ਜ਼ੋਰ-ਜ਼ੋਰ ਦੀ ਮਾਰਨਾ ਸ਼ੁਰੂ ਕਰ ਦਿੱਤਾ। ਉਹ ਇੱਕ ਵਾਰੀ ਮਾਰਦੇ ਨੇ ਮਹਾਰਾਜ ਪੰਜ ਛੇ ਵਾਰੀ ਜਦ ਨੂੰ ਸੁੱਟ ਦਿੰਦੇ ਨੇ ਪਾਣੀ। ਉਹ ਥੋੜ੍ਹਾ ਜਿਹਾ ਉੱਚਾ ਮਾਰਦੇ ਨੇ ਮਹਾਰਾਜ ਪੂਰੇ ਜ਼ੋਰ ਨਾਲ ਮਾਰਦੇ ਨੇ। ਕਿੰਨਿਆਂ ਹੀ ਬੰਦਿਆਂ 'ਤੇ ਜਿਹੜੇ ਨਹਾ ਰਹੇ ਸੀ, ਇਧਰਲੇ ਪਾਸੇ, ਉਨ੍ਹਾਂ ਦੇ ਉਤੇ ਪਾਣੀ ਗਿਰਦਾ ਹੈ। ਕਹਿੰਦੇ, ਆਹ ਦੇਖੋ ਕੋਈ ਬਉਲਾ ਆ ਗਿਆ, ਇਹਨੂੰ ਪਤਾ ਹੀ ਨਹੀਂ ਕਿ ਪਾਣੀ ਓਧਰ ਮਾਰਨਾ ਹੈ। ਕਹਿੰਦੇ, ਤੂੰ ਇਸ ਤਰ੍ਹਾਂ ਕਰ ਕਿ ਆਹ ਕੀ ਕਰਨ ਲੱਗ ਗਿਆ ਉਲਟਾ ਕੰਮ। ਦੇਖ, ਓਧਰ ਦੇਹ ਪਾਣੀ, ਓਧਰ। ਜਿਧਰ ਸਾਰੇ ਦਿੰਦੇ ਨੇ। ਮਹਾਰਾਜ ਨੇ ਥੋੜ੍ਹੀ ਦੇਰ ਗੱਲ ਸੁਣੀ, ਕਹਿੰਦੇ ਕੀ ਕਹਿੰਦੇ ਓਂ? ਕਹਿੰਦੇ, ਪਾਣੀ ਓਧਰ ਨੂੰ ਮੂੰਹ ਕਰਕੇ ਦੇ। ਮਹਾਰਾਜ ਫੇਰ ਲੱਗ ਗਏ, ਪੱਛਮ ਨੂੰ ਪਾਣੀ ਦੇਣ। ਐਨੇ ਨੂੰ ਜਿਹੜੇ ਨਹਾ ਰਹੇ ਸੀ ਸੰਨਿਆਸੀ ਲੋਕ, ਬ੍ਰਾਹਮਣ ਲੋਕ, ਪੰਡਤ ਲੋਕ, ਵਿਦਵਾਨ ਲੋਕ, ਅਮੀਰ ਬੰਦੇ ਇਨ੍ਹਾਂ ਦਾ ਧਿਆਨ ਹੋਇਆ ਕਿ ਇਹ ਬੰਦਾ ਕੌਣ ਹੋਇਆ, ਇਹਨੂੰ ਪੁੱਛਣਾ ਚਾਹੀਦਾ ਹੈ ਇਹ ਮਰਿਆਦਾ ਤੋਂ ਉਲਟ ਗੱਲ ਕਰ ਰਿਹਾ ਹੈ। ਇਹਨੂੰ ਬਾਂਹ ਤੋਂ ਫੜ ਕੇ ਬਾਹਰ ਕੱਢ ਦੇਣਾ ਚਾਹੀਦਾ ਹੈ। ਕਹਿਣ ਲੱਗੇ, ਤੂੰ ਕੌਣ ਹੈਂ? ਕੀ ਜਾਤ ਹੈ ਤੇਰੀ? ਮਹਾਰਾਜ ਕਹਿੰਦੇ, ਜਾਤ ਮਨੁੱਖ ਦੀ ਤਾਂ ਜਾਤ ਹੀ ਨਹੀਂ

ਕੋਈ ਹੁੰਦੀ। ਪੰਜ ਤੱਤ ਜਾਤ ਹੁੰਦੀ ਹੈ। ਕਹਿੰਦੇ ਤੂੰ ਮੁਸਲਮਾਨ ਵੀ ਨਹੀਂ ਹੈਂ। ਇਸਲਾਮ ਵਾਲੇ ਤਾਂ ਆਉਂਦੇ ਨਹੀਂ ਪਰ ਲਗਦਾ ਹੈ ਤੇਰੀ ਕਿਰਿਆ ਤੋਂ ਕਿ ਤੂੰ ਜ਼ਰੂਰ ਮੁਸਲਮਾਨ ਹੈਂ, ਕਿਉਂਕਿ ਮੱਕਾ ਕਾਹਬਾ ਹੈ ਇਧਰ, ਜਿੱਧਰ ਤੂੰ ਪਾਣੀ ਦੇ ਰਿਹਾ ਹੈ। ਕੀ ਤੂੰ ਕਾਹਬੇ ਨੂੰ ਪਾਣੀ ਦਿੰਦਾ ਹੈਂ? ਮਹਾਰਾਜ ਸੁਣਦੇ ਹੀ ਨਹੀਂ, ਮਹਾਰਾਜ ਫੇਰ ਪਾਣੀ ਸੁੱਟੀ ਜਾਂਦੇ ਨੇ। ਉਹ ਕਹਿੰਦੇ, ਗੱਲ ਕਰ, ਮੋਢੇ ਤੋਂ ਫੜ ਲਿਆ ਕਈਆਂ ਨੇ। ਆਪ ਨੇ ਕਿਹਾ ਕਿ ਤੁਸੀਂ ਇਧਰ ਨੂੰ ਕਿਉਂ ਦਿੰਦੇ ਓਂ ਪਾਣੀ? ਜਿਹੜੇ ਚੰਗੇ ਵਿਦਵਾਨ ਸੀ ਉਹ ਕਹਿਣ ਲੱਗੇ, ਤੈਨੂੰ ਅੱਜ ਤੱਕ ਪਤਾ ਹੀ ਨਹੀਂ ਕਿ ਕੁੰਭ ਵੇਲੇ ਗੰਗਾ ਇਸ਼ਨਾਨ ਦਾ ਕੀ ਮਹਾਤਮ ਹੁੰਦਾ ਹੈ ਤੇ ਕੀ ਮਰਿਆਦਾ ਹੁੰਦੀ ਹੈ? ਕਹਿੰਦੇ, ਅਸੀਂ ਪਾਣੀ ਪਿੱਤਰਾਂ ਨੂੰ ਪੁਚਾ ਰਹੇ ਹਾਂ, ਸੂਰਜ ਨੂੰ ਦੇ ਰਹੇ ਹਾਂ। ਮਹਾਰਾਜ ਕਹਿੰਦੇ, ਸੂਰਜ ਕਿੰਨੀ ਦੂਰ ਹੈ? ਅੱਜ ਦੇ ਹਿਸਾਬ ਨਾਲ ਨੌਂ ਕਰੋੜ ਮੀਲ ਦੂਰ ਹੈ। ਕਹਿੰਦੇ, ਕਰੋੜਾਂ ਮੀਲ ਦੂਰ ਹੈ। ਪਿੱਤਰ? ਕਹਿੰਦੇ ਪਿੱਤਰ ਲੋਕ ਤਾਂ ਬਹੁਤ ਦੂਰ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥* *ਅੰਗ - ੨੬੪*

ਉਹ ਤਾਂ ਕੋਹ ਦੱਸਣੇ ਹੀ ਔਖੇ ਨੇ। ਮਹਾਰਾਜ ਫੇਰ ਛੇਤੀ-ਛੇਤੀ ਪਾਣੀ ਦੇਣ ਲੱਗ ਗਏ। ਕਹਿੰਦੇ, ਫੇਰ ਤਾਂ ਤੁਸੀਂ ਬਹੁਤ ਵਧੀਆ ਗੱਲ ਦੱਸ ਦਿਤੀ। ਫੇਰ ਮਹਾਰਾਜ ਦੇ ਮੋਢੇ ਤੋਂ ਫੜ ਲਿਆ, ਕਹਿੰਦੇ ਪਹਿਲਾਂ ਤੂੰ ਗੱਲ ਸੁਣ, ਕੌਣ ਹੈਂ ਤੂੰ? ਆਪਣੀ ਜਾਤ ਦੱਸ। ਮਹਾਰਾਜ ਕਹਿੰਦੇ, ਮੈਂ ਤੁਹਾਡੀ ਗੱਲ ਸੱਚ ਮੰਨ ਲਈ ਕਿ ਤੁਸੀਂ ਦਿੰਦੇ ਓਂ ਪਿੱਤਰਾਂ ਨੂੰ ਪਾਣੀ, ਸੂਰਜ ਨੂੰ ਪਾਣੀ, ਸੂਰਜ ਹੈ ਕਰੋੜਾਂ ਮੀਲ ਦੂਰ, ਮੇਰੇ ਖੇਤ ਇੱਥੋਂ ਤਿੰਨ ਕੁ ਸੌ ਮੀਲ ਦੂਰ ਨੇ ਤੇ ਸੁੱਕੇ ਨੇ। ਮੈਂ ਕਿਹਾ ਕਿ ਮੈਂ ਵੀ ਪਾਣੀ ਪੁਚਾ ਦਿਆਂ। ਮਹਾਰਾਜ ਪਾਣੀ ਦੇਈ ਜਾਂਦੇ ਨੇ। ਮਹਾਰਾਜ ਕਹਿੰਦੇ ਕਿ ਜੇ ਤੁਹਾਡਾ ਕਰੋੜਾਂ ਮੀਲਾਂ 'ਤੇ ਪਾਣੀ ਜਾ ਸਕਦਾ ਹੈ, ਪਿੱਤਰਾਂ ਨੂੰ ਸਾਲ ਭਰ ਦਾ ਪਾਣੀ ਤੁਸੀਂ ਦੇ ਸਕਦੇ ਓਂ, ਚਾਰ ਉਂਗਲ ਸੁੱਟ ਕੇ ਤਾਂ ਮੇਰੇ ਖੇਤ ਨਹੀਂ ਭਰਨਗੇ। ਮੈਨੂੰ ਖੇਤ ਭਰ ਲੈਣ ਦਿਓ, ਮੈਨੂੰ ਨਹੀਂ ਹੁਣ ਪਤਾ ਕਿਸੇ ਪਿੱਤਰ ਵਗੈਰਾ ਦਾ। ਦੂਜਾ ਕਹਿਣ ਲੱਗਿਆ ਕਿ ਗੱਲ ਸੁਣੋ, ਗੱਲ ਬੜੀ ਸੋਹਣੀ ਕਰੀ ਹੈ, ਆਪਾਂ ਤਾਂ ਐਵੇਂ ਹੀ ਖੱਪਦੇ ਹਾਂ, ਕਿਤੇ ਜਾਂਦਾ ਹੈ ਪਾਣੀ, ਵਿਚੇ ਗਿਰ ਪੈਂਦਾ ਹੈ। ਉਤੇ ਨੂੰ ਉਛਾਲਦੇ ਹਾਂ ਵਾਧੂ ਦੀ ਕਸਰਤ ਕਰ ਰਹੇ ਹਾਂ। ਨਾਲ ਦੇ ਨੇ ਕਿਹਾ ਕਿ ਕੋਈ ਦਰਵੇਸ਼ ਹੈ, ਰਮਜ਼ ਮਾਰ ਰਿਹਾ ਹੈ, ਸਮਝੋ ਇਹਦੀ ਰਮਜ਼। ਇਕੱਠ ਹੋਣਾ ਸ਼ੁਰੂ ਹੋ ਗਿਆ। ਉਸ ਵੇਲੇ ਪਾਣੀ ਦੇਣ ਤੋਂ ਹੱਟ ਗਏ ਸਾਰੇ। ਜਿਉਂ-ਜਿਉਂ ਗੱਲ ਚਲਦੀ ਹੈ, ਅਗਾਹਾਂ ਹੀ ਅਗਾਹਾਂ ਦੱਸੀ ਜਾਂਦੇ ਨੇ ਕਿ ਔਹ ਦੇਖੋ ਦਰਵੇਸ਼ ਨੇ ਮਾਰੀ ਹੈ ਇੱਥੇ ਆ ਕੇ ਚੋਟ ਕਿ ਸੂਰਜ ਨੂੰ ਕਿਵੇਂ ਪਾਣੀ ਪਿਲਾ ਦਿਓਂਗੇ ਇਹ ਤਾਂ ਸਾਨੂੰ ਇਨ੍ਹਾਂ ਪਾਂਡਿਆਂ ਨੇ ਭੰਬਲ ਭੂਸਿਆਂ 'ਚ ਪਾ ਦਿਤਾ ਹੈ, ਜਾਂਦਾ ਹੈ ਪਾਣੀ ਕਿਤੇ ਏਸ ਤਰ੍ਹਾਂ, ਐਵੇਂ ਵਾਧੂ। ਕਦੇ ਸੋਚੀ ਹੈ ਆਪਾਂ ਦਿਮਾਗ ਨਾਲ ਗੱਲ ਇਹ ਕਿ ਪਾਣੀ ਕਿੱਥੇ ਜਾਂਦਾ ਹੈ। ਉਹ ਬਾਹਰ ਨਿਕਲ ਆਏ, ਗੁਰੂ ਨਾਨਕ ਵੱਲ ਦੇਖਦੇ ਨੇ, ਜਦੋਂ ਦੇਖਿਆ ਮਹਾਰਾਜ ਨੇ ਕਿ ਬਹੁਤ ਸਾਰਾ ਇਕੱਠ ਹੋ ਗਿਆ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਪਾਣੀ 'ਚੋਂ ਨਿਕਲ ਆਉਂਦੇ ਨੇ। ਕਹਿੰਦੇ, ਬਹਿ ਜਾਓ, ਬਹਿ ਜਾਓ ਬਚਨ ਕਰੋ। ਜੋਗੀ ਵੀ ਆ ਗਏ, ਸੰਨਿਆਸੀ ਵੀ ਆ ਗਏ, ਪੰਡਤ ਵੀ ਆ ਗਏ, ਇੱਕ ਝਟਕਾ ਮਾਰਿਆ ਬਚਨ ਕਹਿ ਕੇ। ਇਕੱਠ ਹੋ ਗਿਆ ਤੇ ਜਿਹੜੀ ਭੀੜ ਸੀ ਉਸ 'ਚੋਂ ਕੋਈ ਕਹਿਣ ਲੱਗਿਆ ਕਿ ਲਗਦਾ ਹੈ ਕਿ ਤੂੰ ਕੋਈ ਫਕੀਰ ਹੈਂ ਤੇ ਤੂੰ ਰਮਜ਼ ਮਾਰੀ ਹੈ। ਗੱਲ ਤੇਰੀ ਅਸੀਂ ਮੰਨ ਲਈ, ਬਿਲਕੁਲ ਠੀਕ ਹੈ। ਬਚਨ ਹੋ ਹੀ ਰਹੇ ਨੇ। ਐਨੇ ਨੂੰ ਬਹੁਤ ਸਾਰੇ ਬੰਦੇ ਮਾਲਾ ਫੇਰ ਰਹੇ ਨੇ ਕਾਹਲੀ-ਕਾਹਲੀ। ਮਣਕੇ ਤੇ ਮਣਕਾ ਠੱਕ-ਠੱਕ ਕਰਦਾ ਹੈ ਰੁਦਰਾਖਸ਼ ਦੀਆਂ ਮਾਲਾਂ ਨੇ ਖੜਕਾ ਹੁੰਦਾ ਹੈ। ਮਹਾਰਾਜ ਦੇਖ ਕੇ ਔਹ ਹੱਥ ਕਰਕੇ ਕਹਿੰਦੇ ਆਹ ਸਾਰੇ ਨਰਕਾਂ ਨੂੰ ਜਾਣਗੇ, ਆਹ ਨਰਕਾਂ ਨੂੰ ਜਾਣ ਦੀ ਤਿਆਰੀ ਕਰ ਰਹੇ ਨੇ। ਉਹ ਕਹਿੰਦੇ, ਅੱਗੇ ਜਿਹੜੀ ਇਹਨੇ ਗੱਲ ਕਹੀ ਹੈ, ਪੱਕੀ ਕਹੀ ਹੈ ਤੇ ਆਹ ਵੀ ਗੱਲ ਪੱਕੀ ਹੈ। ਪੁੱਛਣੀ ਚਾਹੀਦੀ ਹੈ। ਜਿਹੜੇ ਸਿਆਣੇ ਪੰਡਤ ਸੀ ਵਿਦਵਾਨ, ਕਹਿਣ ਲੱਗੇ, ਫਕੀਰ ਸਾਂਈ! ਦਰਵੇਸ਼ ਸਾਂਈਂ! ਤੇਰੀ ਪਹਿਲੀ ਗੱਲ ਜਿਹੜੀ ਸੀ ਉਹ ਅੱਜ ਤੱਕ ਕਿਸੇ ਨੇ ਨਹੀਂ ਕਹੀ। ਅਸੀਂ ਜੁਗਾ-ਜੁਗਾਤਰਾਂ ਤੋਂ ਲਕੀਰ ਦੇ ਫਕੀਰ ਬਣੇ ਹੋਏ, ਪਾਣੀ ਦੇ ਰਹੇ ਸੀ, ਅੱਜ ਸਾਨੂੰ ਪਤਾ ਲੱਗਿਆ ਹੈ, ਬਈ ਜਿਹੜਾ ਪਾਣੀ ਕਰੋੜਾਂ ਮੀਲਾਂ 'ਤੇ ਦਿੰਦੇ ਹਾਂ, ਇਹਦੇ ਖੇਤਾਂ 'ਚ ਜ਼ਰੂਰ ਜਾਣਾ ਚਾਹੀਦਾ ਹੈ। ਅਸੀਂ ਕਹਿੰਦੇ ਹਾਂ ਕਿ ਖੇਤਾਂ 'ਚ ਤਾਂ ਜਾਂਦਾ ਨਹੀਂ, ਇਹ ਤਾਂ ਗੰਗਾ 'ਚ ਹੀ ਪੈਂਦਾ ਹੈ, ਅਸੀਂ ਆਪਣੀ ਜ਼ੁਬਾਨ ਨਾਲ ਕਿਹਾ ਹੈ ਕਿ ਇੱਥੇ ਹੀ ਪੈਂਦਾ ਹੈ। ਅਗਾਹਾਂ ਨੂੰ ਰੁੜਦਾ ਨਜ਼ਰ ਨਹੀਂ ਆਉਂਦਾ, ਬਈ ਠੀਕ ਹੈ ਤੂੰ ਸਾਡਾ ਭਰਮ ਦੂਰ ਕਰ ਦਿੱਤਾ। ਹੁਣ ਇਹ ਭਰਮ ਦੂਰ ਕਰ ਕਿ ਇਹ ਨਰਕਾਂ ਨੂੰ ਕਿਵੇਂ ਜਾਣਗੇ ਹਿੰਦੂ ਸਾਰੇ। ਮਹਾਰਾਜ ਕਹਿੰਦੇ, ਉਰੇ ਆ, ਬਹੁਤ ਵਧੀਆ ਬੰਦਾ ਤਿਲਕ ਵਗੈਰਾ ਲਾਏ ਹੋਏ, ਮਾਲਾ ਫੇਰ ਰਿਹਾ। ਉਹ ਕਹਿੰਦੇ, ਤੂੰ ਦਿੱਲੀ ਕੀ ਕਰਦਾ ਹੈ, ਦਿੱਲੀ ਘੁੰਮ ਰਿਹਾ ਹੈਂ ਬਜ਼ਾਰ ਦੇ ਅੰਦਰ ਤੇ ਮਾਲਾ ਫੇਰਦਾ ਹੈਂ ਹਰਿਦੁਆਰ ਦੇ ਕੰਢੇ ਬੈਠਾ। ਦੂਜੇ ਨੂੰ ਕਹਿੰਦੇ ਕਿ ਤੂੰ ਮੁਲਤਾਨ ਦੇ ਵਿੱਚ ਕੀ ਕਰਦਾ ਹੈਂ? ਤੀਸਰੇ ਨੂੰ ਹੋਰ, ਚੌਥੇ ਨੂੰ ਹੋਰ। ਜਦੋਂ ਦਸ-ਪੰਦਰਾਂ ਦੀਆਂ ਗੱਲਾਂ ਦੱਸੀਆਂ ਤਾਂ ਕਹਿੰਦੇ ਤੂੰ ਐਹੋ ਜਿਹਾ ਮਾੜਾ ਕੰਮ ਚਿਤਵਿਆ ਹੈਂ, ਆਇਆਂ ਤੂੰ ਤੀਰਥ ਉਤੇ ਤੇ ਪਾਪ ਚਿਤਵ ਰਿਹਾ ਹੈਂ। ਇਥੇ ਬੈਠਾ ਚਿਤਵ ਰਿਹਾ ਹੈਂ ਕਿ ਮੈਂ ਜਾ ਕੇ ਫਲਾਣੇ ਦਾ ਆਹ ਨੁਕਸਾਨ ਕਰਨਾ ਹੈ, ਤੂੰ ਨਾਹੁੰਦਾ ਫਿਰਦਾ ਹੈਂ ਤੀਰਥਾਂ 'ਤੇ ਤੇ ਮੰਦਾ ਚਿਤਵਦਾ ਹੈਂ ਇੱਥੇ ਬੈਠਾ। ਜਦੋਂ ਦਸ ਕੁ ਬੰਦਿਆਂ ਦਾ ਦੱਸਿਆ, ਸਭ ਨੇ ਨੇਤਰ ਖੋਲ੍ਹ ਲਏ ਕਿ ਸਾਡੀ ਵਾਰੀ ਨਾ ਆ ਜਾਏ। ਅਰ ਉਨ੍ਹਾਂ ਨੇ ਜਾ ਕੇ ਮਹਾਰਾਜ ਦੇ ਚਰਨ ਫੜ ਲਏ। ਕਹਿਣ ਲੱਗੇ, ਤੂੰ ਤਾਂ ਕੋਈ ਰੱਬ ਦਾ ਰੂਪ ਹੈਂ, ਸੱਚਮੁੱਚ ਸਾਡਾ ਮਨ ਦਿੱਲੀ ਫਿਰਦਾ ਸੀ। ਦੂਜਾ ਕਹਿੰਦਾ ਮੈਂ ਲਾਹੌਰ ਫਿਰਦਾ ਸੀ, ਮੈਂ ਮੁਲਤਾਨ ਫਿਰਦਾ ਸੀ ਤੇ ਮੈਂ ਫਲਾਣੇ ਥਾਂ ਫਿਰਦਾ ਸੀ, ਜਿਹੜੀ ਤੂੰ ਗੱਲ ਕਹੀ ਹੈ ਮੇਰੇ ਮਨ ਵਿੱਚ ਇਹੀ ਗੱਲ ਸੀ। ਤੂੰ ਤਾਂ ਕੋਈ ਰੱਬ ਦਾ ਰੂਪ ਆ ਗਿਆ। ਚਰਨਾਂ 'ਤੇ ਨੱਠ-ਨੱਠ ਕੇ ਪੈਣੇ ਸ਼ੁਰੂ ਹੋ ਗਏ। ਮਹਾਰਾਜ ਕਹਿੰਦੇ, ਦੱਸੋ ਹੁਣ ਨਰਕਾਂ ਨੂੰ ਜਾਓਂਗੇ ਕਿ ਨਹੀਂ, ਹੱਥ 'ਚ ਤਾਂ ਮਾਲਾ ਘੁੰਮਦੀ ਹੈ ਤੇ ਸੋਚਦੇ ਓਂ ਵਿਰੋਧ ਦੀਆਂ ਗੱਲਾਂ। ਵੈਰ ਦੀਆਂ ਗੱਲਾਂ, ਕਾਮ ਦੀਆਂ ਗੱਲਾਂ, ਲੋਭ ਦੀਆਂ, ਮੋਹ ਦੀਆਂ ਗੱਲਾਂ, ਕਪਟ ਦੀਆਂ ਗੱਲਾਂ ਤੇ ਮੂੰਹ ਨਾਲ ਤੁਸੀਂ ਹਰਿ ਹਰਿ ਕਰਦੇ ਓਂ। ਤੁਹਾਨੂੰ ਇੱਕ ਅਸੂਲ ਦੀ ਗੱਲ ਦਸਦੇ ਹਾਂ ਕਿ ਮਨ ਦਾ ਜਿਸ ਚੀਜ਼ ਨਾਲ ਮੋਹ ਪੈ ਜਾਏ, ਵਾਹ ਪੈ ਜਾਏ, ਜਿਹਦੇ ਨਾਲ ਚਿਤ ਲਗ ਜਾਵੇ

ਓਹੀ ਚੀਜ਼ ਪ੍ਰਾਪਤ ਹੁੰਦੀ ਹੈ। ਐਸਾ ਅਕਾਲ ਪੁਰਖ ਦਾ ਅਸੂਲ ਹੈ, ਹੁਕਮ ਦੀ ਕਾਰ ਹੈ, ਜਿਸ ਚੀਜ਼ ਨਾਲ ਬੰਦੇ ਦਾ ਜ਼ਿਆਦਾ ਖਿਆਲ ਹੋਵੇ ਉਹ ਚੀਜ਼ ਪ੍ਰਾਪਤ ਹੋ ਜਾਂਦੀ ਹੈ, ਐਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਜਿਸ ਸੇਤੀ ਮਨ ਲਾਇਆ ਜੀ,*
*ਸਾਈ ਵਸਤ ਪ੍ਰਾਪਤ ਹੋਈ।*

ਕਹਿਣ ਲੱਗੇ, ਪਿਆਰਿਓ! ਮਨ ਦਾ ਰੁਖ ਜਿਸ ਚੀਜ਼ ਨਾਲ ਬਹੁਤਾ ਜੁੜਿਆ ਹੋਇਆ ਹੈ, ਓਹੀ ਚੀਜ਼ ਪ੍ਰਾਪਤ ਹੁੰਦੀ ਹੈ, ਜੇ ਕਪਟ ਨਾਲ ਜੁੜਿਆ ਹੋਇਆ ਹੈ, ਕਪਟ ਦਾ ਫਲ, ਤੀਰਥ 'ਤੇ ਬੈਠੇ ਕਪਟ ਦੀ ਗੱਲ ਸੋਚਦੇ ਓਂ, ਹਜ਼ਾਰਾਂ ਗੁਣਾਂ ਪਾਪ ਦਾ ਫਲ ਵੱਧ ਜਾਏਗਾ। ਪੁੰਨ ਦਾ ਫਲ ਵੀ ਹਜ਼ਾਰਾਂ ਗੁਣਾਂ ਵੱਧ ਹੈ ਤੇ ਪਾਪ ਦਾ ਵੀ ਵੱਧ ਹੈ ਤੇ ਨਰਕਾਂ ਨੂੰ ਜਾਓਂਗੇ ਕਿ ਨਹੀਂ। ਵੈਰ ਦੀਆਂ ਗੱਲਾਂ ਸੋਚਦੇ ਓਂ, ਵਿਰੋਧ ਦੀਆਂ ਗੱਲਾਂ ਸੋਚਦੇ ਓਂ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਅੰਗ - ੨੬੮*

ਈਰਖਾ, ਨਿੰਦਿਆ, ਚੁਗਲੀ, ਮਾੜੀਆਂ ਗੱਲਾਂ ਸੋਚਦੇ ਓਂ ਤੇ ਪਾਪ ਦਾ ਫਲ ਪਤਾ ਕਿੰਨਾ ਜ਼ਿਆਦਾ ਫੈਲ ਜਾਣਾ ਹੈ, ਤੁਸੀਂ ਪਵਿੱਤਰ ਭੂਮੀ 'ਤੇ ਬੈਠੇ ਇਹ ਗੱਲਾਂ ਸੋਚਦੇ ਓਂ -

*ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥*
*ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥*
*ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥*
*ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥*
*ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥*
*ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥*
*ਅੰਗ - ੭੫*

ਅੰਦਰੋਂ ਤਾਂ ਸਫਾਈ ਨਹੀਂ ਹੈ, ਨਾ ਕੋਈ ਚੰਗੇ ਕੰਮ ਕਰੇਂ, ਨਾ ਗਿਆਨ ਹੈ ਨਾ ਧਿਆਨ ਹੈ, ਨਾ ਸੰਜਮ ਦੀ ਜ਼ਿੰਦਗੀ ਹੈ ਤੇ ਵਿਸ਼ੇ ਵਿਕਾਰਾਂ ਵਿੱਚ ਮਨ ਘੁੰਮਦਾ ਰਹਿੰਦਾ ਹੈ ਤੇ ਕਹਿੰਦੇ ਤੀਰਥ ਕਰਨ 'ਤੇ ਤਾਂ ਛੁਟਣਾ ਨਹੀਂ ਪਿਆਰਿਓ, ਛੁਟਣਾ ਤਾਂ ਹੈ ਜਦੋਂ ਭਗਤੀ ਵਿੱਚ ਤੁਹਾਡਾ ਮਨ ਲੱਗੇਗਾ ਤੇ ਦੁਬਿਧਾ ਦੇ ਵਿੱਚ ਵਿਆਪ ਕੇ ਜਦੋਂ ਦੂਜਾ ਕਰੋਂਗੇ ਫੇਰ ਇਹਦਾ ਫਲ ਕੋਈ ਨਹੀਂ ਹੋਣਾ ਤੇ ਪ੍ਰਮੇਸ਼ਰ ਦਾ ਜੇ ਭਜਨ ਕਰਦੇ ਓਂ ਚਿੱਤ ਲਾ ਕੇ ਕਰੋ। ਐਸ ਤਰ੍ਹਾਂ ਫੁਰਮਾਨ ਆਉਂਦਾ ਹੈ ਗੁਰੂ ਮਹਾਰਾਜ ਦਾ -

*ਧਾਰਨਾ - ਜਸ ਕਰੋ ਵਾਹਿਗੁਰੂ ਦਾ,*
*ਪਿਆਰਿਓ ਚਿੱਤ ਨੂੰ ਇਕਾਗਰ ਕਰਕੇ।*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ - ੨੯੫*

ਇੱਕ ਸਾਵਧਾਨ ਹੋਣਾ ਚਾਹੀਦਾ ਹੈ, ਇੱਕ ਚਿੱਤ ਦੀ ਇਕਾਗਰਤਾ ਚਾਹੀਦੀ ਹੈ। ਜੇ ਚਿੱਤ ਨੱਠਿਆ ਫਿਰਦਾ ਹੈ, ਮਨ ਦੌੜਿਆ ਫਿਰਦਾ ਹੈ। ਹੱਥ ਵਿੱਚ ਮਾਲਾ ਘੁੰਮਦੀ ਤੇ ਚੌਂਕੜਾ ਮਾਰਿਆ ਹੋਇਆ, ਮੂੰਹ ਵਿੱਚ ਜੀਭ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ ਕਰਦੀ ਹੈ, ਮਹਾਰਾਜ ਕਹਿੰਦੇ ਚਿੱਤ ਨੇ ਕੰਮ ਦੇਣਾ ਹੈ, ਜੀਭ ਨੇ ਨਹੀਂ ਦੇਣਾ। ਚਿੱਤ ਤਾਂ ਤੁਹਾਡਾ ਹੋਰ ਪਾਸੇ ਲੱਗਿਆ ਹੋਇਆ ਹੈ ਤੇ ਜੀਭ ਹਿੱਲੀ ਜਾਂਦੀ ਹੈ, ਮਾਲਾ ਹਿੱਲੀ ਜਾਂਦੀ ਹੈ ਤੇ ਕਹਿੰਦੇ ਇਸ ਤਰ੍ਹਾਂ ਗਲਤ ਹੋ ਜਾਂਦਾ ਹੈ। ਸਾਰਿਆਂ ਨੇ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਕ੍ਰਿਪਾ ਕਰਕੇ ਸਾਨੂੰ ਸੋਝੀ ਦੇਵੋ ਅਸੀਂ ਬਿਲਕੁਲ ਅਣਜਾਣ ਬੰਦੇ ਹਾਂ, ਮਹਾਰਾਜ ਕਹਿੰਦੇ ਪਹਿਲਾਂ ਵਿਸ਼ਵਾਸ਼ ਲਿਆਓ। ਵਿਸ਼ਵਾਸ਼ ਲਿਆਓ ਸਤਿਪੁਰਖ 'ਤੇ ਗੁਰੂ 'ਤੇ, ਗੁਰੂ ਤੋਂ ਬਗੈਰ ਨਹੀਂ ਗੱਲ ਚੱਲਿਆ ਕਰਦੀ ਤੇ ਗੁਰੂ ਦੇ ਉਤੇ ਲਿਆਓ ਪ੍ਰਤੀਤ -

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ - ੨੮੩*

ਉਹਨੂੰ ਹਰੀ ਚਿੱਤ ਆਉਂਦਾ ਹੈ, ਨਾਮ ਚਿੱਤ ਆਉਂਦਾ ਹੈ, ਦੂਸਰੇ ਨੂੰ ਆਉਂਦਾ ਨਹੀਂ ਤੇ ਪ੍ਰਮੇਸ਼ਰ ਜਿਹੜਾ ਹੈ ਸਾਰੇ ਪਰੀਪੂਰਨ ਹੈ। ਕੋਈ ਥਾਂ ਨਹੀਂ। ਤੇਰੇ ਅੰਦਰ ਤੇਰੇ ਬਾਹਰ ਉਹ ਮਹਾਨ ਸੁੱਖਾਂ ਦਾ ਦਾਤਾ, ਪਿਆਰ ਕਰਨ ਵਾਲੀ ਜੋਤ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਉਹਨੂੰ ਧਿਆਨ ਵਿੱਚ ਲਿਆ ਕੇ ਮੇਰੇ ਨਾਲ ਹੈ ਉਹ। ਅੰਦਰ ਵੀ ਮੇਰੇ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
*ਅੰਗ - ੬੭੭*

ਕਹਿੰਦੇ ਜਿਹੜਾ ਰਵਿਆ ਹੋਇਆ ਹੈ, ਤੇਰੇ ਰੋਮ-ਰੋਮ ਵਿੱਚ ਜਿਹਦਾ ਵਾਸਾ ਹੈ ਉਹਦਾ ਧਿਆਨ ਕਰ, ਫੇਰ ਕਹਿ ਵਾਹਿਗੁਰੂ। ਫੇਰ ਕਹਿ ਰਾਮ, ਫੇਰ ਕਹਿ ਅੱਲਾਹ। ਕਿਉਂਕਿ ਹੁਣ ਤੇਰੇ ਮੂਹਰੇ ਨਿਸ਼ਾਨਾ ਹੈ। ਜੇ ਨਿਸ਼ਾਨਾ ਹੀ ਨਹੀਂ ਹੈ, ਗੋਲੀਆਂ ਐਵੇਂ ਹੀ ਚਲਾਈ ਜਾਂਦਾ ਹੈਂ, ਗੁਲਜ਼ਰੀ 'ਚ ਤਾਂ ਲੱਗਣੀ ਨਹੀਂ ਹੈ। ਜੇ ਗੁਲਜ਼ਰੀ 'ਚ ਲੱਗਣਗੀਆਂ ਪੰਜ ਗੋਲੀਆਂ, Marks Man ਦਾ ਖਿਤਾਬ, ਸੌ ਨੰਬਰ ਮਿਲ ਜਾਣਗੇ। ਜੇ outer 'ਚ ਮਾਰਦਾ ਹੈਂ ਤਾਂ ਜ਼ੀਰੋ ਨੰਬਰ ਮਿਲੇਗਾ। ਮੋਢੇ ਤਾਂ ਉਹਦੇ ਨੇ ਵੀ ਸੱਟ ਖਾਧੀ ਹੈ, ਜਿਹਨੇ ਗੁਲਜ਼ਰੀ 'ਚ ਮਾਰੀ ਹੈ ਉਹਦੇ ਵੀ ਝਟਕਾ ਲੱਗਿਆ। ਲੇਕਿਨ ਇੱਕ ਦਾ ਜਿਹੜਾ ਉਦਮ ਸੀ ਉਹ ਨਿਰਾਰਥ ਗਿਆ, ਇੱਕ ਦਾ ਉਦਮ ਸਫਲ ਹੋਇਆ ਉਹਨੇ ਗੁਲਜ਼ਰੀ 'ਚ ਮਾਰੀ। ਕਹਿੰਦੇ, ਇਸ ਤਰ੍ਹਾਂ ਪਹਿਲਾਂ ਤਾਂ ਵਿਸ਼ਵਾਸ਼ ਲਿਆਓ ਵਾਹਿਗੁਰੂ ਦੇ ਉਤੇ, ਫੇਰ ਇਹ ਵਿਸ਼ਵਾਸ਼ ਲਿਆਓ ਕਿ ਉਹ ਮੇਰੇ ਨਾਲ, ਅੰਦਰ ਬਾਹਰ ਹਰ ਥਾਂ ਦੇ ਉਤੇ ਹੈ, ਵਿਛੜਦਾ ਹੀ ਨਹੀਂ ਕਦੇ ਵੀ ਮੈਂ ਸੁੱਤਾ ਹੁੰਦਾ ਹਾਂ, ਉਹ ਜਾਗਦਾ ਹੁੰਦਾ ਹਾਂ, ਮੈਂ ਜਦੋਂ ਮਾੜੇ ਕੰਮ ਚਿਤਵਦਾ ਹੁੰਦਾ ਹਾਂ ਉਹ ਮੈਨੂੰ ਦੇਖਦਾ ਹੁੰਦਾ ਹੈ। ਜਦੋਂ ਮੈਂ ਲੋਕਾਂ ਨਾਲ ਬੁਰਿਆਈ ਕਰਦਾ ਹਾਂ ਉਹਨੂੰ ਪਤਾ ਹੁੰਦਾ ਹੈ ਕਿ ਹੁਣ ਇਹ ਬੁਰਿਆਈ ਦੀਆਂ ਗੱਲਾਂ ਸੋਚਦਾ ਹੈ, ਵਾਹਿਗੁਰੂ ਤੋਂ ਕੋਈ ਚੀਜ਼ ਭੁੱਲੀ ਹੋਈ ਨਹੀਂ ਹੈ। ਸਭ ਕੁਛ ਜਾਣਦਾ ਹੈ ਉਹਦੀ ਹਜ਼ੂਰੀ 'ਚ ਨਾਮ ਜਪੋ। ਜਦੋਂ ਹਜ਼ੂਰੀ 'ਚ ਨਾਮ ਜਪੋਂਗੇ, ਹਜ਼ੂਰੀ ਦਾ ਅਨੁਭਵ ਤੁਹਾਨੂੰ ਆਏਗਾ ਫੇਰ ਮਨ ਨੇ ਨਹੀਂ ਦੌੜਨਾ, ਮਨ ਫੇਰ ਰੁਕ ਜਾਏਗਾ ਕਿਉਂਕਿ ਪਤਾ ਹੈ ਉਹਨੂੰ। ਮਨ ਓਨਾ ਚਿਰ ਹੀ ਨੱਠਦਾ ਹੈ ਜਦੋਂ ਮੂਹਰੇ ਨਿਸ਼ਾਨਾ ਨਹੀਂ, ਜਦੋਂ ਨਿਸ਼ਾਨਾ ਆ ਜਾਏ, ਮਨ ਦੀ ਦੌੜ ਖਤਮ ਹੋ ਜਾਂਦੀ ਹੈ। ਸੋ ਮਹਾਰਾਜ ਕਹਿਣ ਲੱਗੇ ਇਸ ਤਰ੍ਹਾਂ ਬੰਦਗੀ ਕਰਨੀ ਚਾਹੀਦੀ ਹੈ। ਬਾਕੀ ਪੁੱਛਿਆ ਮਹਾਰਾਜ ਨੂੰ ਕਿ ਸੱਚੇ ਪਾਤਸ਼ਾਹ! ਤੀਰਥਾਂ 'ਤੇ ਇਸ਼ਨਾਨ ਕਰਨ ਦਾ ਫਲ ਹੋਇਆ ਕਰਦਾ ਹੈ? ਮਹਾਰਾਜ ਕਹਿੰਦੇ -

*ਤੀਰਥ ਕੀਏ ਏਕ ਫਲ*

ਇੱਕ ਫਲ ਮਿਲਦਾ ਹੈ, ਉਹ ਵੀ ਜੇ ਪੂਰੀ ਵਿਧੀ ਦੇ ਨਾਲ, ਸ਼ਰਧਾ ਦੇ ਨਾਲ, ਪੂਰੇ ਸੰਜਮ ਦੇ ਨਾਲ, ਮਨ ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਜੇ ਕੋਈ ਆਉਂਦਾ ਹੈ, ਉਥੇ ਆ ਕੇ ਦਾਨ ਪੁੰਨ ਕਰਦਾ ਹੈ, ਸੰਤਾਂ ਦੇ ਬਚਨ ਸੁਣਦਾ ਹੈ ਕਿਉਂਕਿ ਸਾਧੂ ਲੋਕ ਤੀਰਥਾਂ 'ਤੇ ਜਾਂਦੇ ਨੇ, ਤੀਰਥਾਂ ਦੀ ਪੁਕਾਰ ਸੁਣ ਕੇ ਕਹਿੰਦੇ ਫੇਰ ਇੱਕ ਫਲ ਮਿਲ ਜਾਇਆ ਕਰਦਾ ਹੈ -

*ਸੰਤ ਮਿਲੇ ਫਲ ਚਾਰ।*

ਜੇ ਸੰਤ ਮਿਲ ਜਾਵੇ ਤਾਂ ਉਹਦੇ ਚਾਰ ਫਲ ਮਿਲਦੇ ਨੇ-

*ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥*
*ਅੰਗ - ੨੬੬*

*ਗੁਰੂ ਮਿਲੇ ਫਲ ਅਨੇਕ ਹੈ*

ਕਹਿੰਦੇ ਜੇ ਗੁਰੂ ਨਾਲ ਬਣ ਜਾਵੇ ਤਾਂ ਕਹਿੰਦੇ ਫਲਾਂ ਦੀ ਗਿਣਤੀ ਨਹੀਂ।

*ਕਹਤ ਕਬੀਰ ਬੀਚਾਰ।*

ਕਬੀਰ ਜੀ ਕਹਿੰਦੇ ਅਸੀਂ ਵਿਚਾਰ ਕੇ ਗੱਲ ਕਹਿੰਦੇ ਹਾਂ, ਮਹਾਰਾਜ ਕਹਿੰਦੇ, ਹੁਣ ਤੁਸੀਂ ਕੰਮ ਦੀ ਗੱਲ ਸੁਣੋ ਸਾਡੇ ਤੋਂ। ਦੇਖੋ ਕਹਿੰਦੇ, ਇਸ਼ਨਾਨ ਤੁਸੀਂ ਕਰਦੇ ਓਂ ਪਾਣੀ ਦੇ ਨਾਲ ਤੇ ਪਾਣੀ ਨਾਲ ਨਹਾ ਕੇ ਤੁਸੀਂ ਕਹਿੰਦੇ ਓਂ ਕਿ ਸਭ ਉਤਰ ਗਿਆ। ਇਹ ਸਰੀਰ ਤਾਂ ਮੈਲਾ ਹੀ ਰਹਿੰਦਾ ਹੈ ਇਹ ਸੁੱਚਾ ਨਹੀਂ ਕਦੇ ਵੀ ਹੋਇਆ ਕਰਦਾ। ਇਹ ਨਾ ਅੱਜ ਤੱਕ ਸੁੱਚਾ ਹੋਇਆ ਹੈ।

*........ਕਾਚੀ ਭੀਤਿ ਨ ਸੁਧਿ ॥ ਅੰਗ - ੨੫੨*

ਕੱਚੀ ਕੰਧ ਨੂੰ ਸ਼ੁੱਧ ਕਰਕੇ ਦਿਖਾਓ ਤਾਂ ਕੋਈ, ਜਿੰਨਾਂ ਉਹਨੂੰ ਮਲੀ ਜਾਓਂਗੇ ਹੋਰ ਮਿੱਟੀ ਨਿਕਲੀ ਜਾਏਗੀ। ਹੋਰ ਮਲੀ ਜਾਓਂਗੇ ਹੋਰ ਮਿੱਟੀ ਨਿਕਲੀ ਜਾਏਗੀ। ਕਾਂਸੀ ਦੇ ਭਾਂਡੇ ਨੂੰ ਕੋਈ ਸ਼ੁੱਧ ਕਰਕੇ ਦਿਖਾਓ। ਸੌ ਵਾਰੀ ਧੋਈ ਜਾਓ -

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਅੰਗ - ੭੨੯*

ਕਾਲੇ ਹੱਥ ਹੋਈ ਜਾਣਗੇ।

*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ਅੰਗ - ੭੨੯*

ਕਹਿੰਦੇ, ਸਰੀਰ ਤਾਂ ਮੈਲਾ ਹੀ ਰਹਿਣਾ ਹੈ। ਸਰੀਰ ਦੇ ਨਾਲ ਸਬੰਧ ਹੈ ਮਨ ਦਾ। ਜੇ ਮਨ ਦੇ ਵਿੱਚ ਮੈਲ ਹੈ ਤਾਂ ਆਦਮੀ ਦੁਖੀ ਹੋਏਗਾ, ਮਨ ਦੀ ਮੈਲ ਜਿੰਨੀ ਦੇਰ ਤੱਕ ਦੂਰ ਨਹੀਂ ਨਾ ਹੁੰਦੀ। ਓਨਾ ਚਿਰ ਕੋਈ ਚੀਜ਼ ਪ੍ਰਾਪਤ ਨਹੀਂ ਹੁੰਦੀ। ਸਾਰਾ ਜ਼ੋਰ ਮਨ ਦੀ ਮੈਲ ਦੂਰ ਕਰਨ 'ਤੇ ਲਾਉਂਦਾ ਹੈ, ਮਨ ਦੇ ਵਿੱਚ ਜਿਹੜੀ ਵੱਡੀ ਤਹਿ ਬਣੀ ਹੋਈ ਹੈ ਉਹ ਹਉਮੈ ਦੀ ਜਮੀ ਹੋਈ ਹੈ। ਬੇਅੰਤ ਜਮੀਆਂ ਹੋਈਆਂ ਨੇ ਤੈਹਾਂ ਤਾਂ। ਪਰ ਸਭ ਤੋਂ ਔਖੀ ਹੈ ਜਿਹੜੀ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ - ੪੬੬*

ਜਿੰਨਾਂ ਚਿਰ ਹਉਮੈ ਦੀ ਮੈਲ ਨਹੀਂ ਉਤਰਦੀ, ਇਹ ਜੰਮਦਾ ਮਰਦਾ ਰਹੇਗਾ। ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਜੰਮਦਾ ਤੇ ਮਰਦਾ ਹੈ ਹਉਮੈ ਦਾ ਬੰਨ੍ਹਿਆ ਹੋਇਆ।*

ਮਹਾਰਾਜ ਕਹਿਣ ਲੱਗੇ, ਪ੍ਰੇਮੀਓਂ! ਅਸਲੀ ਮੈਲ ਤਾਂ ਇਹਦੇ ਉਤੇ ਹਉਮੈ ਦੀ ਚੜ੍ਹੀ ਹੋਈ ਹੈ। ਜਦੋਂ ਤੱਕ ਹਉਮੈ ਦੇ ਨਾਲ ਮਨ ਮੈਲਾ ਹੈ ਓਨਾਂ ਚਿਰ ਸਰੀਰ ਸ਼ੁੱਧ ਨਹੀਂ ਹੋਇਆ ਕਰਦਾ। ਸਰੀਰ ਤਾਂ ਵੈਸੇ ਹੀ ਸ਼ੁੱਧ ਨਹੀਂ ਹੁੰਦਾ। ਇੱਕ ਕੋਈ ਜੱਟ ਸੀ ਪੰਡਤ ਜੀ ਦੇ ਪਾਸ ਗਿਆ। ਕਹਿਣ ਲੱਗਿਆ, ਪੰਡਤ ਜੀ! ਇੱਕ ਗੱਲ ਮੈਨੂੰ ਕ੍ਰਿਪਾ ਕਰਕੇ ਦੱਸੋ ਕਿ ਮੂੰਹ ਵੀ ਸ਼ੁੱਧ ਹੋ ਜਾਂਦਾ ਹੈ ਕਹਿੰਦੇ ਹਾਂ, ਕਹਿੰਦੇ ਕਿਵੇਂ? ਕਹਿੰਦੇ, ਇਸ ਤਰ੍ਹਾਂ ਸੂਰ ਜਿੱਥੇ ਮਿੱਟੀ ਪੁੱਟ ਦੇਵੇ, ਉਹ ਮਿੱਟੀ ਸਾਰੀ ਲੈ ਆਓ ਚੁੱਕ ਕੇ ਤੇ ਸਵਾ ਮਣ ਤੋਲ 'ਚ ਹੋਣੀ ਚਾਹੀਦੀ ਹੈ। ਉਹ ਕਿਸੇ ਚਲਦੇ ਖੂਹ ਦੇ ਮੌਣ ਦੇ ਕੋਲ ਬਹਿ ਜਾਓ, ਸਵਾ ਮਣ ਮਿੱਟੀ ਦੀ ਦਾਤਣ ਕਰੋ, ਉਂਗਲੀ ਲਿਬੇੜ ਲਓ, ਦੰਦਾਂ 'ਤੇ ਫੇਰੀ ਜਾਓ, ਕੁਰਲੀ ਕਰ ਦਿਓ ਫੇਰ ਫੇਰ ਲਓ, ਕਹਿੰਦੇ, ਫੇਰ ਸ਼ੁੱਧ ਹੋ ਜਾਂਦਾ ਹੈ। ਉਸ ਨੇ ਇਸੇ ਤਰ੍ਹਾਂ ਕਰਿਆ, ਸਵਾ ਮਣ ਮਿੱਟੀ ਲੈ ਆਇਆ, ਲਿਆ ਕੇ ਖੂਹ ਦੇ ਕੰਢੇ ਮੌਣ 'ਤੇ ਬੈਠ ਗਿਆ। ਖੂਹ ਚਲਦਾ ਸੀ ਤੇ ਸਵੇਰ ਦਾ ਕੁਰਲੀਆਂ ਕਰਨ ਲੱਗਿਆ ਕਿਤੇ ਤੀਜੇ ਪਹਿਰ ਜਾ ਕੇ ਮਿੱਟੀ ਮੁੱਕੀ ਉਹਦੀ। ਕੁਦਰਤੀ ਪੰਡਤ ਜੀ ਆ ਗਏ। ਪੰਡਤ ਜੀ ਆਏ, ਕਹਿਣ ਲੱਗਿਆ, ਮਹਾਰਾਜ ਮੈਨੂੰ ਤਾਂ ਦੇਖ ਲਓ ਕਿੰਨੇ ਘੰਟੇ ਲੱਗੇ ਨੇ ਤਾਂ ਜਾ ਕੇ ਕਿਤੇ ਮਿੱਟੀ ਮੁੱਕੀ ਹੈ। ਉਸ ਵੇਲੇ ਉਹਨੇ ਊਂਜਲ ਮੂੰਹ ਦੇ ਵਿੱਚ ਪਾਣੀ ਦਾ ਪਾ ਲਿਆ ਤੇ ਉਹ ਕੁਰਲੀ ਭਰ ਕੇ ਪੰਡਤ ਦੇ ਉਤੇ ਸੁੱਟ ਦਿੱਤੀ। ਕਹਿਣ ਲੱਗਿਆ, ਰੇ ਦੁਸ਼ਟ, ਨੀਚ! ਇਹ ਕੀ ਕੰਮ ਕਰਿਆ ਹੈ ਤੂੰ ਮੇਰੇ ਸਾਰੇ ਵਸਤਰ ਅਪਵਿੱਤਰ ਕਰ ਦਿੱਤੇ। ਕਹਿੰਦੇ, ਪੰਡਤ ਜੀ! ਮੈਂ ਤਾਂ ਸਵਾ ਮਣ ਮਿੱਟੀ ਮਲ ਕੇ ਮੂੰਹ ਪਵਿੱਤਰ ਕਰਿਆ ਹੈ। ਤੁਸੀਂਓਂ ਕਹਿੰਦੇ ਸੀ ਕਿ ਪਵਿੱਤਰ ਹੋ ਜਾਂਦਾ ਹੈ, ਸਰੀਰ ਤਾਂ ਕਦੇ ਪਵਿੱਤਰ ਨਹੀਂ ਹੁੰਦਾ ਇਹ ਥੋੜ੍ਹੀ ਦੇਰ ਵਾਸਤੇ ਹੁੰਦਾ ਹੈ, ਇਹ ਫੇਰ ਮੈਲਾ ਹੋ ਜਾਂਦਾ ਹੈ ਕਿਉਂਕਿ ਇਹਦੇ ਅੰਦਰ ਮੈਲ ਪਈ ਹੈ, ਬੇਅੰਤ ਮੈਲ ਹੈ ਇਹਦੇ ਅੰਦਰ, ਮੈਲਾ ਸਰੀਰ ਹੈ। ਗਲਤੀ ਨਾਲ ਅਸੀਂ ਇਹਨੂੰ ਚੰਗਾ ਸਮਝਦੇ ਹਾਂ। ਇਹ ਚੰਗਾ ਤਾਂ, ਤਾਂਹੀ ਹੈ -

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥*
*ਅਵਰ ਵਸਤੁ ਤੁਝ ਪਾਹਿ ਅਮਾਨ ॥ ੨ ॥*
*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥*
*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ - ੩੭੪*

ਬਾਕੀ ਤਾਂ ਅਮਾਨਤਾਂ ਨੇ ਵਿਸ਼ਟਾ ਤੇ ਗੰਦ ਮੰਦ ਨੂੰ ਪਲਾਸਟਿਕ ਦੇ ਥੈਲੇ 'ਚ ਰੱਖ ਕੇ ਇਹਨੂੰ ਪਵਿੱਤਰ ਬਣਾਈਂ ਫਿਰਦਾ ਹੈਂ। ਕਿਹੜੇ ਪਾਸਿਓਂ ਪਵਿੱਤਰ ਹੈ ਸਰੀਰ, ਥੋੜ੍ਹੀ ਜਿਹੀ ਗਰਮੀ ਆ ਜਾਏ ਸਰੀਰ ਨੂੰ। ਅੰਦਰੋਂ ਜ਼ਹਿਰ ਨਿਕਲਦੀ ਹੈ, ਸਾਢੇ ਤਿੰਨ ਕਰੋੜ ਰੋਮ 'ਚੋਂ। ਹਰ ਵਕਤ ਮੈਲਾ ਰਹਿੰਦਾ ਹੈ, ਕੱਪੜੇ ਮੈਲੇ ਰਹਿੰਦੇ ਨੇ ਤੇ ਇਹ ਤਾਂ ਪਵਿੱਤਰ ਹੋ ਹੀ ਨਹੀਂ ਸਕਦਾ। ਮਹਾਰਾਜ ਕਹਿੰਦੇ, ਇਹਨੂੰ ਵੈਸੇ ਧੋਣਾ ਚਾਹੀਦਾ ਹੈ, ਸਮੇਂ-ਸਮੇਂ ਸਿਰ, ਤਾਂ ਕਿ ਇਹ ਮੈਲ ਜਿਹੜੀ ਸਰੀਰ ਦੀ ਚਮੜੀ ਹੈ ਉਹਨੂੰ ਨਾ ਖਰਾਬ ਕਰ ਦੇਵੇ, ਕੋਈ ਬਿਮਾਰੀ ਨਾ ਪੈ ਜਾਵੇ ਕਿਉਂਕਿ ਜ਼ਹਿਰ ਹੁੰਦੀ ਹੈ। ਇਹਦਾ ਸੁੱਚ ਨਾਲ ਸਬੰਧ ਨਹੀਂ ਹੈ। ਸੁੱਚ ਨਾਲ ਸਬੰਧ ਹੈ ਮਨ ਦਾ, ਮਨ ਵਿੱਚ ਜੇ ਹਉਮੈ ਦਾ ਭੰਡਾਰਾ, ਪਹਾੜ ਪਿਆ ਹੈ ਫੇਰ ਤਾਂ ਉਹ ਨਿਰਾ ਹੀ ਮੈਲਾ ਹੈ। ਹਉਮੈ ਵਿੱਚ ਹੀ ਕ੍ਰੋਧ ਹੈ, ਹਉਮੈ ਵਿੱਚ ਹੀ ਵਿਰੋਧ ਹੈ, ਹਉਮੈ ਵਿੱਚ ਹੀ ਮੋਹ ਹੈ, ਹੰਕਾਰ ਹੈ, ਈਰਖਾ ਨਿੰਦਿਆ ਚੁਗਲੀ ਇਹ ਸਭ ਹਉਮੈ ਦੀਆਂ ਕੀਤੀਆਂ ਹੋਈਆਂ ਚੀਜ਼ਾਂ ਨੇ। ਹਉਮੈ ਵਿੱਚ ਪਾਪ ਨੇ, ਹਉਮੈ ਵਿੱਚ ਪੁੰਨ ਹੈ, ਹਉਮੈ ਵਿੱਚ ਕੂੜਿਆਰ ਹੈ, ਹਉਮੈ ਵਿੱਚ ਸਚਿਆਰ ਹੈ। ਕਹਿੰਦੇ, ਇਹ ਸਭ ਹਉਮੈ ਹੈ, ਜਿੰਨਾਂ ਚਿਰ ਇਹ ਚੀਜ਼ਾਂ ਆਦਮੀ

ਦੇ ਅੰਦਰ ਨੇ ਓਨਾਂ ਚਿਰ ਮੈਲ ਹੈ ਇਸ ਮੈਲ ਨੂੰ ਦੂਰ ਕਰਨ ਵਾਸਤੇ ਤੀਰਥਾਂ 'ਚ ਤਾਕਤ ਨਹੀਂ ਹੈ -

*ਧਾਰਨਾ - ਮੈਲ ਹਉਮੈ ਦੀ ਕਦੇ ਨਾ ਜਾਵੇ,*
*ਤੀਰਥ ਭਾਵੇਂ ਨਹਾ ਲੈ ਸੈਂਕੜੇ।*

ਕਹਿਣ ਲੱਗੇ ਪ੍ਰੇਮੀਓ! ਤੀਰਥਾਂ 'ਤੇ ਨਾਹੁੰਣ ਨਾਲ ਮਨ ਦੀ ਮੈਲ ਨਹੀਂ ਜਾਇਆ ਕਰਦੀ, ਮਨ ਜੇ ਮੈਲਾ ਹੈ -

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥*
*ਅੰਗ - ੫੫੮*

ਤਨ ਦੇ ਧੋਣ ਨਾਲ ਮਨ ਹੱਛਾ ਨਹੀਂ ਹੁੰਦਾ -

*ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥*
*ਅੰਗ - ੩੯*

ਜਿਹੜਾ ਦਵੈਤ ਹੈ ਸਾਡੇ ਅੰਦਰ, ਔਹ ਮਾੜਾ, ਔਹ ਚੰਗਾ; ਉਹ ਮੇਰਾ, ਉਹ ਬੇਗਾਨਾ; ਇਹ ਮੈਲ ਲੱਗੀ ਹੋਈ ਹੈ ਮਨ ਨੂੰ। ਦੂਜਾ ਭਾਵ ਹੈ ਇਹ। ਕਹਿੰਦੇ, ਉਹਦੀ ਮੈਲ ਨਹੀਂ ਲਹਿੰਦੀ -

*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥ ਅੰਗ - ੨੭੮*

ਇਹ ਵੈਰੀ ਹੈ ਜੀ ਇਹ ਸਾਡਾ, ਇਹ ਸਾਡਾ ਮਿੱਤਰ ਹੈ, ਕਹਿੰਦੇ ਨਿਹਚਲ ਹੀ ਨਹੀਂ ਚਿੱਤ ਹੈ। ਸੋ ਮੈਲ ਲੱਗੀ -

*ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥*
*ਅੰਗ - ੩੯*

ਕਹਿੰਦੇ ਸੈਂਕੜੇ ਤੀਰਥ ਨਹਾ ਲੈ, ਕੋਈ ਤਰੀਕਾ ਨਹੀਂ ਕਿ ਹਉਮੈ ਨੂੰ ਦੂਰ ਕਰ ਸਕੇ -

*ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥*
*ਅੰਗ - ੩੯*

ਕਰਮ ਕਰਦਾ ਹੈ ਆਦਮੀ, ਨੇਕ ਕਰਮ ਕਰਦਾ ਹੈ, ਨੇਕ ਕਰਮ ਹੁੰਦੇ ਤਾਂ ਚੰਗੇ ਨੇ, ਜਦੋਂ ਮੈਂ ਕਰਦਾ ਹਾਂ ਕਹਿੰਦਾ ਹੈ, ਫੇਰ ਮੈਲ ਲੱਗ ਜਾਂਦੀ ਹੈ ਤੇ ਕਿਤਾਬਾਂ ਬੇਅੰਤ ਪੜ੍ਹਦਾ ਹੈ। ਬੜੀ ਪੜ੍ਹਾਈ ਕਰਦਾ ਹੈ, ਬੜੇ ਪਾਠ ਕਰਦਾ ਹੈ, ਮਹਾਰਾਜ ਕਹਿੰਦੇ-

*ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥*
*ਅੰਗ - ੩੯*

ਜਿਨ੍ਹਾਂ ਦੀ ਮੈਲ ਉਤਰੀ ਹੋਈ ਹੈ ਉਨ੍ਹਾਂ ਨੂੰ ਪੁੱਛੋ ਜਾ ਕੇ।

*ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਅੰਗ - ੩੯*

ਗੁਰੂ ਦੀ ਸ਼ਰਨ ਵਿੱਚ ਜਦੋਂ ਇਹ ਆ ਜਾਂਦਾ ਹੈ, ਗੁਰੂ ਦਾ ਬਚਨ ਕਮਾਉਂਦਾ ਹੈ, ਫੇਰ ਇਹ ਨਿਰਮਲ ਹੁੰਦਾ ਹੈ -

*ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥*
*ਅੰਗ - ੩੯*

ਜਿਨ੍ਹਾਂ ਦੀ ਗੁਰੂ ਦੇ ਨਾਲ ਬਣਦੀ ਨਹੀਂ ਹੈ, ਗੁਰੂ ਉਤੇ 100% ਭਰੋਸਾ ਨਹੀਂ ਜਿਨ੍ਹਾਂ ਦਾ ਆਇਆ, ਮਨ ਨੂੰ ਮੂਹਰੇ ਰੱਖਦੇ ਨੇ, ਸਾਰਾ ਸੰਸਾਰ ਰੱਖਦਾ ਹੈ, ਮਨ 'ਚ ਚਿੰਤਾ ਕਿਉਂ ਆਉਂਦੀ ਹੈ। ਮਨ 'ਚ ਘਬਰਾਹਟ ਕਿਉਂ ਆਉਂਦੀ ਹੈ ਤਾਂ ਹੀ ਆਉਂਦੀ ਹੈ ਜੇ ਗੁਰੂ ਦੇ ਉਤੇ ਵਿਸ਼ਵਾਸ਼ ਨਹੀਂ ਹੈ। ਜੇ ਗੁਰੂ 'ਤੇ ਵਿਸ਼ਵਾਸ਼ ਹੋਵੇ, ਮਾੜੀ ਗੱਲ ਹੋ ਜਾਵੇ ਤਾਂ ਗੁਰੂ ਕਹਿੰਦਾ ਹੈ ਕਿ ਭਾਈ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ - ੧*

ਕਾਹਨੂੰ ਚਿੰਤਾ ਕਰਦਾ ਹੈਂ, ਅਕਾਲ ਪੁਰਖ ਦਾ ਹੁਕਮ ਹੀ ਐਸਾ ਹੈ ਤੇ ਆਦਮੀ ਜਦੋਂ ਚਲਦਾ ਹੀ ਮਨ ਦੇ ਪਿੱਛੇ ਹੈ, ਦਿਨ ਰਾਤ ਸਾਰਾ ਸੰਸਾਰ ਕੀ ਧਰਮੀ, ਕੀ ਦੂਜੇ, ਸਭ ਮਨ ਦੇ ਪਿੱਛੇ ਲੱਗੇ ਹੋਏ ਨੇ ਤੇ ਮਨ ਦੇ ਪਿੱਛੇ ਲੱਗਣ ਵਾਲੇ ਜੇ ਹਰਿ ਹਰਿ ਕਰਦੇ ਨੇ, ਵਾਹਿਗੁਰੂ-ਵਾਹਿਗੁਰੂ ਕਰਦੇ ਨੇ -

*ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥*
*ਅੰਗ - ੩੯*

ਮੈਲ ਧੋਤੀ ਨਾ ਗਈ -

*ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥*
*ਅੰਗ - ੩੯*

ਹੁਣ ਮਹਾਰਾਜ ਕਹਿੰਦੇ, ਨਾ ਤਾਂ ਨਾਮ ਦੀ ਪ੍ਰਾਪਤੀ ਹੋਣੀ ਹੈ, ਨਾ ਭਗਤੀ ਹੁੰਦੀ ਹੈ। ਨੌਂ ਕਿਸਮ ਦੀ ਭਗਤੀ ਹੈ -

*ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥*
*ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥*
*ਜਿਉ ਅੰਧੇਰੈ ਦੀਪਕੁ ਬਾਲੀਐ*
*ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥ ਅੰਗ - ੩੯*

ਜੇ ਗੁਰੂ ਦੇ ਸ਼ਬਦ ਦੀ ਕਮਾਈ ਹੋ ਜਾਵੇ, ਸਹੀ ਤਰੀਕੇ ਨਾਲ ਤਾਂ ਜਿਵੇਂ ਹਨ੍ਹੇਰੇ 'ਚ ਦੀਵਾ ਬਾਲਦੇ ਨੇ ਐਸ ਤਰ੍ਹਾਂ ਮੈਲ ਲਹਿ ਜਾਂਦੀ ਹੈ। ਬਾਕੀ ਹੋਰ ਜਿਹੜੇ ਤੀਰਥ ਨੇ, ਤੀਰਥ ਪਵਿੱਤਰ ਨੇ ਠੀਕ ਹੈ, ਸ਼ੁੱਧ ਥਾਉਂ ਹੁੰਦਾ ਹੈ, ਮਹਾਂਪੁਰਸ਼ਾਂ ਦੇ ਉਥੇ ਚਰਨ ਪਏ ਹੁੰਦੇ ਨੇ। ਸ਼ਰਧਾ ਉਪਜਦੀ ਹੈ ਪਰ ਵਿਧੀ ਨਾਲ ਜੇ ਤੀਰਥ ਨਾ ਕਰੇ, ਫਲ ਨਹੀਂ ਹੋਇਆ ਕਰਦਾ ਤੇ ਜੇ ਐਵੇਂ ਹੀ ਕਹੇ ਕਿ ਜੀ ਅਸੀਂ ਗੰਗਾ ਦਾ ਪਾਣੀ ਪੀਈ ਜਾਈਏ, ਗੰਗਾ ਦੇ ਕੰਢੇ ਤੇ ਰਹਿ ਕੇ ਸਾਡੀ ਮੁਕਤੀ ਹੋ ਜਾਏਗੀ, ਮਹਾਰਾਜ ਕਹਿੰਦੇ, ਆਹ ਗੱਲ ਤੂੰ ਸੋਚ ਨਾ -

*ਧਾਰਨਾ - ਭਾਵੇਂ ਗੰਗਾ ਦੇ ਕਿਨਾਰੇ ਘਰ ਪਾ ਲੈ,*
*ਮੁਕਤੀ ਨਾ ਹੋਣੀ ਨਾਮ ਤੋਂ ਬਿਨਾਂ।*

*ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ॥*
*ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ ॥*
*ਅੰਗ - ੧੩੬੭*

ਐਸਾ ਭੁਲੇਖਾ ਕਿ ਹਰਿਦੁਆਰ ਜਾ ਕੇ, ਵਸ ਜਾਈਏ, ਫਲਾਣੇ ਤੀਰਥ 'ਤੇ ਵਸ ਜਾਈਏ, 68 ਤੀਰਥ, ਬੇਅੰਤ ਤੀਰਥ ਨੇ, ਤੀਰਥ ਦੇ ਕੋਲ ਵਸੇ 'ਤੇ ਕੁਛ ਨਹੀਂ ਹੁੰਦਾ ਹੈ, ਜਦੋਂ ਤੱਕ ਅੰਦਰ ਨਾਮ ਦੀ ਅੰਦਰ ਰੌ ਨਾ ਚੱਲੇ, ਨਾਮ ਦੀ ਸਮਝ ਨਾ ਆਵੇ, ਨਾਮ ਦਾ ਨਿਵਾਸ ਨਾ ਹੋਵੇ, ਨਾਮ ਦੀ ਪ੍ਰਾਪਤੀ ਨਾ ਹੋਵੇ, ਨਾਮ ਦਾ ਪ੍ਰਕਾਸ਼ ਨਾ ਹੋਵੇ। ਸੋ ਬੇਨਤੀ ਕਰਨ ਲੱਗੇ ਕਿ ਪਾਤਸ਼ਾਹ! ਆਹ ਤਾਂ ਗੱਲ ਅਸੀਂ ਕਦੇ ਸੋਚੀ ਨਹੀਂ, ਅਸੀਂ ਤਾਂ ਲਕੀਰ ਦੇ ਫਕੀਰ ਸੈਂਕੜੇ ਮੀਲਾਂ ਤੋਂ ਲੰਕਾ ਤੱਕ ਦੇ ਬੰਦੇ ਇੱਥੇ ਆਏ ਹੋਏ ਨੇ, ਏਧਰ ਬ੍ਰਹਮਾ ਤੱਕ ਏਧਰ ਅਫਗਾਨਿਸਤਾਨ, ਏਧਰ ਦੂਰ ਤੱਕ ਪਹਾੜਾਂ ਦੇ ਵਿੱਚੋਂ ਸਾਰੇ ਆ ਕੇ ਇੱਥੇ ਬੈਠੇ ਨੇ ਏਸ ਆਸ ਨਾਲ ਕਿ ਗੰਗਾ ਇਸ਼ਨਾਨ ਕਰਾਂਗੇ ਸਾਡੀ ਮੁਕਤੀ ਹੋਏਗੀ। ਮੈਲ ਲਹਿ ਜਾਏਗੀ, ਮਹਾਰਾਜ ਕਹਿਣ ਲੱਗੇ ਕਿ ਇਸ ਤਰ੍ਹਾਂ ਤਾਂ ਮੈਲ ਨਹੀਂ ਲਹਿੰਦੀ, ਮੈਲ ਤਾਂ ਮਨ ਨੂੰ ਲੱਗੀ ਹੋਈ ਹੈ ਸਰੀਰ ਦੀ ਮੈਲ ਲਾਹ ਕੇ ਤਾਂ ਉਦੋਂ ਹੀ ਮੈਲਾ ਹੋ ਜਾਏਗਾ। ਕਹਿਣ ਲੱਗੇ ਪਾਤਸ਼ਾਹ! ਇਹ ਜਿਹੜੀ ਪਾਪਾਂ ਦੀ ਮੈਲ ਸਾਨੂੰ ਲੱਗ ਗਈ ਇਹਦਾ ਲਹਿਣ ਦਾ ਕੋਈ ਤਰੀਕਾ ਵੀ ਹੈ? ਮਹਾਰਾਜ ਕਹਿੰਦੇ, ਹਾਂ ਇੱਕ ਤਰੀਕਾ ਹੈ ਜਿਹੜਾ ਬੜਾ ਜ਼ਬਰਦਸਤ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਜਨਮਾਂ-ਜਨਮਾਂ ਦੇ ਪਾਪ ਲਹਿ ਜਾਂਦੇ,*
*ਧੂੜੀ ਲਾ ਕੇ ਸਾਧੂਆਂ ਦੀ।*

ਮਹਾਰਾਜ ਕਹਿਣ ਲੱਗੇ, ਜੋ ਸਾਧੂਆਂ ਦੀ ਧੂੜੀ ਹੈ, ਦੋ ਤਰ੍ਹਾਂ ਦੀ ਧੂੜੀ ਹੁੰਦੀ ਹੈ, ਇੱਕ ਚਰਨਾਂ ਦੀ ਧੂੜੀ, ਇੱਕ ਮੁੱਖ ਦੀ ਧੂੜੀ, ਮੁੱਖ ਦੀ ਧੂੜੀ ਮਹਾਂਪੁਰਸ਼ਾਂ ਦੇ ਅਨੁਭਵੀ ਬਚਨ ਹੋਇਆ ਕਰਦੇ ਨੇ। ਉਹ ਜਦੋਂ ਕੰਨਾਂ ਦੇ ਰਾਹੀਂ ਹਿਰਦੇ 'ਚ ਪ੍ਰਵੇਸ਼ ਕਰਦੇ ਨੇ ਉਸ ਵੇਲੇ ਪਾਪਾਂ ਦੇ ਪਹਾੜ ਢਹਿ ਜਾਇਆ ਕਰਦੇ ਨੇ, ਪਾਪ ਖਤਮ ਹੋ ਜਾਇਆ ਕਰਦੇ ਨੇ -

*ਜਨ ਕੀ ਟਹਲ ਸੰਭਾਖਨੁ*
*ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥*
*ਜਨ ਚਰ ਰਜ ਮੁਖਿ ਮਾਥੈ ਲਾਗੀ*
*ਆਸਾ ਪੂਰਨ ਅਨੰਤ ਤਰੰਗਾ ॥* *ਅੰਗ - ੮੨੮*

ਜਦੋਂ ਚਰਨਾਂ ਦੀ ਧੂੜੀ ਮੱਥੇ 'ਤੇ ਲੱਗ ਗਈ, ਉਸ ਵੇਲੇ ਸਾਰੀਆਂ ਆਸਾਂ ਪੂਰੀਆਂ -

*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ ॥* *ਅੰਗ - ੮੨੮*

ਜਨ ਦਾ ਜਿਹੜਾ ਤੀਰਥ ਹੈ, ਜਿੱਥੇ ਚਰਨ ਧਰ ਦੇਵੇ, ਕਹਿੰਦੇ ਇੱਕ ਕਰੋੜ ਗੰਗਾ ਦਾ ਫਲ ਉਥੇ ਹੋ ਜਾਇਆ ਕਰਦਾ ਹੈ -

*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ ॥* *ਅੰਗ - ੮੨੮*

ਕਰੋੜਾਂ ਜਨਮਾਂ ਦੇ ਜਿਹੜੇ ਪਾਪ ਸੀਗੇ, ਉਹ ਦੂਰ ਹੋ ਜਾਂਦੇ ਨੇ ਕਿਉਂ ਦੂਰ ਹੁੰਦੇ ਨੇ, ਕਿਉਂਕਿ ਪ੍ਰਮੇਸ਼ਰ ਦੇ ਪਿਆਰ ਵਿੱਚ ਤੇ ਪ੍ਰਮੇਸ਼ਰ ਵਿੱਚ ਕੋਈ ਭੇਤ ਨਹੀਂ ਹੋਇਆ ਕਰਦਾ। ਇੱਕੋ ਰੂਪ ਹੋਇਆ ਕਰਦੇ ਨੇ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ - ੩੯੭*

ਉਹ ਵਾਹਿਗੁਰੂ ਵਰਗੇ ਹੀ ਹੁੰਦੇ ਨੇ -

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥* *ਅੰਗ - ੧੦੭੬*

ਪਾਣੀ ਵਿਚੋਂ ਲਹਿਰਾਂ ਉਠਦੀਆਂ ਨੇ ਪਾਣੀ ਵਿੱਚ ਫੇਰ ਰਲ ਜਾਂਦੀਆਂ ਨੇ। ਐਸ ਤਰ੍ਹਾਂ ਸਾਧੂ ਹੋਇਆ ਕਰਦੇ ਨੇ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ - ੭੪੯*

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਕਹਿੰਦੇ, ਖਾਲਸਾ ਕੌਣ ਹੈ? ਜਿਹਨੂੰ ਬ੍ਰਹਮਗਿਆਨ ਦਾ ਰਸ ਆ ਗਿਆ। ਆਤਮਾ ਦਾ ਰਸ ਆ ਗਿਆ। ਪਦਵੀ ਕਿੱਡੀ ਹੋ ਗਈ -

*ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਭੋਰਾ ਜਿੰਨਾ ਵੀ, ਰੰਚਕ, ਜ਼ੀਰੋ-ਜ਼ੀਰੋ ਕਹਿੰਦੇ % ਨਹੀਂ ਹੈ ਕਿ 100 ਵਾਰੀ ਲਿਖ ਕੇ ਜ਼ੀਰੋ-ਜ਼ੀਰੋ 1 ਲਗਾ ਦੇਈਏ, ਐਸ ਤਰ੍ਹਾਂ ਨਹੀਂ, ਕਹਿੰਦੇ ਕੋਈ ਵੀ ਭੇਤ ਨਹੀਂ ਹੋਇਆ ਕਰਦਾ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥* *ਅੰਗ - ੨੭੩*

ਸੋ ਇਹ ਤੀਰਥ ਜਿਹੜੇ ਨੇ, ਕਹਿਣ ਲੱਗੇ ਮਹਾਰਾਜ ਕਹਿੰਦੇ, ਇਹ ਹੋਰ ਚੀਜ਼ ਹੈ ਇੱਥੇ ਸਾਧੂ ਆਉਂਦੇ ਨੇ। ਘਰ ਤੋਂ ਸ਼ਰਧਾ ਨਾਲ ਆਓ ਕਿ ਮਹਾਂਪੁਰਸ਼ਾਂ ਦੇ ਬਚਨ ਸੁਣਾਂਗੇ। ਠੀਕ ਹੈ ਸਰੀਰ ਨੂੰ ਪਾਣੀ ਦੀ ਲੋੜ ਹੈ ਇਸ਼ਨਾਨ ਕਰਨਾ ਹੈ, ਲੇਕਿਨ ਉਸ ਤੋਂ ਅੱਗੇ ਹੈ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥*
*ਅੰਗ - ੬੧੧*

ਸਿਮਰਨ ਕਰਨਾ ਹੈ, ਨਾਮ ਜਪਣਾ ਹੈ। ਬਾਕੀ ਜਿਹੜਾ ਇਸ ਤੋਂ ਬਿਨਾਂ ਹੈ, ਨਿਰਾ ਤੀਰਥਾਂ 'ਤੇ ਜਾ ਕੇ ਹੀ ਬੰਦਾ ਬਦਲ ਜਾਏਗਾ, ਬੰਦਾ ਨਹੀਂ ਬਦਲਿਆ ਕਰਦਾ।

ਇੱਕ ਵਾਰੀ ਕਬੀਰ ਸਾਹਿਬ ਬੈਠੇ, ਉਥੇ ਉਨ੍ਹਾਂ ਦਾ ਇੱਕ ਚੇਲਾ ਸੀ, ਸੀ ਥੋੜ੍ਹਾ ਕਰਮਕਾਂਡੀ ਕਿਉਂਕਿ ਮਹਾਤਮਾ ਕੋਲ ਰਹਿ ਕੇ ਬਹੁਤ ਸਾਰੇ ਪ੍ਰੇਮੀਆਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਸੰਤਾਂ ਕੋਲ ਕੀ ਕਰਨ ਆਏ ਹਾਂ, ਨਾ ਉਹ ਪੁੱਛਣ, ਨਾ ਉਨ੍ਹਾਂ ਨੂੰ ਪਤਾ ਹੁੰਦਾ ਹੈ, ਪ੍ਰਸ਼ਾਦ ਪਾਣੀ ਮਿਲ ਗਿਆ, ਛਕ ਲਿਆ ਛਕਾ ਲਿਆ, ਓਧਰ ਨੂੰ ਨੱਠ ਗਏ, ਐਧਰ ਨੂੰ ਨੱਠ ਗਏ, ਕਿਤੇ ਪ੍ਰੋਗਰਾਮ ਉਧਰ ਪ੍ਰੋਗਰਾਮ, ਅਸਲੀ ਗੱਲ ਦਾ ਨਹੀਂ ਪਤਾ ਹੁੰਦਾ, ਉਨ੍ਹਾਂ ਦੀ ਬਿਰਤੀ ਓਹੋ ਜਿਹੀ ਹੀ ਰਹਿੰਦੀ ਹੈ, ਜਿਹੋ ਜਿਹੇ ਆਏ ਹੁੰਦੇ ਨੇ ਉਹੋ ਜਿਹੇ ਹੀ ਵਾਪਸ ਚਲੇ ਜਾਂਦੇ ਨੇ ਕਿਉਂਕਿ ਕੋਈ ਪਰਿਵਰਤਨ ਨਹੀਂ ਹੁੰਦਾ, ਮਨ 'ਚ ਧਾਰ ਕੇ ਨਹੀਂ ਆਉਂਦੇ ਕਿ ਮੈਂ ਬੰਦਗੀ ਕਰਨੀ ਹੈ, ਨਾਮ ਜਪਣਾ ਹੈ ਤੇ ਬੜੀ ਮੁਸ਼ਕਲ ਨਾਲ ਮੈਨੂੰ ਮੌਕਾ ਮਿਲਿਆ ਹੈ, ਸ਼ੁਕਰ ਹੈ ਮੈਨੂੰ ਦੁਨੀਆਂ ਦੇ ਬੰਧਨ ਨਹੀਂ ਪਏ। ਸਾਰੇ ਬੰਧਨਾਂ ਤੋਂ ਰਹਿਤ ਹੋ ਕੇ ਪ੍ਰਮੇਸ਼ਰ ਦਾ ਨਾਮ ਜਪ ਕੇ ਮੈਂ ਪਰਮ ਪਦ ਦੀ ਪ੍ਰਾਪਤੀ ਕਰਨੀ ਹੈ, ਕੋਈ ਵਿਰਲਾ ਹੈ ਜਿਹਨੂੰ ਇਹ ਸੋਝੀ ਹੋਵੇ। ਸੋ ਬਾਕੀ ਬੇਅੰਤ ਕਿਸਮ ਦੇ ਮਹਾਤਮਾ ਦੇ ਕੋਲ ਬੰਦੇ ਰਹਿੰਦੇ ਨੇ, ਤਮੋ ਗੁਣ ਬਿਰਤੀ ਦੇ ਬੰਦੇ ਰਹਿੰਦੇ ਨੇ, ਰਜੋ ਗੁਣ ਦੇ ਵੀ ਰਹਿੰਦੇ ਨੇ, ਸਤੋ ਗੁਣ ਬਿਰਤੀ ਦੇ ਵੀ ਰਹਿੰਦੇ ਨੇ, ਮਹਾਤਮਾ ਨਿਰਲੇਪ ਹੁੰਦੇ ਨੇ, ਜਿਸ ਤਰ੍ਹਾਂ ਵਾਹਿਗੁਰੂ ਸਾਰਿਆਂ ਦੇ ਅੰਦਰ ਰਹਿੰਦਾ ਹੈ, ਪਰ ਸਾਰੇ ਤਾਂ ਨਹੀਂ ਸਾਧੂ ਹੋਇਆ ਕਰਦਾ, ਵਾਹਿਗੁਰੂ ਕੋਲ ਰਹਿੰਦਾ ਹੈ, ਨਾਲ ਰਹਿੰਦਾ ਹੈ, ਲੇਕਿਨ ਪਾਪੀ ਵੀ ਹੁੰਦੇ ਨੇ, ਮਾੜੇ ਬੰਦੇ ਵੀ ਹੁੰਦੇ ਨੇ, ਕਾਮੀ ਵੀ ਹੁੰਦੇ ਨੇ, ਕਪਟ ਕਰਨ ਵਾਲੇ ਵੀ ਹੁੰਦੇ ਨੇ, ਛਲ ਕਰਨ ਵਾਲੇ, ਧੋਖਾ ਦੇਣ ਵਾਲੇ, ਫਿੱਕਾ ਬੋਲਣ ਵਾਲੇ। ਵਾਹਿਗੁਰੂ ਤਾਂ ਨਾਲ ਰਹਿੰਦਾ ਹੈ, ਸਾਰੀ ਸੱਤਾ ਉਹਦੀ ਹੈ। ਇਸ ਤਰ੍ਹਾਂ ਮਹਾਤਮਾ ਦੇ ਕੋਲ ਰਹਿ ਕੇ ਜਦੋਂ ਤੱਕ ਰੁੱਖ ਨਹੀਂ ਬਣਦਾ ਓਨੀਂ ਦੇਰ ਤੱਕ ਮਹਾਤਮਾ ਦਾ ਜਿਹੜਾ ਅਸਰ ਹੈ positive mind ਨਹੀਂ ਉਨ੍ਹਾਂ ਦਾ ਵੀ ਹੋਇਆ ਕਰਦਾ। ਕੁਛ ਲੈਣ ਦੀ ਤੀਬਰ ਇੱਛਾ ਨਹੀਂ ਜਾਗਦੀ ਤੇ ਉਥੇ ਹੀ ਰਹਿ ਜਾਂਦਾ ਹੈ ਥੋੜ੍ਹਾ ਬਹੁਤਾ ਫਲ ਹੋ ਜਾਂਦਾ ਹੈ ਸੇਵਾ ਦਾ, ਉਹ ਕਬੀਰ ਸਾਹਿਬ ਨੂੰ ਕਹਿਣ ਲੱਗਿਆ ਕਿ ਮਹਾਰਾਜ ਤੁਸੀਂ ਆਪ ਤਾਂ ਤੀਰਥਾਂ 'ਤੇ ਨਾਹੁੰਣ ਨਹੀਂ ਜਾਂਦੇ ਤੇ ਨਾ ਤੁਸੀਂ ਮੈਨੂੰ ਨਾਹੁੰਣ ਜਾਣ ਦਿੰਦੇ ਓਂ। ਕਬੀਰ ਸਾਹਿਬ ਕਹਿੰਦੇ, ਕੀ ਲੈਣਾ ਹੈ ਨਹਾ ਕੇ, ਐਵੇਂ ਖੇਚਲ ਤੇਰੇ ਸਿਰ ਪਏਗੀ। ਬਾਕੀ ਤਮੋ ਗੁਣ ਵਧ ਜਾਂਦਾ ਹੈ, ਥਕੇਵਾਂ ਵਧ ਜਾਂਦਾ ਹੈ, ਰਸ ਨਾਮ ਦੀ ਚੀਜ਼ ਸਾਰੀ ਖਤਮ ਹੋ ਜਾਂਦੀ ਹੈ। ਮਹੀਨਾ ਭਰ ਆ ਕੇ ਮਨ ਨਹੀਂ

ਲਗਦਾ। ਓਹੀ ਸੰਸਕਾਰ, ਆਲੇ-ਦੁਆਲੇ ਦੀਆਂ ਲੋੜਾਂ, ਘਟ ਵੱਧ ਕਿਸੇ ਨੇ ਕੌੜਾ ਬੋਲ ਦਿੱਤਾ, ਕਿਸੇ ਨੇ ਕੁਛ ਕਰ ਦਿੱਤਾ ਉਹੀ ਸੰਸਕਾਰ ਲੈ ਕੇ ਆ ਜਾਂਦਾ ਹੈ ਬੰਦਾ, ਬਿਰਤੀ ਹਿਲ ਜਾਂਦੀ ਹੈ, ਰਹਿਣ ਦਿਓ। ਬਹੁਤ ਹੱਠ ਕਰਿਆ। ਕਹਿੰਦੇ ਚੰਗਾ ਫੇਰ ਐਸ ਤਰ੍ਹਾਂ ਕਰੀਂ ਸਾਡਾ ਵੀ ਇੱਕ ਕੰਮ ਕਰੀਂ। ਕੌੜ ਤੂੰਬੀ ਦੇ ਦਿੱਤੀ, ਕਹਿੰਦੇ ਇਹਨੂੰ ਚੰਗੀ ਤਰ੍ਹਾਂ ਇਸ਼ਨਾਨ ਕਰਾਈਂ, ਜਿੱਥੇ ਤੂੰ ਕਰਿਆ ਹੈ, ਸੋ ਸਾਲ ਭਰ ਤੋਂ ਬਾਅਦ ਆਇਆ। ਜਿੱਥੇ ਜਾਵੇ ਸਾਧੂਆਂ ਦੀ ਜਮਾਤ ਨਾਲ ਰਲ ਗਿਆ ਤੇ ਜਿੱਥੇ ਜਾਂਦਾ ਹੈ ਕਬੀਰ ਸਾਹਿਬ ਦੀ ਤੂੰਬੀ ਦਾ ਜ਼ਰੂਰ ਇਸ਼ਨਾਨ ਕਰਾਉਂਦਾ ਹੈ। ਉਸ ਤੋਂ ਬਾਅਦ ਜਦੋਂ ਕਬੀਰ ਸਾਹਿਬ ਦੇ ਕੋਲ ਆ ਗਏ ਮਹਾਤਮਾ ਸਾਰੇ, ਕਹਿਣ ਲੱਗੇ ਕਿਉਂ ਬਈ ਕਰ ਆਏ ਤੀਰਥਾਂ 'ਤੇ ਇਸ਼ਨਾਨ ਕਹਿੰਦੇ ਹਾਂ ਜੀ। ਨਿਰਮਲ ਜਲ ਪੀਤਾ ਹੈ, ਤੀਰਥਾਂ 'ਤੇ ਇਸ਼ਨਾਨ ਕੀਤਾ ਹੈ ਤੇ ਕਹਿਣ ਲੱਗੇ, ਤੂੰਬੀ ਨੂੰ ਵੀ ਇਸ਼ਨਾਨ ਕਰਾ ਲਿਆ ਕਹਿੰਦੇ ਹਾਂ। ਕਹਿੰਦੇ, ਹੁਣ ਤਾਂ ਫੇਰ ਇਹ ਮਹਾਂਪਵਿੱਤਰ ਹੋ ਗਈ, ਨਮਸ਼ਕਾਰ ਕਰਨ ਜੋਗੀ ਹੋ ਗਈ। ਲਾਂਗਰੀ ਨੂੰ ਬੁਲਾਇਆ ਕਹਿੰਦੇ ਇਸ ਤਰ੍ਹਾਂ ਕਰ ਇਹ ਉਤਮ ਪ੍ਰਸ਼ਾਦ ਬਣ ਗਿਆ, ਤੀਰਥਾਂ 'ਤੇ ਇਸ਼ਨਾਨ ਕਰਕੇ, ਤੂੰ ਇਹਦੀ ਸਬਜ਼ੀ ਬਣਾ ਲਿਆ, ਲੰਗਰ 'ਚ ਚਮਚਾ-ਚਮਚਾ ਵਰਤਾ ਦੇਈਂ ਸਾਰਿਆਂ ਨੂੰ। ਸੋ ਲੰਗਰ ਤਿਆਰ ਹੋ ਗਿਆ ਤੇ ਜਿੱਥੇ ਹੋਰ ਪ੍ਰਸ਼ਾਦੇ ਦਿੱਤੇ ਉਥੇ ਨਾਲ ਚਟਣੀ ਵਾਂਗੂੰ ਉਹ ਮਾੜੀ-ਮਾੜੀ ਸਾਰਿਆਂ ਨੂੰ ਵਰਤਾ ਦਿਓ। ਜਦੋਂ ਵਰਤਾਈ ਉਸ ਵੇਲੇ ਜਿਹਦੇ ਮੂੰਹ 'ਚ ਜਾਂਦਾ ਹੈ ਪ੍ਰਸ਼ਾਦ, ਉਹ ਉੱਠ ਕੇ ਨੱਠਦਾ ਹੈ ਥੁੱਕਣ। ਥੂ-ਥੂ ਹੋਣ ਲੱਗ ਗਈ। ਕਹਿੰਦੇ, ਕਿਉਂ ਬਈ ਪ੍ਰੇਮੀਓ! ਇਹ ਕੀ ਕਰਨ ਲੱਗ ਗਏ ਤੁਸੀਂ? ਇਹ ਤਾਂ 68 ਤੀਰਥਾਂ ਦਾ ਇਸ਼ਨਾਨ ਕਰਕੇ ਆਈ ਹੈ, ਇਹ ਤਾਂ ਬਦਲ ਜਾਣੀ ਚਾਹੀਦੀ ਸੀ। ਕਹਿੰਦੇ, ਮਹਾਰਾਜ! ਇਹ ਤਾਂ ਕੌੜੀ ਦੀ ਕੌੜੀ ਪਈ ਹੈ, ਉਸ ਵੇਲੇ ਆਪ ਨੇ ਇਸ ਤਰ੍ਹਾਂ ਫੁਰਮਾਨ ਕਰਿਆ -

*ਧਾਰਨਾ - ਅਠਸਠਿ ਤੀਰਥ ਨਹਾ ਕੇ ਤੂੰਬੀਏ*
*ਅਜੇ ਵੀ ਰਹਿ ਗਈ ਕੌੜੀ।*

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥*
*ਅੰਗ - ੭੮੯*

ਕਿਵੇਂ ਨਾਲ ਚੱਲੇ। ਕਹਿੰਦੇ, ਮਨ ਦੇ ਖੋਟੇ, ਤਨ ਦੀ ਚੋਰੀ ਕਰਦੇ ਨੇ। ਇੱਕ ਲਹਿ ਗਿਆ ਤੇ ਦੂਜੀ ਮੈਲ ਹੋਰ ਲਾ ਲਈ।

*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥ ਅੰਗ - ੭੮੯*
*ਕਾਂਇਆ ਮਾਂਜਸਿ ਕਉਨ ਗੁਨਾਂ ॥*
*ਜਉ ਘਟ ਭੀਤਰਿ ਹੈ ਮਲਨਾਂ ॥ ਅੰਗ - ੬੫੬*

ਜਦੋਂ ਅੰਦਰੋਂ ਮੈਲਾ ਹੈਂ ਤਾਂ ਕਾਇਆਂ ਧੋ ਕੇ ਕੀ ਕਰਦਾ ਹੈਂ -

*ਲਉਕੀ ਅਠਸਠਿ ਤੀਰਥ ਨ੍ਹਾਈ ॥*
*ਕਉਰਾਪਨੁ ਤਊ ਨ ਜਾਈ ॥ ਅੰਗ - ੬੫੬*
*ਤੀਰਥ ਨਾਵੈ ਤੂੰਬੜੀ ਤਰਿ ਤਰਿ ਤਨੁ ਧੋਵੈ ਕਰਿ ਨੰਗਾ।*
*ਭਾਈ ਗੁਰਦਾਸ ਜੀ, ਵਾਰ ੩੩/੧੪*

ਕਹਿੰਦੇ ਤਨ ਨੂੰ ਨੰਗਾ ਕਰ-ਕਰ ਕੇ ਖੂਬ ਚੰਗੀ ਤਰ੍ਹਾਂ ਮਲ-ਮਲ ਕੇ ਧੋਂਦਾ ਹੈ। ਐਵੇਂ ਤੀਰਥ ਨਾਹੁੰਦੀ ਹੈ ਤੂੰਬੜੀ -

*ਮਨ ਵਿਚਿ ਵਸੈ ਕਾਲਕੂਟੁ ਭਰਮੁ ਨ ਉਤਰੈ ਕਰਮੁ ਕੁਢੰਗਾ।*
*ਭਾਈ ਗੁਰਦਾਸ ਜੀ, ਵਾਰ ੩੩/੧੪*

ਸੋ ਮਹਾਰਾਜ ਜੀ ਨੇ ਐਸੇ ਬਚਨ ਸੁਣਾਏ, ਸਾਰਿਆਂ ਨੇ ਨਮਸ਼ਕਾਰ ਕਰੀ ਕਹਿੰਦੇ ਪਾਤਸ਼ਾਹ! ਤੁਸੀਂ ਤਾਂ ਸਾਨੂੰ ਸੁੱਤਿਆਂ ਪਿਆਂ ਨੂੰ ਜਗਾ ਦਿੱਤਾ। ਵਿਚੇ ਸੰਨਿਆਸੀ, ਵਿਚੇ ਪੰਡਤ, ਵਿਚੇ ਜੋਗੀ, ਸਾਰੇ ਮੱਤਾਂ ਦੇ ਸਾਧੂ ਉਤੇ-ਉਤੇ ਸੋਚਦੇ ਸੀ, ਅੰਦਰਲੀ ਗੱਲ ਨਹੀਂ ਸੀ ਕਿਸੇ ਨੇ ਸੋਚੀ। ਉਸ ਵੇਲੇ ਲੰਗਰ ਤਿਆਰ ਹੋ ਰਿਹਾ ਸੀ ਤੇ ਮਹਾਰਾਜ ਜੀ ਨੂੰ ਜਿਹੜੇ ਚੰਗੇ ਮੁਖੀ ਪੰਡਤ ਸੀਗੇ, ਕਰਮਕਾਂਡ ਵਾਲੇ ਸ਼ੁੱਧ, ਉਨ੍ਹਾਂ ਨੇ ਆ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਪ੍ਰਸ਼ਾਦਾ ਤਿਆਰ ਹੈ ਆਪ ਲੰਗਰ ਛਕੋ ਚੱਲ ਕੇ ਤੇ ਲੰਗਰ ਸੁੱਚਾ ਅਸੀਂ ਬਣਾਇਆ ਹੈ। ਉਸ ਵੇਲੇ ਮਹਾਰਾਜ ਕਹਿੰਦੇ ਕਿਵੇਂ ਸੁੱਚਾ ਕਰ ਲਿਆ ਭਾਈ। ਕਹਿੰਦੇ, ਸੱਚੇ ਪਾਤਸ਼ਾਹ! ਪਹਿਲਾਂ ਤਾਂ ਅਸੀਂ ਧਰਤੀ ਪੁੱਟੀ ਹੈ, ਗੋਡੇ-ਗੋਡੇ ਕਿ ਥੱਲੇ ਕੋਈ ਮਾੜੀ ਚੀਜ਼ ਨਾ ਨਿਕਲ ਆਵੇ। ਫੇਰ ਅਸੀਂ ਮਿੱਟੀ ਉਸੇ ਟੋਏ 'ਚ ਭਰੀ ਹੈ, ਫੇਰ ਉਹਨੂੰ ਅਸੀਂ ਪਾਣੀ ਨਾਲ ਲਿਪਿਆ ਹੈ, ਗੋਬਰ ਨਾਲ ਲਿਪਿਆ ਹੈ, ਚੌਂਕਾ ਬਣਾਇਆ ਹੈ ਤੇ ਲੱਕੜੀਆਂ ਅਸੀਂ ਧੋਤੀਆਂ ਨੇ ਕਿ ਕੋਈ ਮੈਲ ਹੱਥ ਨੂੰ ਨਾ ਲੱਗ ਜਾਵੇ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਪੂਰੀ ਵਿਧੀ ਦੇ ਨਾਲ ਚੌਂਕਾ ਤਿਆਰ ਕਰਿਆ ਹੈ ਤੇ ਤੁਸੀਂ ਆਓ, ਆ ਕੇ ਪ੍ਰਸ਼ਾਦਾ ਛਕੋ। ਮਹਾਰਾਜ ਜੀ ਉਥੋਂ ਉਠਦੇ ਨੇ ਤੇ ਪ੍ਰਸ਼ਾਦਾ ਛਕਣ ਵਾਸਤੇ ਜਾਂਦੇ ਨੇ ਤੇ ਇਹ ਪੰਡਤ ਜਦੋਂ ਜਾ ਕੇ ਉਹਦੇ ਚੌਂਕੇ 'ਚ ਦਾਖਲ ਹੁੰਦੇ ਨੇ ਮਹਾਰਾਜ ਬਾਹਰ ਖੜ੍ਹੇ ਰਹਿ ਗਏ। ਉਸ ਵੇਲੇ ਕਹਿੰਦੇ ਪਾਤਸ਼ਾਹ! ਤੁਸੀਂ ਆ ਜਾਓ। ਆਹ ਆਸਣ ਵਿਛਾ ਦਿੱਤਾ ਤੁਸੀਂ। ਆਹ ਚੌਂਕੇ ਦੇ ਅੰਦਰ ਆ ਕੇ ਤੁਸੀਂ ਪ੍ਰਸ਼ਾਦਾ ਛਕੋ। ਤਾਂ ਉਸ ਵੇਲੇ ਮਹਾਰਾਜ ਜੀ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਤੇਰੇ ਨਾਲ ਚੰਡਾਲ ਆ ਕੇ ਬਹਿ ਗਿਆ,*
*ਚੌਂਕਾ ਸਾਰਾ ਭਿੱਟਿਆ ਗਿਆ।*

ਮਹਾਰਾਜ ਅੰਦਰ ਲੰਘ ਆਓ। ਧਰਤੀ ਪੁੱਟ ਕੇ ਅਸੀਂ ਚੁੱਲ੍ਹਾ ਬਣਾਇਆ ਹੈ। ਬਰਤਨ ਸਾਰੇ ਗੰਗਾ ਜਲ ਨਾਲ ਧੋਤੇ ਨੇ, ਮਾਂਜੇ ਨੇ, ਕਈ-ਕਈ ਵਾਰੀ ਮਾਂਜੇ ਨੇ, ਇੱਕ ਦੋ ਵਾਰੀ ਨਹੀਂ, ਲੱਕੜੀਆਂ ਅਸੀਂ ਧੋ ਕੇ ਲਿਆਂਦੀਆਂ ਨੇ, ਦਾਣੇ ਧੋ ਕੇ ਸੁੱਕਾ ਕੇ ਰੱਖੇ ਨੇ ਤਾਂ ਕਿ ਕੋਈ ਭਿੱਟ ਨਾ ਰਹਿ ਜਾਵੇ ਤੇ ਤੁਸੀਂ ਅੰਦਰ ਆ ਜਾਓ, ਮਹਾਰਾਜ ਕਹਿੰਦੇ ਕਿਵੇਂ ਆ ਜਾਈਏ, ਇਹ ਤਾਂ ਸਾਰਾ ਚੌਂਕਾ ਭਿਟਿਆ ਗਿਆ ਜਿੰਨਾਂ ਵੀ ਸੀ। ਕਹਿੰਦੇ, ਮਹਾਰਾਜ! ਕਾਹਦੇ ਨਾਲ ਭਿੱਟਿਆ ਗਿਆ। ਮਹਾਰਾਜ ਕਹਿੰਦੇ, ਤੁਹਾਡੇ ਵੜਨ ਤੋਂ ਪਹਿਲਾਂ ਤਾਂ ਸੁੱਚਾ ਸੀਗਾ ਇਹ, ਪਰ ਜਦੋਂ ਤੁਸੀਂ ਵੜ ਗਏ ਇਹ ਭਿੱਟਿਆ ਗਿਆ। ਕਹਿਣ ਲੱਗੇ, ਮਹਾਰਾਜ! ਅਸੀਂ ਉਤਮ ਜਾਤ ਦੇ ਬ੍ਰਾਹਮਣ ਹਾਂ, ਪੂਜਾ ਪਾਠ ਕਰਦੇ ਹਾਂ, ਕਰਮ ਧਰਮ ਦੇ ਵਿੱਚ ਪੱਕੇ ਹਾਂ, ਗੰਗਾ 'ਚ ਇਸ਼ਨਾਨ ਕਰਨ ਵਾਲੇ ਹਾਂ। ਸਾਡੀ ਤਾਂ ਭਿੱਟ ਨਹੀਂ ਲਗਦੀ, ਭਿੱਟ ਤਾਂ ਹਮੇਸ਼ਾ ਜੇ ਕੋਈ ਛੋਟੀ ਜਾਤ ਵਾਲਾ ਆ ਕੇ ਬੈਠ ਜਾਵੇ ਤਾਂ ਭਿੱਟੀ ਜਾਂਦੀ ਹੈ। ਮਹਾਰਾਜ ਕਹਿੰਦੇ, ਛੋਟੀ ਜਾਤ ਵਾਲੇ ਹੀ ਬੈਠ ਗਏ ਨੇ। ਕਹਿੰਦੇ, ਮਹਾਰਾਜ! ਸਾਨੂੰ ਤਾਂ ਨਜ਼ਰ ਨਹੀਂ ਆਉਂਦਾ। ਮਹਾਰਾਜ ਕਹਿੰਦੇ, ਤੁਹਾਡੇ ਅੰਦਰ ਹੈ -

*ਕੁਬੁਧਿ ਡੂਮਣੀ ਕੁਦਇਆ ਕਸਾਇਣਿ*
*ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ ਅੰਗ - ੯੧*

ਜਿਹੜੀ ਕੁਬੁੱਧੀ ਹੈ ਨਾ, ਇੱਕ ਸੁਬੁੱਧੀ ਹੁੰਦੀ ਹੈ ਉਹ ਤਾਂ ਪ੍ਰਮੇਸ਼ਰ ਨੂੰ ਹਰ ਥਾਂ ਦੇ ਉਤੇ ਹਾਜ਼ਰ-ਨਾਜ਼ਰ ਦੇਖਦੀ ਹੈ, ਉਹਨੂੰ ਸਭ ਦੇ ਅੰਦਰ ਪ੍ਰਮੇਸ਼ਰ ਦੀ ਜੋਤ ਨਜ਼ਰ ਆਉਂਦੀ ਹੈ। ਜਿਹੜੀ

ਕੁਬੁੱਧੀ ਹੈ ਪਹਿਲੀ ਕੁਬੁੱਧੀ ਇਹੀ ਹੈ ਕਿ ਮਨੁੱਖ ਨੂੰ ਵੰਡਣਾ ਜਾਤਾਂ ਪਾਤਾਂ 'ਚ। ਮਨੁੱਖ ਕਰਮ ਨਾਲ ਤਾਂ ਵੰਡਿਆ ਜਾਂਦਾ ਹੈ, ਇੱਕ ਮਾੜੇ ਕਰਮ ਕਰਨ ਵਾਲਾ, ਇੱਕ ਚੰਗੇ ਕਰਮ ਕਰਨ ਵਾਲਾ। ਜੇ ਬਾਲਮੀਕ ਨੇ ਨਾਮ ਜਪਿਆ ਹੈ ਤਾਂ ਸਭ ਦੁਨੀਆਂ ਪੂਜਦੀ ਹੈ, ਜੇ ਰਵਿਦਾਸ ਜੀ ਨੇ ਨਾਮ ਜਪਿਆ ਹੈ ਤਾਂ ਸਾਰੀ ਦੁਨੀਆਂ ਪੂਜਦੀ ਹੈ। ਜੇ ਨਾਮਦੇਵ ਜੀ ਨੇ ਨਾਮ ਜਪਿਆ ਹੈ ਤਾਂ ਸਾਰੇ ਹੀ ਪੂਜਦੇ ਨੇ, ਕਬੀਰ ਸਾਹਿਬ ਨੇ ਨਾਮ ਜਪਿਆ ਹੈ ਤਾਂ ਸਭ ਆਦਰ ਕਰਦੇ ਨੇ ਤੇ ਬੰਦਗੀ ਕਰਨ ਵਾਲਾ ਤਾਂ ਹੁੰਦਾ ਹੈ ਪਵਿੱਤਰ। ਕਹਿਣ ਲੱਗੇ, ਪੰਡਤ ਜੀ! ਤੁਹਾਡੇ ਵਸਤਰ ਵੀ ਸਾਫ ਨੇ, ਤੁਸੀਂ ਇਸ਼ਨਾਨ ਵੀ ਕਰਿਆ ਹੋਇਆ ਹੈ, ਸੋਹਣੇ ਸੁਨੱਖੇ ਓਂ। ਸਭ ਕੁਛ ਕਰ ਲਿਆ, ਪਰ ਅੰਦਰ ਕੁਬੁੱਧੀ ਹੈ ਤੁਹਾਡੇ ਤੇ ਕੁਦਇਆ ਹੈ, ਦੂਜਿਆਂ 'ਤੇ ਦਇਆ ਨਹੀਂ ਕਰਦੇ, ਛੋਟੀਆਂ ਜਾਤਾਂ ਦੇ ਉਤੇ ਜ਼ੁਲਮ ਕਰਦੇ ਓਂ। ਨਾਮ ਜਪਣ ਨਹੀਂ ਦਿੰਦੇ ਉਨ੍ਹਾਂ ਨੂੰ। ਇਹ ਫੇਰ ਕਸਾਈ ਆ ਗਿਆ, ਜਿਹੜੀ ਨਿੰਦਿਆ ਕਰਦੇ ਓਂ ਤੁਸੀਂ ਦੂਸਰਿਆਂ ਦੀ, ਕਹਿੰਦੇ ਚੂੜੀ ਆ ਗਈ, ਕਹਿੰਦੇ ਜਿਹੜਾ ਕ੍ਰੋਧ ਕਰਦੇ ਓਂ ਇਹ ਚੰਡਾਲ ਹੈ -

*ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥*

*ਅੰਗ - ੯੧*

ਚਾਰੇ ਤਾਂ ਨਾਲ ਬੈਠੀਆਂ ਨੇ ਤੇ ਕਾਰਾਂ ਕੱਢਣ ਨਾਲ ਕੀ ਹੁੰਦਾ ਹੈ। ਮਹਾਰਾਜ ਕਹਿੰਦੇ, ਕਿਸੇ ਬੰਦੇ ਦੀ ਭਿੱਟ ਨਾ ਮੰਨੋ। ਲੇਕਿਨ ਭਿੱਟ ਤਾਂ ਅਸੀਂ ਦਸ ਦਿੰਦੇ ਹਾਂ ਕਿ ਕਿਹੜਾ ਬੰਦਾ ਹੈ ਜਿਹੜਾ ਭਿੱਟ ਪਾਉਂਦਾ ਹੈ। ਕਹਿੰਦੇ, ਜਿਹਦੇ ਅੰਦਰ ਕ੍ਰੋਧ ਹੋਵੇ-

*ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥*

*ਅੰਗ - ੪੦*

ਨੇੜੇ ਦੀ ਵੀ ਨਾ ਲੰਘੋ, ਜਿਹਦੇ ਅੰਦਰ ਕ੍ਰੋਧ, ਚੰਡਾਲ ਵਸਦਾ ਹੈ। ਚਾਹੇ ਕਿੰਨਾ ਹੀ ਸੁੱਚਾ ਹੈ, ਕਿੰਨਾ ਹੀ ਨਾਹੁੰਦਾ ਹੈ, ਕਿੰਨੀਓਂ ਚਾਹੇ ਜਾਤੀ ਉੱਚੀ ਹੈ। ਉਹ ਤਾਂ ਸਾਰਾ ਲੰਗਰ ਭ੍ਰਿਸ਼ਟ ਕਰ ਦਏਗਾ ਜੇ ਕ੍ਰੋਧੀ ਲਾਂਗਰੀ ਹੋਵੇ। ਸੋ ਮਹਾਰਾਜ ਖਬਰਦਾਰ ਕਰਦੇ ਨੇ ਹਰ ਪੁਆਇੰਟ 'ਤੇ ਕਿ ਬਾਹਰ-ਬਾਹਰ ਕਿਉਂ ਕਰਦੇ ਓਂ। ਨਾਤੇ 'ਤੇ ਨਹੀਂ ਸੁੱਚਾ ਹੁੰਦਾ ਕਿਉਂਕਿ ਮਨ ਮੈਲਾ ਹੈ -

*ਪੂਜਿ ਸਿਲਾ ਤੀਰਥ ਬਨ ਵਾਸਾ ॥*
*ਭਰਮਤ ਡੋਲਤ ਭਏ ਉਦਾਸਾ ॥*
*ਮਨਿ ਮੈਲੈ ਸੂਚਾ ਕਿਉ ਹੋਇ ॥*
*ਸਾਚਿ ਮਿਲੈ ਪਾਵੈ ਪਤਿ ਸੋਇ ॥* *ਅੰਗ - ੬੮੬*

ਸੁੱਚਾ ਤਾਂ, ਤਾਂ ਹੁੰਦਾ ਹੈ ਜੇ ਵਾਹਿਗੁਰੂ ਦਾ ਨਾਮ ਜਪੇ।

*ਅੰਤਰਿ ਜੂਠਾ ਕਿਉ ਸੁਚਿ ਹੋਇ ॥* *ਅੰਗ - ੧੩੪੪*

ਅੰਦਰ ਤਾਂ ਜੂਠਾ ਚਲ ਰਿਹਾ ਹੈ ਤੇ ਸੁੱਚ ਕਹਿੰਦੇ ਕਿਵੇਂ ਹੋਵੇ?

*ਸਬਦੀ ਧੋਵੈ ਵਿਰਲਾ ਕੋਇ ॥* *ਅੰਗ - ੧੩੪੪*

ਉਸ ਵੇਲੇ ਹੱਥ ਬੰਨ੍ਹ ਲਏ ਸਾਰਿਆਂ ਨੇ, ਕਹਿੰਦੇ ਪਾਤਸ਼ਾਹ! ਆਹ ਗੱਲਾਂ ਦਾ ਸਾਨੂੰ ਨਹੀਂ ਸੀ ਪਤਾ। ਹੁਣ ਆਪ ਕ੍ਰਿਪਾ ਕਰਕੇ ਦੱਸ ਦਿਓ, ਬਈ ਬੰਦੇ ਜੂਠੇ ਨੇ ਜਿਨ੍ਹਾਂ ਦੇ ਅੰਦਰ ਕਾਮ ਚਲਦਾ ਹੈ, ਕ੍ਰੋਧ ਦੀ ਲਹਿਰ ਚਲਦੀ ਹੈ, ਲੋਭ ਦੀ, ਮੋਹ ਦੀ, ਅਹੰਕਾਰ ਦੀ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਕਪਟ, ਛਲ ਚਲਦਾ ਹੈ ਇਹ ਸਭ ਬੰਦੇ ਜੂਠੇ ਹੀ ਜੂਠੇ ਨੇ। ਉਨ੍ਹਾਂ ਦੇ ਹੱਥ ਵੀ ਜੂਠੇ ਉਨ੍ਹਾਂ ਦਾ ਤਨ ਵੀ ਜੂਠਾ, ਉਨ੍ਹਾਂ ਦਾ ਮਨ ਵੀ ਜੂਠਾ ਤੇ ਮਹਾਰਾਜ ਸੁੱਚਾ ਕਿਵੇਂ ਹੋਵੇ? ਫੇਰ ਆਪ ਕ੍ਰਿਪਾ ਕਰਕੇ ਇਹ ਦੱਸੋ? ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕੀਤਾ।

*ਧਾਰਨਾ - ਜਿਨ ਮਨ ਵਸਿਆ ਹਰਿ ਜੀ,*
*ਸੁੱਚੇ ਸੇਈ-ਸੁੱਚੇ ਸੇਈ।*

*ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥*
*ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥* *ਅੰਗ - ੪੭੨*

ਕਹਿਣ ਲੱਗੇ, ਸੰਤੋ! ਸੁੱਚਾ ਤਾਂ ਉਹ ਹੈ ਜਿਹਦੇ ਮਨ ਵਿੱਚ ਹਰ ਵਕਤ ਵਾਹਿਗੁਰੂ ਵਸਦਾ ਹੈ। ਜਿਹਦੇ ਨੇਤਰ ਹਰ ਥਾਂ ਦੇ ਉਤੇ ਪ੍ਰਮੇਸ਼ਰ ਨੂੰ ਦੇਖਦੇ ਨੇ। ਜਿਹਦੇ ਕੰਨ ਹਰ ਸ਼ਬਦ ਦੇ ਵਿਚੋਂ ਨਾਮ ਦੀ ਧੁਨ ਸੁਣਦੇ ਨੇ, ਕਹਿੰਦੇ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*

*ਅੰਗ - ੧੪੨੦*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* *ਅੰਗ - ੧੨੬੫*

ਉਹ ਸੁੱਚੇ ਨੇ, ਬਾਕੀ ਤਾਂ ਸਾਰਾ ਸੰਸਾਰ ਜੂਠਾ ਹੈ। ਮਾਂ ਵੀ ਜੂਠਾ, ਪਿਉ ਵੀ, ਭਰਾ ਵੀ ਜੂਠੀ, ਦੁਨੀਆਂ ਵੀ ਜੂਠੀ, ਜੂਠਿਆਂ ਦੇ ਵਿੱਚ ਜੂਠਾ ਰਹਿੰਦਾ ਹੈ। ਇਹਦਾ ਮਨ ਵੀ ਜੂਠਾ ਰਹਿੰਦਾ ਹੈ। ਸੋ -

*ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥*
*ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥*

*ਅੰਗ - ੯੧*

ਸੋ ਇਸ ਤਰ੍ਹਾਂ ਦੇ ਨਾਲ ਅਖੀਰ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰਕੇ ਸਾਨੂੰ ਗੁਰਮਤਿ ਮਾਰਗ ਦੇ ਉਤੇ ਪ੍ਰਕਾਸ਼ ਪਾਓ। ਮਹਾਰਾਜ ਕਹਿਣ ਲੱਗੇ, ਦੇਖੋ ਪਿਆਰਿਓ! ਹਰ ਬੰਦੇ ਦੇ ਅੰਦਰ ਸ਼ਬਦ ਦੀ ਧੁਨ ਚਲਦੀ ਹੈ ਕਿਉਂਕਿ ਸ਼ਬਦ ਤੋਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਕਹਿੰਦੇ ਨੇ -

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋਹ ਰਹਾ।*

ਉਹ ਸ਼ਬਦ ਦੀ ਧੁਨ ਦੀ ਸ਼ਕਤੀ ਜਿਹੜੀ ਹੈ ਉਹ ਸਾਰੇ ਸੰਸਾਰ 'ਚ ਪਰੀਪੂਰਨ ਹੈ। ਹੁਣ ਇੱਥੇ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਉਹ ਸ਼ਬਦ ਜਿਹੜਾ ਹੈ ਪ੍ਰਾਕ੍ਰਿਤਕ ਹੈ ਜਾਂ ਪ੍ਰਕ੍ਰਿਤੀ ਤੋਂ ਬਾਹਰ ਹੈ। ਜੇ ਤਾਂ ਪ੍ਰਾਕ੍ਰਿਤੀ ਤੋਂ ਬਾਹਰ ਹੈ ਫੇਰ ਤਾਂ ਉਹਦੀ ਕੋਈ ਆਵਾਜ਼ ਨਹੀਂ ਹੈ ਉਸ ਉਤੇ ਮੰਡਲ 'ਚ ਜਾ ਕੇ ਜਦੋਂ ਸਾਨੂੰ ਦਿਬਯ ਕੰਨਾਂ ਦੀ ਪ੍ਰਾਪਤੀ ਹੋ ਜਾਵੇ ਫੇਰ ਉਹ ਸਾਨੂੰ ਸ਼ਬਦ ਸੁਣਦਾ ਹੈ। ਜਦੋਂ ਦਿਬਯ ਨੇਤਰਾਂ ਦੀ ਪ੍ਰਾਪਤੀ ਹੋ ਜਾਵੇ, ਫੇਰ ਸਾਨੂੰ ਪ੍ਰਕਾਸ਼ ਦਿਸਦਾ ਹੈ। ਮਹਾਰਾਜ ਕਹਿੰਦੇ, ਉਸ ਸ਼ਬਦ ਤੋਂ ਬਗੈਰ ਹਨ੍ਹੇਰਾ ਛਾਇਆ ਪਿਆ ਹੈ ਸੰਸਾਰ ਦੇ ਅੰਦਰ। ਕਿਉਂਕਿ ਨਿਰੰਕਾਰ ਨੇ ਉਤਪਤੀ ਸ਼ਬਦ ਤੋਂ ਕੀਤੀ ਹੈ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*

*ਭਾਈ ਗੁਰਦਾਸ ਜੀ, ਵਾਰ ੨੬/੨*

ਏਕੰਕਾਰ ਨਾਉਂ ਹੋਇਆ ਜਦੋਂ ਉਹਨੇ ਸ੍ਰਿਸ਼ਟੀ ਦੀ ਰਚਨਾ ਆਰੰਭੀ।

*ਏਕੰਕਾਰਹੁ ਸਬਦ ਧੁਨਿ ਓਅੰਕਾਰ ਆਕਾਰੁ ਬਣਾਇਆ।*

*ਭਾਈ ਗੁਰਦਾਸ ਜੀ, ਵਾਰ ੨੬/੨*

ਏਕੰਕਾਰ ਤੋਂ ਸ਼ਬਦ ਦੀ ਧੁਨੀ ਹੋਈ ਜਿਸ ਸ਼ਬਦ ਦਾ ਨਾਉਂ ਰੱਖਿਆ ਓਅੰਕਾਰ। ਓਅੰਕਾਰ ਦੀ ਧੁਨੀ ਹੋਈ। ਜਿੰਨੇ ਆਕਾਰ

ਨਜ਼ਰ ਆਉਂਦੇ ਨੇ ਧਰਤੀ ਵਗੈਰਾ, ਸੂਰਜ, ਚੰਦ, ਤਾਰੇ, ਪਾਣੀ, ਜੋ ਕੁਛ ਵੀ ਨਜ਼ਰ ਆਉਂਦਾ ਹੈ ਸਭ ਸ਼ਬਦ ਤੋਂ ਹੋਇਆ ਹੈ। ਸਭ ਕੁਛ ਓਅੰਕਾਰ ਤੋਂ ਹੋਇਆ ਹੈ।

*ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥*

*ਅੰਗ - ੯੨੯*

ਆਹ ਜਿਹੜੀ ਸੰਸਾਰ 'ਚ ਜਾਗ੍ਰਤ ਆਈ ਹੈ ਜੇ ਇਹ ਨਿਕਲ ਜਾਵੇ ਆਦਮੀ ਨੂੰ ਅਸੀਂ ਕਹਿੰਦੇ ਹਾਂ ਮੁਰਦਾ ਹੈ। ਆਹ ਮੁਰਦੇ ਤੋਂ ਬਚਾਉਣ ਵਾਸਤੇ ਸਾਡੇ ਅੰਦਰ ਜਾਗ ਜਿਹੀ ਹੈ, ਸੋਝੀ ਜਿਹੀ ਹੈ ਮਹਾਰਾਜ ਕਹਿੰਦੇ, ਇਸ ਨੂੰ ਚਿੱਤ ਕਹਿੰਦੇ ਨੇ, ਚੇਤਨਾ ਕਹਿੰਦੇ ਨੇ। ਚੇਤਨਾ ਜਿਹੜੀ ਹੈ ਇਹ ਓਅੰਕਾਰ ਸ਼ਬਦ ਤੋਂ ਹੋਈ ਹੈ। ਓਅੰਕਾਰ ਤੋਂ ਹੀ ਗਿਆਨ ਸ੍ਰਿਸ਼ਟੀ ਨੂੰ ਰਚਣ ਵਾਲਾ ਬ੍ਰਹਮਾ ਹੋਇਆ ਹੈ।

*ਓਅੰਕਾਰਿ ਸੈਲ ਜੁਗ ਭਏ ॥* *ਅੰਗ - ੯੨੯*

Time & space ਦੋਵੇਂ ਚੀਜ਼ਾਂ, ਇਹ ਸਾਰੀਆਂ ਓਅੰਕਾਰ ਸ਼ਬਦ ਤੋਂ ਹੋਈਆਂ।

*ਓਅੰਕਾਰਿ ਬੇਦ ਨਿਰਮਏ ॥* *ਅੰਗ - ੯੩੦*

ਜਿੰਨਾ ਗਿਆਨ ਸੰਸਾਰ 'ਚ ਆਇਆ ਹੈ, ਸਾਰਾ ਓਅੰਕਾਰ ਸ਼ਬਦ ਤੋਂ ਆਇਆ ਹੈ ਤੇ ਓਅੰਕਾਰ ਸ਼ਬਦ ਨੇ ਤ੍ਰਿਭਵਣਾਂ ਧਾਰਨ ਕੀਤਾ ਹੋਇਆ ਹੈ।

*ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥*

*ਅੰਗ - ੨੮੪*

ਉਸ ਨਾਮ ਤੱਕ ਜੇ ਸਾਡੀ ਸੁਰਤੀ ਨਹੀਂ ਜਾਂਦੀ, ਉਹ ਸ਼ਬਦ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਤਾਂ ਕਹਿੰਦੇ ਅੰਦਰ ਹਨ੍ਹੇਰਾ ਰਹਿੰਦਾ ਹੈ ਇਹ ਹਨ੍ਹੇਰਾ ਇਸ ਤਰ੍ਹਾਂ ਸਮਝ ਲਓ ਕਿ ਸਾਡੇ ਅੰਦਰ ਬਜਰ ਕਪਾਟ ਜੁੜੇ ਹੋਏ ਰਹਿੰਦੇ ਨੇ। ਹਨ੍ਹੇਰਾ ਰਹਿੰਦਾ ਹੈ ਉਨ੍ਹਾਂ ਦਾ ਤੇ ਜਿੰਨਾਂ ਚਿਰ ਕੁੰਜੀ ਨਹੀਂ ਮਿਲਦੀ ਓਨੀਂ ਦੇਰ ਤੱਕ ਉਹਦਾ ਪ੍ਰਕਾਸ਼ ਨਹੀਂ ਹੁੰਦਾ -

*ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥*

*ਅੰਗ - ੧੨੪*

ਨਾ ਤਾਂ ਆਤਮ ਵਸਤੂ ਦੀ ਪ੍ਰਾਪਤੀ ਹੁੰਦੀ ਹੈ, ਨਾ ਜੰਮਣ ਮਰਨ ਦਾ ਸਾਡਾ ਚੱਕਰ ਛੁਟਦਾ ਹੈ ਕਿਉਂਕਿ ਆਤਮ ਵਸਤ ਦੀ ਪ੍ਰਾਪਤੀ ਹੋਏਗੀ। ਉਸ ਵੇਲੇ ਸਾਡਾ ਜੰਮਣਾ ਮਰਨ ਖਤਮ ਹੋ ਜਾਏਗਾ ਨਹੀਂ ਤਾਂ ਸਾਧਸੰਗਤ ਜੀ ਖਬਰਦਾਰ ਰਹਿਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, ਐਸ ਤਰ੍ਹਾਂ ਨਾ ਘਬਰਾਓ ਤੁਸੀਂ, ਪੂਰੇ ਸਤਿਗੁਰੂ ਦੀ ਸ਼ਰਨ ਲਓ, ਸਤਿਗੁਰੂ ਦੀ ਸ਼ਰਨ ਲੈ ਕੇ ਇਹ ਜਿਹੜਾ ਗੋਰਖ ਧੰਦਾ ਹੈ ਇਹ ਹੱਲ ਹੋ ਜਾਂਦਾ ਹੈ।

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ - ੧੨੪*

ਕੁੰਜੀ ਸਤਿਗੁਰੂ ਕੋਲ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*

*ਅੰਗ- ੨੦੫*

ਜਦੋਂ ਗੁਰੂ ਦੀ ਸ਼ਰਨ ਆਵਾਂਗੇ, ਉਥੋਂ ਕੁੰਜੀ ਮਿਲ ਜਾਂਦੀ ਹੈ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*

*ਅੰਗ - ੯੫੪*

ਚਾਬੀ ਮਿਲ ਗਈ ਗੁਰੂ ਦੇ ਸ਼ਬਦ ਦੀ।

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਅੰਗ-੯੫੪*

ਫੇਰ ਕੀ ਹੁੰਦਾ ਹੈ, ਜਦੋਂ ਖੁਲ੍ਹ ਗਿਆ ਤਾਲਾ, ਫੇਰ ਨਿਸ਼ਾਨੀਆਂ ਨੇ ਉਥੇ। ਕਹਿੰਦੇ ਅਨਹਦ ਵਾਜਿਆਂ ਦੀ ਧੁਨ ਵਜਦੀ ਹੈ, ਫੇਰ ਜਿਹੜਾ ਇਸ ਧੁਨ ਤੱਕ ਪਹੁੰਚਾ ਦੇਵੇ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*

*ਅੰਗ - ੧੨੯੧*

ਉਹ ਸਤਿਗੁਰੂ ਹੋਇਆ ਕਰਦਾ ਹੈ ਜਿਹੜਾ ਇਹ ਘਰ ਦੇ ਵਿੱਚ ਅਸਲੀ ਘਰ ਦਿਖਾ ਦੇਵੇ। ਵਾਹਿਗੁਰੂ ਇਸ ਘਰ 'ਚ ਰਹਿੰਦਾ ਹੈ ਆਪਣੇ 'ਚ। ਇਹਦੇ ਵਿਚ ਜਿਹੜਾ 'ਮੈਂ' ਬੋਲਦਾ ਹਾਂ, ਇਹ ਹੈ ਨਹੀਂ ਇਹ ਇੱਕ ਪਰਛਾਵਾਂ ਹੈ ਵਾਧੂ ਦਾ। ਮਨੌਤ ਹੈ। ਇਹ ਜਦੋਂ ਮਿਟ ਜਾਂਦਾ ਹੈ ਤਾਂ ਪ੍ਰਮੇਸ਼ਰ ਹੀ ਹੁੰਦਾ ਹੈ। ਦੂਜਾ ਨਹੀਂ ਹੁੰਦਾ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*

*ਅੰਗ - ੧੨੯੧*

ਕਹਿੰਦੇ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ -

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

*ਅੰਗ - ੧੨੯੧*

ਅੰਦਰ ਹੀ ਵਜਦੇ ਨੇ ਤੇ ਸੱਚੇ ਤਖਤ ਦੇ ਉਤੇ ਵਾਹਿਗੁਰੂ ਵੀ ਅੰਦਰ ਰਹਿੰਦਾ ਹੈ।

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*

*ਅੰਗ - ੧੨੯੧*

ਦਸਵੇਂ ਦੁਆਰ ਅਫੁਰ ਅਵਸਥਾ ਦੇ ਵਿੱਚ ਲਾ ਕੇ ਲਿਵ, ਆਤਮਕ ਸੰਗੀਤ ਨੂੰ ਸੁਣ ਤੂੰ।

*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*

*ਅੰਗ - ੧੨੯੧*

ਜਦੋਂ ਇਹ ਕਥਾ ਦਾ ਗਿਆਨ ਪ੍ਰਗਟ ਹੋਏਗਾ ਅੰਦਰ, ਜਿਹੜੀ ਕਹੀ ਨਹੀਂ ਜਾਂਦੀ, ਉਹ ਗੱਲ ਨੂੰ ਅਸੀਂ ਵਿਚਾਰਨ ਲੱਗਾਂਗੇ, ਤਾਂ ਜਿਹੜਾ ਮਨ ਹੈ ਇਹਦੀਆਂ ਵਾਸ਼ਨਾਵਾਂ ਖਤਮ ਹੋ ਕੇ ਅ-ਮਨ ਬਣ ਜਾਏਗਾ। ਇੱਕ ਮਨ ਹੈ, ਮਨ ਜੇ ਹੈਗਾ ਤਾਂ ਸੰਸਾਰ ਹੈ, ਜਦੋਂ ਅ-ਮਨ ਹੋ ਜਾਂਦਾ ਹੈ ਫੇਰ ਵਾਹਿਗੁਰੂ ਹੋ ਜਾਂਦਾ ਹੈ, ਆਹੀ ਸੰਸਾਰ ਫੇਰ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ ਕਿਉਂਕਿ ਮਨ ਦਾ ਫਤੂਰ ਅੰਦਰੋਂ ਨਿਕਲ ਕੇ ਅ-ਮਨ ਦੀ ਅਵਸਥਾ ਆ ਗਈ -

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥* *ਅੰਗ - ੩੩੯*
*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਅੰਗ - ੮*

ਵਾਹਿਗੁਰੂ ਨੂੰ ਦੇਖਣ ਵਾਲੀ ਅੱਖ ਘੜ ਜਾਂਦੀ ਹੈ। ਕਹਿੰਦੇ -

*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥*

*ਅੰਗ - ੧੨੯੧*

ਫੇਰ ਕਮਲ ਜਿਹੜਾ ਉਲਟਾ ਸੀ ਉਹ ਸਿੱਧਾ ਹੋ ਗਿਆ,

(ਬਾਕੀ ਪੰਨਾ 28 ਤੇ)

# ਰਤਵਾੜਾ ਸਾਹਿਬ ਕਾਰ ਸੇਵਾ

**ਲੰਗਰੁ ਚਲੈ ਗੁਰ ਸਬਦਿ** - ਸਿੱਖ ਸੰਪ੍ਰਦਾਵਾਂ ਅੰਦਰ ਅੱਜ ਦੇ ਯੁੱਗ ਅੰਦਰ ਦੇਖਿਆ ਜਾਵੇ ਤਾਂ ਬਹੁਤ ਵੱਡਾ ਸੇਵਾ ਦਾ ਜਜ਼ਬਾ ਹੈ ਸੰਸਾਰ ਅੰਦਰ ਕਿਤੇ ਵੀ ਗੁਰਦੁਆਰਾ ਸਾਹਿਬ ਬਣ ਜਾਵੇ ਉਥੇ ਗੁਰੂ ਕੇ ਲੰਗਰ ਜਰੂਰ ਚਾਲਏ ਜਾਂਦੇ ਹਨ। ਭਾਵੇਂ ਆਪ ਜੀ ਸੰਸਾਰ ਦੇ ਕਿਸੇ ਵੀ ਕੋਨੇ ਅੰਦਰ ਚਲੇ ਜਾਵੋ। ਸਿੱਖ ਪੰਥ ਦੇ ਵੱਡੇ ਜੋੜ ਮੇਲਿਆਂ ਤੇ ਤਾਂ ਇਸ ਸੇਵਾ ਅੰਦਰ ਜਿਥੇ ਵੱਡੀਆਂ ਸੰਪ੍ਰਦਾਵਾਂ ਸੇਵਾ ਨਿਭਾਉਂਦੀਆਂ ਹਨ ਉਥੇ ਪਿੰਡਾਂ ਦੀਆਂ ਸੰਗਤਾਂ ਅੰਦਰ ਵੀ ਬਹੁਤ ਉਤਸ਼ਾਹ ਗੁਰੂ ਕੇ ਲੰਗਰਾਂ ਦੀ ਸੇਵਾ ਦਾ ਹੈ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀ ਦੇਣ ਜੋ ਆਪ ਜੀ ਨੇ ਆਪਣੇ ਦੀਵਾਨਾਂ ਅੰਦਰ ਵਿਸ਼ੇ ਅਨੁਸਾਰ ਘੰਟਿਆਂ ਬੱਧੀ ਵੀਚਾਰਾਂ ਕਰ-ਕਰ ਕੇ ਗੁਰ-ਸ਼ਬਦ ਦੀ ਸਾਂਝ ਸੰਸਾਰ ਅੰਦਰ ਵਧਾਈ ਹੈ। ਜਿਥੇ ਸਾਡੇ ਵੱਡੇ-ਵੱਡੇ ਲਿਖਾਰੀਆਂ ਨੇ ਸਾਡੇ ਵਿਸ਼ਵਾਸ਼ ਤੇ ਠੇਸ ਪਹੁੰਚਾਈ ਉਸ ਨੂੰ ਆਪ ਜੀ ਨੇ ਪੂਰਾ ਵਾਚ ਕੇ ਸਾਰੀਆਂ ਅਧੁਨਿਕ ਲਿਖਤਾਂ ਨੂੰ ਖੋਖਕੇ ਅਪਣੀਆਂ ਵੀਚਾਰਾਂ ਸੰਸਾਰ ਅੱਗੇ 3-3 4-4 ਘੰਟੇ ਦੇ ਦੀਵਾਨਾਂ ਅੰਦਰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਨਿਖਾਰ ਕੇ ਪੇਸ਼ ਕੀਤਾ ਹੈ। ਵੇਦਾਂ, ਪੁਰਾਨਾਂ, ਸਿਮ੍ਰਤੀਆਂ, ਗੀਤਾ, ਬਾਇਬਲ, ਅੰਜੀਰ, ਰਮਾਇਣ, ਮਹਾਂਭਾਰਤ ਪ੍ਰਾਚੀਨ ਭਾਰਤ ਦੇ ਅਨੇਕਾਂ ਧਰਮ ਗ੍ਰੰਥਾਂ ਦੇ ਤੱਤ ਸਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਝੇ ਸਿਧਾਂਤਾਂ ਦੀ ਵਿਆਖਿਆ, 'ਆਤਮ ਮਾਰਗ' ਮੈਗਜੀਨ ਪਿਛਲੇ 17 ਸਾਲ ਤੋਂ ਚਲਦਾ



ਹੋਲੇ ਮਹੱਲੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਆਤਮ ਮਾਰਗ ਸਟਾਲ ਬੱਸ ਦਾ ਦ੍ਰਿਸ਼।



ਹੋਲੇ ਮਹੱਲੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਆਤਮ ਮਾਰਗ ਸਟਾਲ ਤੇ ਸੇਵਾਦਾਰ ਸੇਵਾ ਨਿਭਾਉਂਦੇ ਹੋਏ।




ਹੋਲੇ ਮਹੱਲੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਆਤਮ ਮਾਰਗ ਸਟਾਲ ਤੇ ਸੇਵਾਦਾਰ ਸੇਵਾ ਨਿਭਾਉਂਦੇ ਹੋਏ।

ਆ ਰਿਹਾ ਹੈ। ਜਿਸ ਵਿੱਚ ਅਨੇਕਾਂ ਤਰੀਕਿਆਂ ਨਾਲ ਮਾਨੁੱਖ ਤਨ ਦੇ ਅਸਲੀ ਪ੍ਰਯੋਜਨ ਬਾਰੇ ਛਪਦਾ ਹੀ ਰਹਿੰਦਾ ਹੈ। ਦੇਸ਼ਾਂ ਵਿਦੇਸ਼ਾਂ ਅੰਦਰ ਪ੍ਰੇਮੀਆਂ ਕੋਲ ਹਰ ਮਹੀਨੇ ਪਹੁੰਚ ਕੇ ਨਾਮ-ਬਾਣੀ ਸੇਵਾ-ਸਿਮਰਨ ਦੀ ਜਾਗ ਲਾ ਰਿਹਾ ਹੈ। ਇਸ ਦੇ ਨਾਲ ਨਾਲ ਮਹਾਂਪੁਰਖਾਂ ਦੁਆਰਾ ਰਚਿਤ ਅਨੇਕਾਂ ਹਿੰਦੀ, ਪੰਜਾਬੀ ਅਤੇ ਅੰਗਰੇਜੀ ਵਿੱਚ ਪੁਸਤਕਾਂ ਜਿਨ੍ਹਾਂ ਦੀ ਲਿਸਟ ਆਤਮ ਮਾਰਗ ਦੇ ਆਖਰੀ ਪੰਨਾ ਨੰਬਰ 64 ਤੇ ਉਪਲੱਬਧ ਹੈ। ਇਹ ਪੁਸਤਕਾਂ ਪੂਰੇ ਸੰਸਾਰ ਅੰਦਰ ਵਿਚਰ ਰਹੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਗੁਝੇ ਸਿਧਾਂਤਾਂ ਦੀ ਵਿਆਖਿਆ ਕਰ ਰਹੀਆਂ ਹਨ। ਮਿਸ਼ਨ ਦੇ ਅਨੇਕਾਂ ਸਰਗਰਮ ਸੇਵਾਦਾਰ ਦੇਸ਼ਾਂ ਵਿਦੇਸ਼ਾਂ ਅੰਦਰ ਬੈਠੇ ਆਤਮ ਮਾਰਗ ਨਾਲ ਸਬੰਧਤ ਪ੍ਰੇਮੀ ਸੱਚਖੰਡਵਾਸੀ ਮਹਾਂਪੁਰਖਾਂ ਦੇ ਸਮੇਂ ਤੋਂ ਹੀ ਉਨ੍ਹਾਂ ਦੇ ਬਚਨਾਂ ਨੂੰ ਮੰਨਦੇ ਹੋਏ ਆਪਣਾ ਨੈਤਿਕ ਫਰਜ ਸਮਝਦੇ ਹੋਏ ਮਹਾਂਪੁਰਖਾਂ ਨੂੰ ਅੰਗ-ਸੰਗ ਜਾਣਦੇ ਹੋਏ ਗੁਰ-ਸ਼ਬਦ ਲੰਗਰ ਦੀ ਸੇਵਾ ਵਿੱਚ ਨਿਰੰਤਰ ਹਿੱਸਾ ਪਾਉਂਦੇ ਆ ਰਹੇ ਹਨ। ਅਮਰੀਕਾ ਵਿੱਚ ਅਨੇਕਾਂ ਪ੍ਰੇਮੀ ਹਨ ਜਿਹੜੇ ਸਦਾ ਹੀ ਗੁਰ-ਸ਼ਬਦ ਲੰਗਰ ਆਤਮ-ਮਾਰਗ ਦੀ ਨਵੀਂ ਮੈਂਬਰਸ਼ਿੱਪ ਵਾਸਤੇ ਵੱਖ-ਵੱਖ ਜਗ੍ਹਾਂ ਗੁਰੂ ਘਰਾਂ ਵਿੱਚ ਜਾ ਕੇ ਜਾਗ ਲਾ ਰਹੇ ਹਨ ਆਪਣੇ ਸਮੇਂ ਵਿਚੋਂ ਸਮਾਂ ਕੱਢਦੇ ਹੋਏ ਆਤਮ ਮਾਰਗ ਪੜ੍ਹਨ ਲਈ ਪ੍ਰੇਰਨਾ ਕਰਦੇ ਰਹਿੰਦੇ ਹਨ ਅਤੇ ਅਦਾਰਾ ਆਤਮ ਮਾਰਗ ਲਈ ਨਵੀਂ ਮੈਂਬਰਸ਼ਿੱਪ ਅਤੇ ਰਿਨੀਉਵਲ ਭੇਜ ਰਹੇ ਹਨ। ਸਲਾਨਾਂ ਜੋੜ ਮੇਲੇ ਤੇ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਸਮੇਂ ਮਿਤੀ 7-8-9 ਮਾਰਚ ਨੂੰ ਰਤਵਾੜਾ ਸਾਹਿਬ ਵੱਲੋਂ ਹਰ ਸਾਲ ਦੀ ਤਰ੍ਹਾਂ ਸਟਾਲ ਸਜਾਏ ਗਏ ਜਿਨ੍ਹਾਂ ਵਿੱਚ ਅਨੰਦਪੁਰ ਸਾਹਿਬ ਦੇ ਇਲਾਕੇ ਦੀਆਂ ਰਤਵਾੜਾ ਸਾਹਿਬ ਨਾਲ ਸਬੰਧਤ ਸੰਗਤਾਂ ਨੇ ਇਸ ਮਹਾਨ ਸੇਵਾ ਵਿੱਚ ਦਿਨ-ਰਾਤ ਹਿੱਸਾ ਪਾਇਆ। ਮਹਾਂਪੁਰਖਾਂ ਵੱਲੋਂ ਰਤਵਾੜਾ ਸਾਹਿਬ ਵੱਲੋਂ ਪ੍ਰਕਾਸ਼ਿਤ ਲਿਟਰੇਚਰ ਅੱਧੀ ਭੇਟਾ ਤੇ ਸੰਗਤਾਂ ਵਿੱਚ ਵਰਤਾਇਆ ਗਿਆ। ਹੋਲੇ ਮਹੱਲੇ ਤੇ ਪਹੁੰਚੀਆਂ ਲੱਖਾਂ ਸੰਗਤਾਂ ਨੇ ਇਸ ਦਾ ਪੂਰਾ-ਪੂਰਾ ਲਾਹਾ ਪ੍ਰਾਪਤ ਕਰਦੇ ਹੋਏ ਆਤਮ-ਮਾਰਗ ਦੀ ਮੈਂਬਰਸ਼ਿੱਪ ਪ੍ਰਾਪਤ ਕੀਤੀ ਹੈ। ਆਉਣ ਵਾਲੇ ਵਿਸਾਖੀ ਦੇ ਜੋੜ ਮੇਲੇ ਸਮੇਂ ਸ੍ਰੀ ਦਮਦਮਾ ਸਾਹਿਬ ਬਠਿੰਡੇ ਵਿਖੇ ਫਿਰ ਸਟਾਲ ਸਜਾਏ ਜਾਣਗੇ। ਇਸੇ ਤਰ੍ਹਾਂ ਯੂ.ਪੀ. ਵਿਚ ਖੁਫੀਆ ਨੰਗਲ ਬਿਲਾਸਪੁਰ ਵਿਖੇ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਸੰਗਤਾਂ ਨੂੰ ਦੁਪਿਹਰ 12.00 ਤੋਂ 4.00 ਵਜੇ ਤੱਕ ਕੀਰਤਨ ਦੁਆਰਾ ਨਿਹਾਲ ਕਰਦੇ ਹਨ। ਆਪ ਜੀ ਉਸ ਇਲਾਕੇ ਵਿੱਚ ਲਗਾਤਾਰ ਵਿਚਰ ਰਹੇ ਹਨ ਅਤੇ ਆਪਣੇ ਦੀਵਾਨਾਂ ਅੰਦਰ ਆਤਮ-ਮਾਰਗ ਦੀ ਸਾਂਝ ਵਧਾ ਰਹੇ ਹਨ। ਹਰ ਮਹੀਨੇ ਖੁਫੀਆ ਨੰਗਲ ਵਿਖੇ ਆਤਮ-ਮਾਰਗ ਪਹੁੰਚਦਾ



**ਸੰਤ ਬਾਬਾ ਹਰਪਾਲ ਸਿੰਘ ਜੀ ਅਫਜਲਗੜ੍ਹ ਯੂ.ਪੀ ਪ੍ਰੇਮਪੁਰੀ ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।**

ਹੈ। ਸੰਗਤਾਂ ਦੇ ਗਿਆਤ ਲਈ ਬੇਨਤੀ ਕਰਦੇ ਹਾਂ ਕਿ ਉਸ ਅਸਥਾਨ ਤੋਂ ਆਤਮ ਮਾਰਗ ਹਿੰਦੀ ਪੰਜਾਬੀ ਵਿੱਚ ਪ੍ਰਾਪਤ ਕਰ ਸਕਦੇ ਹੋ ਜੀ। ਅਸ਼ੋਕ ਨਗਰ ਮੱਧ ਪ੍ਰਦੇਸ਼ ਵਿਖੇ 'ਈਸ਼ਰ ਪ੍ਰਕਾਸ਼ ਵਰਿਆਮ ਸਰ' ਦੇ ਨਾਮ ਤੇ ਸ਼ਸ਼ੋਭਿਤ ਅਸਥਾਨ ਵਿਖੇ ਹਰ ਮਹੀਨੇ ਦੀ 6 ਤਰੀਕ ਨੂੰ ਦੀਵਾਨ ਸੱਜਦੇ ਹਨ। ਉਥੇ ਵੀ ਆਤਮ ਮਾਰਗ ਮਾਸਿਕ ਪਤ੍ਰਿਕਾ ਦਾ ਪੂਰਾ ਪ੍ਰਬੰਧ ਹੈ ਸਬੰਧਤ ਸੰਗਤਾਂ ਲਾਹਾ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨ ਜੀ।



**ਵਿਦਿਅਕ ਅਦਾਰੇ ਕਾਰ ਸੇਵਾ**

ਗੁਰਦੁਆਰਾ ਈਸ਼ਰ ਪ੍ਰਕਾਸ਼ ਸਵਾਲੇਪੁਰ ਵਿਖੇ ਹਰ ਮਹੀਨੇ ਦੀ ਸੰਗਰਾਂਦ ਨੂੰ ਅਸਥਾਨ ਦੇ ਮੁੱਖ ਸੇਵਾਦਰ ਸੰਤ ਬਾਬਾ ਗੁਰਪਾਲ ਸਿੰਘ ਜੀ ਸੰਗਤਾਂ ਨੂੰ ਦੁਪਿਹਰ 12.00 ਤੋਂ 4.00 ਵਜੇ ਤੱਕ ਨਿਹਾਲ ਕਰਦੇ ਹਨ। ਹਰ ਮਹੀਨੇ ਦਾ ਆਤਮ ਮਾਰਗ ਉਸ ਅਸਥਾਨ ਤੇ ਉਪਲੱਬਧ ਹੈ। ਸਬੰਧਤ ਸੰਗਤਾਂ ਨੂੰ ਬੇਨਤੀ ਹੈ ਕਿ ਆਤਮ ਮਾਰਗ ਦੀ ਨਵੀਂ ਮੈਂਬਰਸਿੱਪ ਆਪ ਜੀ ਉਸ ਅਸਥਾਨ ਤੋਂ ਪ੍ਰਾਪਤ ਕਰ ਸਕਦੇ ਹੋ।



**ਵਿਦਿਅਕ ਅਦਾਰੇ ਕਾਰ ਸੇਵਾ**

**ਇਲੈਕਟ੍ਰਾਨਿਕ ਮੀਡੀਆ** – ਸੰਤ ਮਹਾਰਾਜ ਰਤਵਾੜਾ ਸਾਹਿਬ ਦੇ ਵੀਡੀਓ ਪ੍ਰਵਚਨ ਹਰ ਰੋਜ ਚੰਡੀਗੜ੍ਹ, ਪੰਚਕੁਲਾ, ਜੀਰਕਪੁਰ, ਅੰਬਾਲਾ, ਮੁਹਾਲੀ, ਖਰੜ, ਕੁਰਾਲੀ, ਮੋਰਿੰਡਾ, ਚੂੰਨੀ, ਸੋਹਾਣਾ, ਰੋਪੜ, ਮੁੱਲਾਂਪੁਰ ਗਰੀਬਦਾਸ, ਚਮਕੌਰ ਸਾਹਿਬ, ਬੇਲਾ ਅਤੇ ਖਿਜਰਾਵਾਦ ਸ਼ਹਿਰਾ ਦੇ ਨਾਲ ਲੱਗਦੇ ਤਕਰੀਬਨ 150 ਪਿੰਡਾ ਵਿੱਚ ਹਰ ਰੋਜ ਸਵੇਰੇ 6.30 ਤੋਂ 7.30 ਤੱਕ ਸਿਟੀ ਕੇਬਲ, ਵਿਨ ਕੇਬਲ, ਫਾਸਟ ਵੇ ਤੋਂ ਹਰ ਰੋਜ ਪਲੇਅ ਕੀਤਾ ਜਾਂਦਾ ਹੈ ਜਿਸ ਦਾ ਇਲਾਕੇ ਦੀਆਂ ਸੰਗਤਾਂ ਪਿਛਲੇ 3 ਸਾਲ ਤੋਂ ਲਾਹਾ ਪ੍ਰਾਪਤ ਕਰ ਰਹੀਆਂ ਹਨ।

ਆਤਮ-ਮਾਰਗ ਚੈਨਲ ਦੁਆਰਾ ਰਾਜਪੁਰਾ ਸ਼ਹਿਰ, ਰਾਜਪੁਰਾ ਟਾਊਨ, ਬਨੂੰੜ, ਚਮਕੌਰ ਸਾਹਿਬ, ਰੋਪੜ ਘਨੌਲੀ, ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ ਨੰਗਲ, ਊਨਾ ਸਾਹਿਬ, ਹੁਸ਼ਿਆਰਪੁਰ ਵਿਖੇ 24 ਘੰਟੇ ਚੈਨਲ ਰਾਹੀਂ ਮਹਾਂਪੁਰਖਾਂ ਦੇ ਦਿਨ ਵਿੱਚ ਤਿੰਨ ਦਿਵਾਨ ਦਿਖਾਏ ਜਾਂਦੇ ਹਨ ਜੋ ਕਿ ਪਿਛਲੇ 10 ਸਾਲ ਤੋਂ ਲਗਾਤਾਰ ਚਲ ਰਹੇ ਹਨ। ਇੰਟਰਨੈਟ ਵੈਬਸਾਇਟਾਂ **www.ratwarasahib.org, www.ratwarasahibmedia.org, www.ratwarasahib.com,** ਰਾਹੀਂ ਮਹਾਂਪੁਰਖਾਂ

ਦੇ ਪ੍ਰਵਚਨ ਐਮ.ਪੀ.ਥ੍ਰੀ. ਫਾਰਮੇਟ ਦੁਆਰਾ ਡਾਉਨ ਲੋਡ ਪ੍ਰਾਪਤ ਕੀਤੇ ਜਾ ਸਕਦੇ ਹਨ। ਇੰਗਲੈਂਡ ਦੇ ਪ੍ਰੇਮੀਆਂ ਦੁਆਰਾ ਬਹੁਤ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਪੂਰੇ ਏਸ਼ੀਆਂ ਅੰਦਰ ਮਹਾਂਪੁਰਖਾਂ ਦੇ ਪ੍ਰਵਚਨਾਂ ਨੂੰ ਚਲਾਇਆ ਜਾਵੇ ਤਾਂ ਜੋ ਹਰ ਇੱਕ ਮਜ਼ਬ ਨਾਲ ਸਬੰਧ ਰੱਖਣ ਵਾਲਾ ਪ੍ਰੇਮੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਮੋਲਕ ਸਿਧਾਂਤਾਂ ਤੋਂ ਜਾਣੂੰ ਹੋ ਸਕੇ।

ਹਰ ਹਫਤੇ ਸ਼ਨੀਵਾਰ ਵਾਲੇ ਦਿਨ ਮਹਾਂਪੁਰਖਾਂ ਦੇ ਨਿਵਾਸ ਅਸਥਾਨ 781, 3ਬੀ1 ਮੋਹਾਲੀ ਵਿਖੇ ਸ਼ਾਮ ਦੇ 7.00 ਤੋਂ ਰਾਤ 10.00 ਵਜੇ ਤੱਕ ਵੱਡੇ ਪਰਦੇ ਤੇ ਮਹਾਂਪੁਰਖਾਂ ਦੇ ਵੀਡਿਓ ਪ੍ਰਵਚਨ ਦਿਖਾਏ ਜਾਂਦੇ ਹਨ।



ਵਿਦਿਅਕ ਅਦਾਰੇ ਕਾਰ ਸੇਵਾ

ਇਸੇ ਤਰ੍ਹਾਂ ਨੰਗਲ ਇਲਾਕੇ ਦੇ ਅੰਦਰ ਵੱਡੇ ਪ੍ਰੋਜੈਕਟਰ ਰਾਂਹੀ ਪਿੰਡ ਪਿੰਡ ਵਿਚਰ ਕੇ ਆਤਮ ਮਾਰਗ ਦੇ ਮੈਂਬਰ ਬਣਾਉਂਦੇ ਹਨ ਨਾਲ ਵੱਡੇ ਪਰਦੇ ਤੇ ਪ੍ਰੋਜੈਕਟਰ ਰਾਹੀਂ ਮਹਾਂਪੁਰਖਾਂ ਦੇ ਵੀਡਿਓ ਪ੍ਰਵਚਨ ਵਿਖਾਏ ਜਾਂਦੇ ਹਨ।

ਰੋਪੜ ਦੇ ਇਲਾਕੇ ਅੰਦਰ ਵੱਡੇ ਪ੍ਰੋਜੈਕਟਰ ਰਾਹੀਂ ਮਹਾਪੁਰਖਾਂ ਦੇ ਪ੍ਰਵਚਨਾਂ ਦੇ ਵੀਡਿਓ ਪ੍ਰਵਚਨ ਵਿਖਾਏ ਜਾ ਰਹੇ ਹਨ। ਅਤੇ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾ ਕੇ ਗੁਰ-ਸ਼ਬਦ ਲੰਗਰ ਵਿੱਚ ਹਿੱਸਾ ਪਾ ਰਹੇ ਹਨ।

**ਵਿਦਿਅਕ ਅਦਾਰੇ ਕਾਰ ਸੇਵਾ** - ਅਪ੍ਰੈਲ 2001 ਵਿੱਚ ਮਿਸ਼ਨ ਦੇ ਬਾਨੀ ਮਹਾਂਪੁਰਖਾਂ ਨੇ ਰਤਵਾੜਾ ਸਾਹਿਬ ਵਾਲਿਆਂ ਨੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਨਾਮ ਤੇ ਸਕੂਲ ਰਤਵਾੜਾ ਸਾਹਿਬ ਵਿੱਚ ਖੋਲ੍ਹ ਕੇ ਦੁਨਿਆਵੀ ਵਿਦਿਆ ਪਛੜੇ ਇਲਾਕੇ ਵਿੱਚ ਪ੍ਰਦਾਨ ਕਰਨ ਲਈ ਬਹੁਤ ਵੱਡਾ ਪਰਉਪਕਾਰੀ ਕਾਰਜ ਅਰੰਭਿਆ। ਅੱਜ ਇਨ੍ਹਾਂ ਵਿਦਿਅਕ ਅਦਾਰਿਆ ਨੂੰ ਸ਼ੁਰੂ ਹੋਏ 11 ਸਾਲ ਹੋ ਚੁਕੇ ਹਨ। ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਇਹ ਦੋ ਸਕੂਲ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀ. ਸ਼ੈਕ. ਸਕੂਲ (ਅੈਫੀ. ਸੀ.ਬੀ.ਐਸ.ਈ ਦਿੱਲੀ) ਅਤੇ ਸੰਤ ਵਰਿਆਮ ਸਿੰਘ ਸੀਨੀਅਰ ਸ਼ੈਕ. ਸਕੂਲ (ਪੰਜਾਬ ਸਕੂਲ ਸਿਖਿਆ ਬੋਰਡ ਮੋਹਾਲੀ) ਪੂਰੀ ਚੜ੍ਹਦੀ ਕਲਾ ਵਿੱਚ ਵਿਦਿਆ ਪ੍ਰਦਾਨ ਕਰ ਰਹੇ ਹਨ। ਰਤਵਾੜਾ ਸਾਹਿਬ ਵਿਖੇ ਲੱਗੇ ਹੋਏ ਹਜਾਰਾਂ ਦਰਖਤ ਅਸਥਾਨ ਦੇ ਵਾਤਾ ਵਰਣ ਨੂੰ ਮਹਾਨ ਪਵਿੱਤਰ ਬਣਾਉਣ ਦੇ ਸਹਿਯੋਗੀ ਹਨ। ਇਥੋਂ ਦੇ ਪੜ੍ਹੇ ਹੋਏ ਵਿਦਿਆਰਥੀ ਵਿਦੇਸ਼ਾਂ ਅੰਦਰ ਸੈਟਲ ਹੋ ਰਹੇ ਹਨ।



ਵਿਦਿਅਕ ਅਦਾਰੇ ਕਾਰ ਸੇਵਾ

ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਬਚਨ ਸਨ ਕਿ ਕੋਈ ਸਮਾਂ ਆਵੇਗਾ ਕਿ ਇਹਨ੍ਹਾਂ ਸਕੂਲਾਂ ਵਿੱਚ ਦਾਖਲਾ ਨਹੀਂ ਮਿਲਿਆ ਕਰੇਗਾ। ਅੱਜ ਉਹ ਸਮਾਂ ਆ ਚੁਕਿਆ ਹੈ ਕਿ ਇਹਨਾਂ ਸਕੂਲਾਂ ਦੀ ਬਿਲਡਿੰਗਾਂ ਭਰ ਚੁਕੀਆਂ ਹਨ। ਸੰਤ ਵਰਿਆਮ ਸਿੰਘ ਮੈਮੋਰੀਅਲ ਸੀਨੀ. ਸੈਕ. ਸਕੂਲ ਦੀ ਬਿਲਡਿੰਗ ਨਵੀਂ ਬਣਾਈ ਜਾ ਰਹੀ ਹੈ। ਮਹਾਂਪੁਰਖਾਂ ਦੀ ਕਿਰਪਾ ਨਾਲ ਇਹ ਸਕੂਲ ਆਰਥਿਕ ਤੌਰ ਤੇ ਮਜਬੂਤ ਹੋ ਚੁਕੇ ਹਨ। ਇਥੇ ਪੜ੍ਹਨ ਵਾਲੇ ਬੱਚੇ ਘੋੜ ਸਵਾਰੀ ਦੀ ਸਿਖਿਆ ਸਹਿਜ ਸੁਭਾਅ ਲੈ ਰਹੇ ਹਨ। ਖੇਡਾਂ ਵਿੱਚ ਨੈਸ਼ਨਲ ਪੱਧਰ ਤੇ ਅਵਾਰਡ ਲੈ ਚੁਕੇ ਹਨ। ਸਕੂਲ ਦੇ ਪਵਿੱਤਰ ਵਾਤਾਵਰਣ ਅੰਦਰ ਬੱਚਿਆਂ ਦੀ ਸੇਵਾ ਸੰਭਾਲ ਲਈ ਦੂਰ ਦੇ ਬੱਚਿਆਂ ਵਾਸਤੇ ਰਿਹਾਇਸ਼ ਦਾ ਪ੍ਰਬੰਧ ਹੈ।



'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ' ਦੀ ਗੱਤਕਾ ਟੀਮ ਇਲਾਕੇ ਦੇ ਨਗਰ ਕੀਰਤਨਾਂ ਵਿੱਚ ਭਾਗ ਲੈਂਦੀ ਹੈ। ਜਿਨ੍ਹਾਂ ਦੇ ਵਿੱਚ ਰਤਵਾੜਾ ਸਾਹਿਬ ਦੇ ਬੱਚੇ ਸ਼ਸਤਰਾਂ ਅਸ਼ਤਰਾ ਨਾਲ ਗੱਤਕਾ ਖੇਡਦੇ ਹਨ। ਕ੍ਰਿਕਟ ਅਕੈਡਮੀ ਦਾ ਪੂਰਾ ਪ੍ਰਬੰਧ ਹੈ। ਸਭਿਆਚਾਰਕ ਵਿਰਸੇ ਵਿੱਚ ਭਾਗ ਲੈਣ ਵਾਸਤੇ ਸਕੂਲ ਦੇ ਬੱਚੇ ਵੱਡੀਆਂ ਸਟੇਜਾਂ ਤੇ ਆਪਣੇ ਪ੍ਰੋਗਰਾਮ ਪੇਸ਼ ਕਰਦੇ ਹਨ। ਹਰ ਸਾਲ ਵਿਦਿਅਕ ਅਦਾਰਿਆਂ ਵੱਲੋਂ ਵੱਡਾ ਸਮਾਗਮ ਕੀਤਾ ਜਾਂਦਾ ਹੈ ਜਿਸ ਵਿੱਚ ਵਿਦਿਆਰਥੀ ਆਪਣੀ ਪੁਰਾਤਨ ਅਤੇ ਅਧੁਨਿਕ ਕਲਚਰ ਨੂੰ ਸਟੇਜਾਂ ਤੇ ਪੇਸ਼ ਕਰ ਭਵਿੱਖਤ ਦੀਆਂ ਲਕੀਰਾ ਮਜਬੂਤ ਕਰਦੇ ਹਨ। ਪਰਮ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਬੱਚਿਆਂ ਨੂੰ ਸਮੇਂ-ਸਮੇਂ ਪ੍ਰਾਪਤ ਹੋ ਰਹੇ ਹਨ। ਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਪਾਲ ਸਿੰਘ ਜੀ ਜਿਹੜੇ ਕੇ ਦੁਨਿਆਵੀ ਵਿਦਿਆ ਪੱਖੋਂ ਸਿਵਲ ਇੰਜਨੀਅਰ ਹਨ ਅਤੇ ਵਿਦਿਅਕ ਅਦਾਰਿਆਂ ਵਿੱਚ ਆਪਣੀ ਸਮੂਲੀਆ ਕਰਕੇ ਇਹਨਾਂ ਨੂੰ ਉਚੇ ਲੈ ਜਾਣ ਵਾਸਤੇ ਸਦਾ ਹੀ ਸੇਵਾ ਵਿੱਚ ਤੱਤਪਰ ਰਹਿੰਦੇ ਹਨ।



ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਕਾਰ ਅੱਗੇ ਵਿਦਿਅਕ ਅਦਾਰਿਆਂ ਦੇ ਵਿਦਿਆਰਥੀ ਬੈਂਡ ਬਾਜੇ ਨਾਲ ਆ ਰਹੇ ਹਨ।

**ਹਸਪਤਾਲ ਸੇਵਾ** - 26 ਜਨਵਰੀ ਨੂੰ ਪਰਮ ਪੂਜਯ ਸਤਿਕਾਰਯੋਗ ਬੀਜੀ ਨੇ 'ਸੰਤ ਵਰਿਆਮ ਸਿੰਘ ਮੈਮੋਰੀਅਲ ਹਸਪਤਾਲ' ਦਾ ਉਦਘਾਟਨ ਕੀਤਾ ਜਿਸ ਵਿੱਚ ਅੱਜ ਦੇ ਮਹਿੰਗੇ ਯੁੱਗ ਵਿੱਚ ਇਹ ਫ੍ਰੀ ਹਸਪਤਾਲ ਟਰੱਸਟ ਰਤਵਾੜਾ ਸਾਹਿਬ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਮਸ਼ੀਨਾ ਲੱਗ ਚੁਕੀਆਂ ਹਨ। ਸ਼ਰੀਰ ਦੇ ਸਾਰੇ ਲੈਬੋਰਟਰੀ ਟੈਸਟ ਫ੍ਰੀ ਚੈਕ



ਡਾ. ਹਰਬੰਸ ਸਿੰਘ ਜੀ (ਹੱਡੀਆਂ ਦੇ ਸਪੈਸ਼ਲਿਸ਼ਟ) ਰਤਵਾੜਾ ਸਾਹਿਬ ਹਸਪਤਾਲ ਵਿਖੇ ਸੇਵਾ ਨਿਭਾਉਂਦੇ ਹੋਏ।

ਕੀਤੇ ਜਾਂਦੇ ਹਨ। ਆਰਮੀ ਦੇ ਏਅਰ ਕਮਾਂਡਰ ਰਿਟਾਇਰਡ ਡਾਕਟਰ ਹਰ ਹਫਤੇ ਵਿੱਚ ਵੱਖ-ਵੱਖ ਇਥੇ ਪਹੁੰਚ ਕੇ ਮਰੀਜ਼ਾਂ



ਹਸਪਤਾਲ ਦ੍ਰਿਸ਼।

ਦੀ ਸੇਵਾ ਵਿੱਚ ਸਰਗਰਮ ਰਹਿ ਰਹੇ ਹਨ। ਲੱਖਾਂ ਰੁਪਏ ਦੀ ਦਵਾਈ ਟਰਸਟ ਵੱਲੋਂ ਹਸਪਤਾਲ ਚਲਾਉਣ ਲਈ ਹਰ ਮਹੀਨੇ ਫ੍ਰੀ ਦਿਤੀ ਜਾ ਰਹੀ ਹੈ। ਦੇਸ਼ਾਂ ਵਿਦੇਸ਼ਾਂ ਅੰਦਰ ਬੈਠੀਆਂ ਸੰਗਤਾਂ ਹਸਪਤਾਲ ਵਾਸਤੇ ਆਪਣੀ ਸੇਵਾ ਭੇਜ ਰਹੀਆਂ ਹਨ। ਰਤਵਾੜਾ ਸਾਹਿਬ ਹਸਪਤਾਲ ਵਿੱਚ ਸੇਵਾ ਨਿਭਾਉਣ ਵਾਲੇ ਡਾਕਟਰਾਂ ਦੀ ਸੁੱਚੀ ਹੇਟ ਲਿਖੇ ਅਨੁਸਾਰ ਹੈ।

**ਸਮਾਂ -: ਹਰ ਰੋਜ ਸਵੇਰੇ 9.00 ਤੋਂ 3.00 ਤੱਕ**

ਵੱਖ-ਵੱਖ ਰੋਗਾਂ ਦੇ ਮਾਹਰ ਡਾਕਟਰ ਹੇਠ ਲਿਖੇ ਅਨੁਸਾਰ ਮਰੀਜਾਂ ਦੀ ਚੈਕਅਪ ਕਰਨਗੇ :-

1. ਡਾ. ਵਰਿੰਦਰ ਸਿੰਘ ਏਅਰ ਕਮਾਂਡਰ (ਸ਼ੁੱਕਰਵਾਰ) (ਜਨਰਲ ਮੈਡੀਸਨ ਅਤੇ ਐਰੋ ਸਪੇਸ ਮੈਡੀਸਨ)
2. ਡਾ. ਤੇਜਿੰਦਰਪਾਲ ਸਿੰਘ ਏਅਰ ਕਮਾਂਡਰ (ਮੰਗਲਵਾਰ) (ਫਿਜੀਸ਼ਨ ਅਤੇ ਜਨਰਲ ਮੈਡੀਸਨ)
3. ਡਾ. ਕਰਨਲ ਐਨ ਕੇ ਭਾਟੀਆ (ਸ਼ਨੀਚਰਵਾਰ) (ਦਿਲ ਅਤੇ ਜਨਰਲ ਮੈਡੀਸਨ)
4. ਡਾ. ਪ੍ਰੋ. ਬਿਮਲਾ ਭਾਟੀਆ (ਸ਼ਨੀਵਾਰ) (ਫਿਜੀਕਲ ਥੈਰੇਪੀ ਅਤੇ ਔਰਤਾਂ ਦੀ ਬੀਮਾਰੀ ਦਾ ਇਲਾਜ)
5. ਡਾ. ਕਰਨਲ ਐਸ ਕੇ ਪਾਲ (ਸੋਮਵਾਰ) (ਮੈਡੀਸਨ ਅਤੇ ਬੱਚਿਆਂ ਦਾ ਇਲਾਜ)



**ਡਾ. ਤੇਜਿੰਦਰਪਾਲ ਸਿੰਘ ਏਅਰ ਕਮਾਂਡਰ ਰਤਵਾੜਾ ਸਾਹਿਬ ਹਸਪਤਾਲ ਵਿੱਚ ਸੇਵਾ ਨਿਭਾਉਂਦੇ ਹੋਏ।**

6. ਡਾ. ਕਰਨਲ ਜੇ ਲੂਥਰਾ (ਬੁੱਧਵਾਰ) (ਅੱਖਾਂ ਦਾ ਇਲਾਜ)
7. ਡਾ. ਹਰਬੰਸ ਸਿੰਘ (ਮੰਗਲਵਾਰ) (ਹੱਡੀਆਂ ਦਾ ਇਲਾਜ)
8. ਡਾ. ਜੇ ਐਸ ਗੁਜਰਾਲ (ਵੀਰਵਾਰ) (ਮੈਡੀਸਨ ਅਤੇ ਬੱਚਿਆਂ ਦਾ ਇਲਾਜ)
9. ਡਾ. ਸੰਤੋਸ਼ ਅਨੇਜਾ (ਵੀਰਵਾਰ)




ਡਾ. ਅਮਿਤ ਹਾਂਡਾ (ਡੈਂਟਟਿਸਟ) ਰਤਵਾੜਾ ਸਾਹਿਬ ਸੇਵਾ ਨਿਭਾਂਉਂਦੇ ਹੋਏ।

(ਜਨਰਲ ਮੈਡੀਸਨ)

10. ਡਾ. ਬਰਗੇਡੀਅਰ ਐਮ. ਐਲ ਕਟਾਰੀਆ (ਬੁੱਧਵਾਰ)

(ਮੈਡੀਸਨ, ਸਰਜਰੀ, ਅੱਖਾਂ ਦਾ ਇਲਾਜ ਰੇਡੀਔਲੋਜੀ)

11. ਡਾਕਟਰ ਸੇਠੀ (ਵੀਰਵਾਰ) (ਪਾਥੋਲੋਜੀ ਅਤੇ ਕੌਂਸਲਿੰਗ)

**ਹੇਠ ਲਿਖੇ ਫਰੀ ਲੈਬੋਰਟਰੀ ਟੈਸਟ ਮੌਜੂਦ ਹਨ -**

1. ਸ਼ੁਗਰ ਟੈਸਟ, 2. ਲੀਵਰ ਫੰਕਸ਼ਨ ਟੈਸਟ, 3. ਕਿਡਨੀ, 4. ਲਿਪਿਡ ਪਰੋ ਫਾਈਲ, 5. ਐਚ ਬੀ, 6. ਟੀ ਐਲ ਸੀ, ਡੀ ਐਲ ਸੀ, ਈ ਐਸ ਆਰ, 7. ਗਠੀਆ ਦਰਦ ਦੇ ਟੈਸਟ, 8. ਬਲੱਡ ਇਨਫੈਕਸ਼ਨ ਦੇ ਟੈਸਟ, 9. ਪਿਸ਼ਾਬ ਟੈਸਟ ਆਦਿ, 10. ਬਲੱਡ ਗਰੁੱਪ, 11. ਐਕਸ-ਰੇ, 12. ਈ ਸੀ ਜੀ, 13. ਦੰਦਾ ਦਾ ਚੈਕ ਅਪ, 14. ਅੱਖਾਂ ਦਾ ਚੈਕ ਅਪ, ਕੀਤੇ ਜਾ ਰਹੇ ਹਨ।

**ਫ੍ਰੀ ਅਯੁਰਵੈਦਿਕ ਦਵਾਈਆਂ ਦਾ ਵਿਤਰਣ :-**

ਜਨਵਰੀ 2008 ਤੋਂ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਹਰ ਸਾਲ ਚੜ੍ਹਦੀ ਪੂਰਨਮਾਸ਼ੀ ਨੂੰ ਸ਼ਾਮ ਦੇ 6.00 ਵਜੇ ਤੋਂ ਲੈ ਕੇ ਰਾਤ ਦੇ 1.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ ਕੀਰਤਨ ਹੁੰਦੇ ਹਨ। ਜਿਸ ਵਿੱਚ ਹਰ ਮਹੀਨੇ ਸੰਗਤਾ ਦੂਰੋਂ-ਦੂਰੋਂ ਪਹੁੰਚ ਕੇ ਰਤਵਾੜਾ ਸਾਹਿਬ ਨਤਮਸਤਕ ਹੋ ਰਹੀਆਂ ਹਨ। ਅੱਜ ਦੇ ਇਸ ਤੇਜ ਰਫਤਾਰ ਦੇ ਯੁੱਗ ਅੰਦਰ ਸ਼ਾਂਤੀ ਨਾਮ ਦੀ ਚੀਜ ਸੰਸਾਰ ਅੰਦਰ ਭਾਲਣੀ ਬਹੁਤ ਮੁਸ਼ਕਿਲ ਹੈ। ਹਰ ਪ੍ਰਾਣੀ ਨੂੰ ਕੋਈ ਨਾ ਕੋਈ ਚਿੰਤਾ ਖਾ ਰਹੀ ਹੈ। ਜਿ ਕਾਰਣ ਸਾਡੇ ਅੰਦਰ ਟੈਨਸ਼ਨ, ਹਾਈ ਬਲੱਡ ਪ੍ਰੈਸ਼ਰ, ਸ਼ੁਗਰ, ਹਾਰਟ ਅਟੈਕ, ਏਡਸ ਵਰਗੇ ਹੋਰ ਅਨੇਕਾਂ ਭਿਆਨਕ ਰੋਗ ਸਮਾਜ ਅੰਦਰ ਆਪਣਾ ਘਰ ਬਣਾ ਚੁੱਕੇ ਹਨ। ਇਸ ਜਲਦੇ ਬਲਦੇ ਸੰਸਾਰ ਅੰਦਰ ਇਕੋ ਇਕ ਆਸਰਾ ਸਤਿਸੰਗ ਦਾ ਹੈ ਜਿਸ ਵਿੱਚ ਉਦਮ ਕਰਕੇ ਪਹੁੰਚਣਾ ਪੈਂਦਾ ਹੈ। ਰਤਵਾੜਾ ਸਾਹਿਬ ਦੇਖਿਆ ਗਿਆ ਹੈ ਹਰ ਪੂਰਨਮਾਸ਼ੀ ਨੂੰ ਅਨੇਕਾਂ ਭਿਆਨਕ ਰੋਗ ਸ਼ਿਕਾਰ ਸੰਗਤਾਂ ਪਹੁੰਚਦੀਆਂ ਹਨ। ਅਸਥਾਨ ਤੇ ਨਾਮ ਬਾਣੀ ਦੀਆਂ ਤਰੰਗਾਂ ਬਹੁਤ ਮਜ਼ਬੂਤ ਹਨ। ਸੱਚਖੰਡਵਾਸੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਇਸ ਧਰਤੀ ਤੇ ਸਤਿਸੰਗ ਰੂਪੀ ਮਹਾਨ ਤੱਪ ਸਾਧਿਆ ਹੋਣ ਕਰਕੇ ਇਥੇ ਆਉਣ ਵਾਲੇ ਪ੍ਰੇਮੀ ਨੂੰ ਸ਼ਾਂਤੀ ਮਹਿਸੂਸ ਹੁੰਦੀ ਹੈ। ਹਰ ਚੜ੍ਹਦੀ ਪੂਰਨਮਾਸੀ ਦੀ ਰਾਤ ਨੂੰ ਸੰਗਤਾਂ ਇਸ ਮਹਾਨ ਪਵਿੱਤਰ ਵਾਤਾਵਰਣ ਦੇ ਅੰਦਰ ਨਾਮ-ਬਾਣੀ ਨਾਲ ਜੁੜਦੀਆਂ ਹਨ। ਅਖਰੀ ਵਿੱਚ ਸੰਤ ਬਾਬਾ



**ਰਤਵਾੜਾ ਸਾਹਿਬ ਪੂਰਨਮਾਸ਼ੀ ਦੀ ਰਾਤ ਨੂੰ ਸੰਤ ਬਾਬਾ ਹਰਪਾਲ ਸਿੰਘ ਜੀ ਸੰਗਤਾਂ ਨੂੰ ਮੰਤਰ ਚਕਿਤਸਾ ਦੁਆਰਾ ਅਭਿਆਸ ਕਰਵਾਉਂਦੇ ਹੋਏ।**

ਹਰਪਾਲ ਸਿੰਘ ਜੀ ਸੰਗਤਾਂ ਨੂੰ ਮਹਾਂਪੁਰਖਾਂ ਦੁਆਰਾ ਦਰਸਾਈ ਜੁਗਤ ਦੁਆਰਾ ਵਾਹਿਗੁਰੂ ਮੰਤਰ ਦੀ ਧੁੰਨ ਨਾਲ ਜੋੜਦੇ ਹਨ। ਅਰਦਾਸ ਹੁਕਮਨਾਮਾ ਸਮਾਪਤੀ ਉਪਰੰਤ ਆਯੁਰਵੈਦਿਕ ਅਦਭੁਤ ਦਰਗਾਹੀ ਖੀਰ ਦਾ ਪ੍ਰਸ਼ਾਦ ਸੰਗਤਾਂ ਨੂੰ ਮੂਲਮੰਤਰ ਦੇ ਜਾਪ ਕਰਾਉਣ ਉਪਰੰਤ ਵਰਤਾਇਆ ਜਾਂਦਾ ਹੈ। ਅਨੇਕਾ ਕੈਂਸਰ ਦੇ ਮਰੀਜ ਇਸ ਨੂੰ ਸ਼ਕ ਕੇ ਰਾਜੀ ਹੋ ਚੁਕੇ ਹਨ ਪਹੁੰਚੀਆਂ ਸੰਗਤਾ ਨੂੰ ਆਯੂਰਵੈਦਿਕ ਫ੍ਰੀ ਦਵਾਈਆਂ ਦਿਤੀਆਂ ਜਾਂਦੀਆਂ ਹਨ। ਹਰ ਪੂਰਨਮਾਸ਼ੀ ਨੂੰ ਅੰਮ੍ਰਿਤਸੰਚਾਰ ਸ਼ਾਮ 8.00 ਵਜੇ ਹੁੰਦੇ ਹਨ।

**ਨਿਰਮਲ ਡੇਰਾ ਹਿਰਦਾਪੁਰ ਖੇੜੀ :-**

ਹਨ ਜਿਸ ਵਿੱਚ ਬੈਠ ਕੇ ਮਹਾਂਪੁਰਖਾਂ ਨੇ ਵਾਹਿਗੁਰੂ ਜੀ ਨਾਲ ਇਕਮਿਕ ਰਹਿੰਦੇ। ਹੁਣ ਉਸ ਭੋਰਾ ਸਾਹਿਬ ਨੂੰ ਸੰਗਮਰ-ਮਰ ਦਾ ਪੱਥਰ ਲਗਾ ਕੇ ਪੱਕਾ ਕਰ ਦਿੱਤਾ ਗਿਆ ਹੈ। ਪਹਿਲਾ ਕੱਚਾ ਹੀ ਹੁੰਦਾ ਸੀ ਜਿਸ ਵਿੱਚ ਮਹਾਂਪੁਰਖਾਂ ਨੇ ਤੱਪਸਿਆ ਕੀਤੀ। ਆਪਣੇ ਸਮੇਂ ਵਿੱਚ ਮਹਾਂਪੁਰਖਾਂ ਨੇ ਇਹ ਖੂਹ ਪੁਟਵਾਇਆ ਜਿਸ ਵਿੱਚ 68 ਤੀਰਥਾਂ ਦਾ ਜਲ ਪਾਇਆ ਅੱਜ ਉਸ ਸਥਾਨ ਤੇ ਹਰ ਸ਼ੁਭ ਮਨੋਕਾਮਨਾ ਪੂਰੀ ਹੁੰਦੀ ਹੈ। ਦੁੱਧ ਪੁੱਤ ਦੀਆਂ ਦਾਤਾਂ ਪ੍ਰਾਪਤ ਹੁੰਦੀਆਂ ਹਨ। ਹਰ ਪੂਰਨਮਾਸ਼ੀ ਨੂੰ ਸ਼ਾਮ 7.00 ਵਜੇ ਤੋਂ ਲੈ ਕੇ ਰਾਤ 11.00 ਵਜੇ ਤੱਕ ਕੀਰਤਨ ਸੱਜਦੇ ਹਨ ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਪਹੁੰਚ ਕੇ ਆਪਣੇ ਸਮੇਂ ਅਤੇ ਸਵਾਸਾਂ ਨੂੰ ਸਫਲੇ ਬਣਾਉਂਦੀਆਂ ਹਨ। ਰਤਵਾੜਾ ਸਾਹਿਬ ਦੇ ਜੱਥੇ ਸੰਗਤਾਂ ਨੂੰ ਨਿਹਾਲ



ਰਤਵਾੜਾ ਸਾਹਿਬ ਤੋਂ 25 ਕਿ. ਮੀ. ਦੂਰੀ ਤੇ ਸਥਿਤ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਅੰਦਰ ਮਹਾਨ ਨਿਰਮਲ ਡੇਰਾ ਹਿਰਦਾਪੁਰ ਖੇੜੀ ਸਥਿਤ ਹੈ। ਇਸ ਅਸਥਾਨ ਤੇ ਸ਼੍ਰੀ ਮਾਨ ਸੰਤ ਬਾਬਾ ਖੁਦ-ਖੁਦਾ ਸਿੰਘ ਨੇ ਸਾਰੀ ਜਿੰਦਗੀ ਦਿਗੰਬਰ (ਨਿਰਵਸਤਰ) ਰਹਿ ਕੇ ਮਹਾਨ ਤੱਪ ਤਤਿਕਸ਼ਾ ਘਾਲਣਾ ਕੀਤੀ। 1993-94 ਵਿੱਚ ਇਸ ਅਸਥਾਨ ਦੀ ਸੇਵਾ ਇਲਾਕੇ ਦੀਆਂ ਪੰਚਾਇਤਾਂ ਵੱਲੋਂ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੂੰ ਸੌਂਪੀ ਗਈ। ਅੱਜ ਇਸ ਸਥਾਨ ਤੇ ਮਹਾਂਪੁਰਖਾਂ ਵੱਲੋਂ ਇਸ ਦੀ ਪਵਿਤਰਤਾ ਨੂੰ ਕਾਇਮ ਰੱਖਣ ਵਾਸਤੇ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਸਮੇਂ-ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਹੀ ਹੇਠ ਫਲਦਾਰ ਬੂਟੇ ਲਗਾਏ ਗਏ। ਦਿਵਾਨ ਹਾਲ ਬਣਾਇਆ ਗਿਆ ਹੈ। ਪਿੰਡ ਬਿੰਦਰਖ ਤੋਂ ਲੈ ਕੇ ਅਸਥਾਨ ਤੱਕ ਪੱਕੀ ਸੜ੍ਹਕ ਦਾ ਪ੍ਰਬੰਧ ਕੀਤਾ ਗਿਆ ਹੈ। ਤਾਂ ਜੋ ਇਸ ਅਸਥਾਨ ਦੀ ਪਵਿਤਰਤਾ ਕਾਇਮ ਰਹੇ। ਮਹਾਨ ਸ਼ਕਤੀ ਵਾਲਾ ਸਥਾਨ, ਜਿਸ ਵਿੱਚ ਸੰਤ ਬਾਬਾ ਖੁਦਾ ਸਿੰਘ ਦੀਆਂ ਨਿਸ਼ਾਨੀਆਂ ਕਾਇਮ ਹਨ। ਭੋਰਾ ਸਾਹਿਬ ਸਥਾਪਿਤ

ਕਰਦੇ ਹਨ। ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ, ਰਿਹਾਇਸ਼ ਦਾ ਪੂਰਾ ਪ੍ਰਬੰਧ ਹੈ।

## ਬਿਰਧ ਆਸ਼ਰਮ :-

'ਸੰਤ ਵਰਿਆਮ ਸਿੰਘ ਅਕਾਲ ਬਿਰਧ ਆਸ਼ਰਮ ਵਿੱਚ ਅਨੇਕਾਂ ਬਜੁਰਗ ਆਪਣੀ ਜਿੰਦਗੀ ਦਾ ਆਖਰੀ ਸਮਾਂ ਬਤੀਤ ਕਰ ਰਹੇ ਹਨ। ਜਿਨ੍ਹਾਂ ਦੀ ਸੇਵਾ ਸੰਭਾਲ ਟਰਸਟ ਰਤਵਾੜਾ ਸਾਹਿਬ ਕਰ ਰਿਹਾ ਹੈ। ਬਜੁਰਗਾਂ ਦੀ ਦੇਖਭਾਲ ਵਾਸਤੇ ਨਰਸਾਂ ਰੱਖੀਆਂ ਹੋਈਆਂ ਹਨ। ਉਹਨਾਂ ਨੂੰ ਖੁਲ੍ਹਾ ਟਹਿਲਣ ਵਾਸਤੇ ਪਾਰਕ ਬਣਾਏ ਗਏ ਹਨ। ਖੁਲ੍ਹੇ ਹਵਾਦਾਰ ਕਮਰੇ ਹਨ ਅਤੇ ਅਟੈਚ ਬਾਥਰੂਮ ਅਤੇ ਸਫਾਈ ਦਾ ਪੂਰਾ ਪ੍ਰਬੰਧ ਰੱਖਿਆ ਗਿਆ ਹੈ। 24 ਘੰਟੇ ਬਿਜਲੀ ਦਾ ਪੂਰਾ ਪ੍ਰਬੰਧ ਹੈ। ਨਾਲ ਐਂਬੂਲੈਂਸ ਦਾ ਪ੍ਰਬੰਧ ਕੀਤਾ ਗਿਆ ਹੈ। ਪਰਮ ਪੂਜਯ ਸਤਿਕਾਰਯੋਗ ਬੀਜੀ ਸਮੇਂ-ਸਮੇਂ ਪਹੁੰਚ ਕੇ ਆਪਣਾ ਅਸ਼ੀਰਵਾਦ ਬਖਸ਼ਿਸ਼ ਕਰਦੇ ਹਨ।

(ਪੰਨਾ 28 ਦਾ ਬਾਕੀ)

ਅੰਮ੍ਰਿਤ ਨਾਮ ਨਾਲ ਭਰ ਗਿਆ -

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*

*ਅੰਗ - ੧੨੯੧*

ਜਿੱਥੋਂ ਅਸੀਂ ਆਏ ਸੀ, ਜਿਹਦੇ ਨਾਲੋਂ ਵਿਛੜੇ ਸੀ ਉਹਦੇ 'ਚ ਸਮਾਅ ਜਾਵਾਂਗੇ ਤੇ ਜਿਹੜੇ ਇਹਦੇ ਵਿੱਚ -

*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥*

*ਅੰਗ - ੧੨੯੧*

ਨਿਜ ਘਰ ਜਿਹੜਾ ਸਾਡਾ ਹੈ, ਜਿੱਥੇ ਜਾ ਕੇ ਅਸੀਂ ਅਸਲੀ ਰਹਿਣਾ ਹੈ, ਘਰ ਨੂੰ ਭੁੱਲੇ ਹੋਏ ਕਰੋੜਾਂ-ਅਰਬਾਂ-ਖਰਬਾਂ ਸਾਲਾਂ ਦੇ ਭਟਕਦੇ ਫਿਰਦੇ ਹਾਂ ਉਹਦੇ ਵਿੱਚ ਸਾਡਾ ਵਾਸਾ ਹੋ ਜਾਂਦਾ ਹੈ। ਮਹਾਰਾਜ ਕਹਿੰਦੇ -

*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥*

*ਅੰਗ - ੧੨੯੧*

ਲੇਕਿਨ ਸ਼ਬਦ ਦੀ ਖੋਜ ਕਰਨੀ ਪੈਂਦੀ ਹੈ। ਸ਼ਬਦ ਦੀ ਖੋਜ ਕਰਕੇ ਫੇਰ ਇਹਦੇ ਵਿੱਚ ਇਹ ਪ੍ਰਾਪਤੀ ਹੁੰਦੀ ਹੈ। ਮਹਾਰਾਜ ਕਹਿੰਦੇ ਮੈਂ ਉਹਦਾ ਦਾਸ ਹਾਂ ਜਿਹੜਾ ਸ਼ਬਦ ਦੀ ਖੋਜ ਕਰ ਲਏ। ਸੋ ਮਹਾਰਾਜ ਕਹਿੰਦੇ ਇਹ ਗੱਲ ਨੂੰ ਪਛਾਣੋ ਤੁਸੀਂ, ਕਿਹੜਿਆਂ ਚੱਕਰਾਂ 'ਚ ਪੈ ਗਏ। ਤੀਰਥਾਂ 'ਤੇ ਨਾਹੁੰਣ 'ਚ, ਸੁੱਚ, ਸੱਚ; ਤੁਸੀਂ ਪਤਾ ਨਹੀਂ ਕਿੰਨਾ ਕੁ ਚੰਮੇੜ ਲਿਆ ਆਪਣੇ ਆਪ ਨੂੰ। ਸਮਾਂ ਸੀ ਪ੍ਰਮੇਸ਼ਰ ਦੇ ਨਾਲ ਜਪਣ ਦਾ। ਗੁਰੂ ਤੋਂ ਗਿਆਨ ਹਾਸਲ ਕਰਨ ਦਾ, ਗੁਰੂ ਦੇ ਬਚਨ ਨੂੰ ਕਮਾਉਣ ਦਾ, ਇਹ ਬਜਰ ਕਪਾਟ ਨਹੀਂ ਪਿਆਰਿਓ ਖੁੱਲ੍ਹਣੇ ਜਦੋਂ ਤੱਕ ਚਾਬੀ ਨਹੀਂ ਮਿਲਦੀ -

*ਧਾਰਨਾ - ਨਹੀਓਂ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,*
*ਕੁੰਜੀ ਹੱਥ ਸਤਿਗੁਰ ਦੇ।*

*ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥*

*ਅੰਗ - ੧੨੪*

ਜਦੋਂ ਤੱਕ ਆਤਮ ਵਸਤੂ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ, ਜੰਮਣ ਮਰਨਾ ਨਹੀਂ ਖਤਮ ਹੋਇਆ ਕਰਦਾ। ਹੁਣ ਕੁੰਜੀ ਹੈਗੀ ਪੂਰੇ ਸਤਿਗੁਰੂ ਕੋਲ। ਜਦੋਂ ਤੱਕ ਪੂਰੇ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ, ਚਾਬੀ ਨਹੀਂ ਮਿਲਦੀ। ਚਾਬੀ ਨਹੀਂ ਮਿਲਦੀ ਤਾਂ ਤਾਲਾ ਨਹੀਂ ਖੁਲ੍ਹਦਾ ਤੇ ਹਨ੍ਹੇਰੇ ਵਿੱਚ ਹੀ ਇਹ ਜੰਮਦਾ ਹੈ ਤੇ ਹਨ੍ਹੇਰੇ ਵਿੱਚ ਹੀ ਮਰ ਜਾਂਦਾ ਹੈ, ਖਰਬਾਂ-ਖਰਬਾਂ ਸਾਲ ਹੋ ਗਏ। ਮਹਾਰਾਜ ਕਹਿੰਦੇ, ਰੱਬ ਨੂੰ ਟੋਲ੍ਹਦਾ ਫਿਰਦਾ ਹੈ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ਰਹਾਉ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥*

*ਅੰਗ - ੬੮੪*

ਜਿਵੇਂ ਫੁੱਲ 'ਚ ਵਾਸ਼ਨਾ ਹੈ, ਐਸ ਤਰ੍ਹਾਂ ਤੇਰੇ ਅੰਦਰ ਵਾਹਿਗੁਰੂ ਹੈ -

*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ*

*ਅੰਗ - ੬੮੪*

ਖੋਜ ਕਰੋ, ਸਿੱਖੋ ਕਿ ਕਿਵੇਂ ਖੋਜ ਕਰੀਦੀ ਹੈ। ਪੰਜ ਵੱਡੇ-ਵੱਡੇ ਸਮਝ ਲਓ ਕਿ ਹਨ੍ਹੇਰੇ ਦੇ ਮੰਡਲ ਨੇ ਜਿਨ੍ਹਾਂ ਨੇ ਆਤਮ ਜੋਤ ਨੂੰ ਅੰਦਰ ਢਕਿਆ ਪਿਆ ਹੈ। ਪਹਿਲਾਂ ਤਾਂ ਇਹਦੇ ਅੰਦਰ ਮੈਂ ਜਦੋਂ ਇਹਨੇ ਆਪ ਨੂੰ ਗਿਣਿਆ, ਪ੍ਰਾਕ੍ਰਿਤੀ ਦੇ ਨਾਲ ਜੋਤ ਦਾ ਸੰਪਰਕ ਹੋਇਆ ਉਸ ਵੇਲੇ ਇਹਦੇ ਅੰਦਰ ਜਾਗ੍ਰਤ ਆਈ, ਜਾਗ੍ਰਤ ਆਉਂਦੇ ਸਾਰ ਇਹਦੇ ਦੁਆਲੇ ਮਾਇਆ ਦਾ ਘੇਰ ਪੈ ਗਿਆ। ਜਿਵੇਂ ਗਲੋਬ ਦੇ ਉਤੇ ਕਾਗਜ਼ ਚਾੜ੍ਹ ਦੇਈਏ। ਲਾਈਟ ਜਲਦੀ ਹੈ ਤੇ ਉਪਰ ਗਲੋਬ ਦੇ ਉਪਰ ਗਾੜ੍ਹੇ ਰੰਗ ਦੇ ਕਾਗਜ਼ ਚਾੜ੍ਹ ਦੇਈਏ ਐਸ ਤਰ੍ਹਾਂ ਮਾਇਆ ਦਾ ਗਲੋਬ ਸਾਡੇ ਉਤੇ ਆ ਗਿਆ। ਦੋ ਕਿਸਮ ਦੀ ਮਾਇਆ ਆ ਗਈ, ਇੱਕ ਤਾਂ ਮਾਇਆ ਆ ਗਈ ਸ਼ੁੱਧ। ਜਿਹੜੀ ਸਤੋ ਗੁਣ ਦੇ ਵਿੱਚੋਂ ਪੈਦਾ ਹੋਈ ਸੀ, ਦੂਸਰੀ ਮਾਇਆ ਆ ਗਈ, ਤਮੋ ਗੁਣ ਤੇ ਸਤੋ ਗੁਣ ਦੇ ਮਿਲਾਪ ਦੇ ਨਾਲ, ਉਹਨੂੰ ਅਵਿਦਿਆ ਕਹਿੰਦੇ ਨੇ, ਭੁੱਲ, ਅਗਿਆਨ ਕਹਿੰਦੇ ਨੇ। ਇਹ ਦੋ ਸਰਕਲ ਇੱਕ ਦਮ ਚੜ੍ਹ ਗਏ। ਜੋਤ ਦੇ ਉਤੇ ਹਨ੍ਹੇਰਾ ਛਾ ਗਿਆ ਤੇ ਅੱਡ ਹੋ ਗਈ ਉਹ। ਅੱਡ ਹੋਣ ਦੇ ਨਾਲ ਆਪਣਾ ਆਪ ਉਹਨੂੰ ਮਹਿਸੂਸ ਹੋਇਆ, ਉਸ ਤੋਂ ਬਾਅਦ ਅੰਦਰ ਸ਼ਕਤੀ ਗਿਆਨ ਦੀ ਆ ਗਈ, ਆਪਣੀ ਹੋਂਦ ਦਾ ਪਤਾ ਲੱਗ ਗਿਆ ਕਿ ਮੈਂ ਹਾਂ। ਉਹ ਮੈਂ ਆਇਆ ਤੇ ਇਹਦੇ ਉਤੇ ਵਿਗਿਆਨ ਦਾ ਪੜਦਾ ਪੈ ਗਿਆ। ਪਹਿਲਾਂ ਅਨੰਦ ਦਾ ਪਿਆ, ਦੂਜਾ ਵਿਗਿਆਨ ਦਾ ਪੈ ਗਿਆ। ਇਹ ਵਿਗਿਆਨ ਦਾ, ਬੁੱਧੀ ਦਾ ਪੜਦਾ ਪੈਣ ਦੇ ਨਾਲ ਫੇਰ ਇਹਦੇ ਅੰਦਰ ਹਰਕਤ ਹੋਈ ਮਨ ਦੀ ਕਿ ਮੈਂ ਕੁਛ ਕਰਾਂ, ਔਹ ਕਰਾਂ, ਆਹ ਕਰਾਂ। ਉਹ ਮਨ ਦਾ ਪੜਦਾ ਪੈ ਗਿਆ, ਸਰੀਰ ਬਦਲ ਗਿਆ, ਪਹਿਲਾ ਸਰੀਰ ਕਾਰਨ ਸੀ, ਜਦੋਂ ਇਹ ਪੜਦਾ ਸ਼ੁਰੂ ਹੋਇਆ ਉਸ ਵੇਲੇ ਸੂਖਸ਼ਮ ਸਰੀਰ ਹੋ ਗਿਆ। ਉਸ ਤੋਂ ਬਾਅਦ ਸ਼ਕਤੀ ਆਈ, ਹਿੱਲਣ-ਜੁੱਲਣ ਦੀ ਸ਼ਕਤੀ ਆਈ ਤੇ ਉਹਦੇ ਨਾਲ ਪ੍ਰਾਣਾਂ ਦਾ ਪੜਦਾ ਪੈ ਗਿਆ, Vital forces ਦਾ। ਇਹ ਸੂਖਸ਼ਮ ਸਰੀਰ ਬਣ ਗਿਆ ਇਨ੍ਹਾਂ ਦੇ ਨਾਲ। ਤਿੰਨ ਪੜਦੇ ਸੂਖਸ਼ਮ ਸਰੀਰ 'ਚ ਇੱਕ ਕਾਰਨ ਸਰੀਰ 'ਚ। ਫੇਰ ਆਹ ਜਿਹੜੀ ਦੇਹ ਹੈ ਪੰਜਾਂ ਤੱਤਾਂ ਦੀ, ਇਹ ਮਿਲ ਗਈ ਸਾਨੂੰ ਇਹ ਐਸ ਤਰ੍ਹਾਂ ਸਮਝ ਲਓ ਕਿ ਅੰਨ੍ਹ ਦਾ ਪੜਦਾ ਪੈ ਗਿਆ। ਹੁਣ ਪੰਜ ਪੜਦੇ ਪੈ ਗਏ। ਉਨ੍ਹਾਂ ਦੇ ਨਾਉਂ ਸਿਆਣੇ ਬੰਦਿਆਂ ਨੇ ਅੰਨਮਯ ਕੋਸ਼, ਪ੍ਰਾਣਮਯ ਕੋਸ਼, ਵਿਗਿਆਨਮਯ ਤੇ ਅਨੰਦਮਯ ਕੋਸ਼; ਪੰਜ ਕੋਸ਼ ਕਹਿੰਦੇ ਨੇ ਢੱਕਣ ਦੇ ਦਿੱਤੇ ਗਏ। ਅਖੀਰ ਦੇ ਉਤੇ ਆ ਕੇ ਤਾਂ ਐਸ ਤਰ੍ਹਾਂ ਸਮਝ ਲਓ ਕਿ ਲੋਹੇ ਦਾ ਕੜਾਹਾ ਮੂਧਾ ਮਾਰ ਦਿੱਤਾ। ਹੁਣ ਜੋਤ ਨਜ਼ਰ ਨਹੀਂ ਆਉਂਦੀ, ਪਰ ਹੈਗੀ ਵਿੱਚ। ਹਨ੍ਹੇਰਾ ਛਾ ਗਿਆ ਜੋਤ ਖਤਮ ਹੋਣ ਨਾਲ। ਸੋ ਕਹਿੰਦੇ ਇਹ ਸ਼ਬਦ ਜਿੰਨਾਂ ਚਿਰ ਸ਼ਬਦ ਨਹੀਂ ਹੁੰਦਾ, ਜਦੋਂ ਤੱਕ ਸ਼ਬਦ ਤੱਕ ਨਹੀਂ ਅਸੀਂ ਪਹੁੰਚਦੇ ਹਨ੍ਹੇਰਾ ਰਹਿੰਦਾ ਹੈ। ਸਾਨੂੰ ਆਤਮ ਵਸਤੂ ਦੀ ਸੋਝੀ ਨਹੀਂ ਆਉਂਦੀ। ਮਹਾਰਾਜ ਕਹਿੰਦੇ ਤੇਰੇ ਅੰਦਰ ਵਸ ਰਿਹਾ ਹੈ ਵਾਹਿਗੁਰੂ, ਤੈਨੂੰ ਨਹੀਂ ਵਿਸ਼ਵਾਸ਼ ਹੈ ਕਿ ਮੇਰੇ ਅੰਦਰ ਵਸਦਾ ਹੈ। ਜੇ ਅੰਦਰ ਵਸਦੇ ਦਾ ਵਿਸ਼ਵਾਸ਼ ਹੋਵੇ ਤਾਂ ਘਬਰਾਹਟ ਕਿਹੜੀ ਗੱਲ ਦੀ। ਜਦੋਂ ਸਾਰਿਆਂ ਨਾਲੋਂ ਵੱਡਾ ਸ਼ਕਤੀਸ਼ਾਲ ਸਾਡੇ ਅੰਦਰ ਵਸਦਾ ਹੈ, ਫੇਰ ਕੀਹਦੇ ਉਤੇ ਗੁੱਸਾ, ਕੀਹਦੇ ਉੱਤੇ ਕ੍ਰੋਧ, ਕੀਹਦੇ ਨਾਲ ਵੈਰ, ਕੀਹਦੇ ਨਾਲ ਦੁਜਾਇਗੀ। ਫੇਰ ਤਾਂ ਉਹ ਸਾਰਿਆਂ ਦੇ ਅੰਦਰ ਦਿਸਦਾ ਹੈ -

*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥*

*ਅੰਗ - ੬੮੪*

ਗੁਰੂ ਨੇ ਦਸ ਦਿੱਤਾ ਕਿ ਅੰਦਰ ਵੀ ਬਾਹਰ ਵੀ, ਇੱਕੋ ਹੀ ਹੈ ਜੋਤ।

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*

*ਅੰਗ - ੬੮੪*

ਪਰ ਆਪਾ ਚੀਨਣਾ ਪੈਂਦਾ ਹੈ, ਚਾਬੀ ਲੈਣੀ ਪੈਂਦੀ ਹੈ ਗੁਰੂ ਤੋਂ, ਆਪਾ ਚੀਨਣ ਦੀ ਤਾਂ ਜਾ ਕੇ ਮਿਲਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਕਿ ਤੁਸੀਂ ਜਦੋਂ ਤੱਕ ਗੁਰੂ ਨਹੀਂ ਮੰਨਦੇ ਕਿਸੇ ਨੂੰ ਓਨਾਂ ਚਿਰ ਰੋਸ਼ਨੀ ਨਹੀਂ ਆਇਆ ਕਰਦੀ।

ਸਾਰਾ ਜਿੰਨਾਂ ਮੇਲਾ ਸੀ Pin drop silence ਹੋਈ ਹੋਈ ਹੈ। ਕੋਈ ਬੰਦਾ ਸਾਹ ਵੀ ਨਹੀਂ ਲੈਂਦਾ ਕਿ ਕਿਤੇ ਬਚਨ ਨਾ ਗੁਰੂ ਨਾਨਕ ਦਾ ਲੰਘ ਜਾਏ। ਨਾਹੁੰਣਾ ਬੰਦ ਹੋ ਗਿਆ, ਪੌਣ ਸੁੰਨੇ ਪਏ ਨੇ, ਗੁਰੂ ਨਾਨਕ ਸਾਹਿਬ ਦੇ ਦੁਆਲੇ ਹਜ਼ਾਰਾਂ ਬੰਦਿਆਂ ਦੀ ਭੀੜ ਲੱਗੀ ਹੋਈ ਹੈ। ਬਚਨ ਸੁਣ ਰਹੇ ਨੇ ਪੂਰੇ ਧਿਆਨ ਦੇ ਨਾਲ। ਉਸ ਵੇਲੇ ਉੱਠ ਕੇ ਬੰਦੇ ਖੜ੍ਹੇ ਹੋ ਗਏ ਕਹਿਣ ਲੱਗੇ, ਪਾਤਸ਼ਾਹ! ਸਾਨੂੰ ਆਪਣੀ ਸਿੱਖੀ 'ਚ ਲੈ ਲੈ। ਅਸੀਂ ਸਿੱਖੀ ਧਾਰਨ ਕਰਨੀ ਹੈ, ਕ੍ਰਿਪਾ ਕਰ, ਸਾਡੇ ਉਤੇ ਰਹਿਮ ਕਰ। ਅਸੀਂ ਤਾਂ ਅੰਨ੍ਹੇ ਹੋਏ ਜਾਂਦੇ ਸੀ, ਭਰਮਾਂ 'ਚ ਪਏ ਹੋਏ। ਬੜੇ ਸਾਡੇ ਵਿੱਚ ਜਾਤਾਂ-ਪਾਤਾਂ ਦੇ ਭਰਮ, ਤੀਰਥਾਂ ਦੇ ਭਰਮ ਸੁੱਚ-ਜੂਠ ਦੇ ਭਰਮ, ਅਸੀਂ ਤਾਂ ਭਰਮਾਂ ਨੇ ਹੀ ਘੇਰ ਲਏ ਸੀ। ਮਹਾਰਾਜ ਕਹਿੰਦੇ, ਭਰਮ ਤਾਂ ਪੰਜ ਪਏ ਹੋਏ ਨੇ ਬੰਦੇ ਨੂੰ। ਬਾਕੀ ਭਰਮਾਂ ਨੂੰ ਤਾਂ ਛੱਡੋ, ਜਿਹੜੇ ਸੋਝੀਵਾਨ ਨੇ ਉਨ੍ਹਾਂ ਨੂੰ ਪੰਜ ਭਰਮ ਜਿਹੜੇ ਨੇ ਉਹ ਦੁੱਖ ਦੇ ਰਹੇ ਨੇ। ਭੇਦ ਭਰਮ ਹੈ, ਸੰਗ ਭਰਮ ਹੈ ਕਰਤੱਤ੍ਰ ਭਰਮ, ਵਿਕਾਰ ਭਰਮ ਹੈ, ਵਾਹਿਗੁਰੂ ਹੋਰ ਤੇ ਸੰਸਾਰ ਹੋਰ ਇਹ ਭਰਮ ਪਿਆ ਹੋਇਆ ਹੈ ਜ਼ਬਰਦਸਤ। ਇਹ ਜਦੋਂ ਭਰਮ ਨਹੀਂ ਦੂਰ ਹੁੰਦੇ -

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*

*ਅੰਗ - ੬੮੪*

ਜਿੰਨਾਂ ਚਿਰ ਭਰਮ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ, ਵਾਹਿਗੁਰੂ ਨਹੀਂ ਦਿਸਦਾ, ਅੰਦਰ ਰਹਿੰਦਾ ਹੈ, ਕੋਲ ਰਹਿੰਦਾ ਹੈ -

*ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥*

*ਅੰਗ - ੮੭੭*

ਆਸਾ ਤੇ ਅੰਦੇਸਾ ਦੇ ਦਰਵਾਜ਼ੇ ਲੱਗੇ ਹੋਏ ਨੇ -

*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥* *ਅੰਗ - ੮੭੭*

ਇਹਦੇ ਵਿੱਚ ਪੁਰਖ ਵਸਦਾ ਹੈ, ਬਾਹਰ ਵੀ ਵਾਹਿਗੁਰੂ ਵਸਦਾ ਹੈ। ਸੋ ਉਸ ਵੇਲੇ ਗੁਰੂ ਨਾਨਕ ਨੇ ਕ੍ਰਿਪਾ ਕੀਤੀ। ਸਾਰਿਆਂ ਨੂੰ ਨਾਮ ਧਰੀਕ ਸਿੱਖੀ ਦਾ ਦਾਨ ਦਿੱਤਾ ਤੇ ਨਾਲ ਦੱਸਿਆ ਕਿ ਦੇਖੋ ਪਿਆਰਿਓ! ਕਹੋ ਸਾਰੇ ਵਾਹਿਗੁਰੂ। ਸਾਰਿਆਂ ਤੋਂ ਵਾਹਿਗੁਰੂ ਕਹਾਇਆ। ਕਹਿੰਦੇ ਇਹ ਵਾਹਿਗੁਰੂ ਹੈ, ਵਿਸ਼ਵਾਸ਼ 'ਚ ਆਓ ਕਿ ਤੁਹਾਡੇ ਅੰਦਰ ਬਾਹਰ ਇੱਕੋ ਹੀ ਜੋਤ ਹੈ। ਵਾਹਿਗੁਰੂ ਜਦੋਂ ਕਹਿਣਾ ਹੈ ਉਹਦੇ ਉਤੇ ਧਿਆਨ ਰੱਖਣਾ ਹੈ, ਸ਼ੇਰ ਵਾਲੀ ਦ੍ਰਿਸ਼ਟੀ ਰੱਖਣੀ ਹੈ, ਕੁੱਤੇ ਵਾਲੀ ਨਹੀਂ ਰੱਖਣੀ। ਕੁੱਤਾ ਦ੍ਰਿਸ਼ਟੀ 0bject ਨੂੰ ਦੇਖਦੀ ਹੈ, ਸ਼ੇਰ ਦ੍ਰਿਸ਼ਟੀ ਅਖੀਰ ਨੂੰ ਦੇਖਦੀ ਹੈ। ਗੋਲੀ ਚਲਦੀ ਹੈ ਦਰਖਤ ਤੋਂ ਸ਼ੇਰ ਉਥੇ ਦੇਖਦਾ ਹੈ, ਹੇਠਾਂ ਨਹੀਂ ਦੇਖਦਾ। ਕੋਈ ਤੀਰ ਮਾਰਦਾ ਹੈ, ਬਰਛਾ ਮਾਰਦਾ ਹੈ ਵਗਾਹ ਕੇ, ਬਰਛੇ ਵਲ ਨੂੰ ਸ਼ੇਰ ਨਹੀਂ ਜਾਂਦਾ, ਮਾਰਨ ਵੱਲ ਨੂੰ ਜਾਂਦਾ ਹੈ। ਕੁੱਤਾ ਜਿਹੜਾ ਹੈ ਇਹਨੂੰ ਇੱਟ ਮਾਰੋ ਇਹ ਨੱਠ ਕੇ ਜਾ ਕੇ ਇੱਟ ਨੂੰ ਪਏਗਾ। ਡੰਡਾ ਸੁੱਟ ਦਿਓ, ਜਾ ਕੇ ਡੰਡੇ ਨੂੰ ਜਾ ਕੇ ਚੱਕ ਮਾਰੇਗਾ। ਜਿਹੜਾ ਸੰਸਾਰ ਦਿਸਦਾ ਹੈ ਇਹ ਦਿਸਦੇ ਦੇ ਉਤੇ ਦ੍ਰਿਸ਼ਟੀ ਲਿਆਉਣੀ ਇਹ ਕੁੱਤਾ ਦ੍ਰਿਸ਼ਟੀ ਹੋਇਆ ਕਰਦੀ ਹੈ। ਇਹਦੇ ਪਿੱਛੇ ਜਿਹੜਾ ਵਾਹਿਗੁਰੂ ਜੀ ਹੈ ਸਾਰੇ ਕੰਮ ਕਰਦਾ ਹੈ ਪੜਦੇ ਦੇ ਓਹਲੇ, ਤ੍ਰਿਗੁਣੀ ਮਾਇਆ ਦਾ ਓਹਲਾ ਪਾ ਕੇ, ਪਿੱਛੇ ਪਰਮ ਜੋਤ ਜਗ ਰਹੀ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਕਹਿੰਦੇ ਜਿਹੜਾ ਉਹਦੇ ਉਤੇ ਧਿਆਨ ਰੱਖ ਕੇ ਵਾਹਿਗੁਰੂ ਕਹਿੰਦਾ ਹੈ ਉਹ ਸਿੱਧਾ ਹੀ ਗੁਲਜ਼ਰੀ 'ਚ ਮਾਰਦਾ ਹੈ ਗੋਲੀ। ਕਾਰੋਬਾਰ ਕਰੋ, ਕੰਮ ਨਹੀਂ ਛੱਡਣੇ, ਬੱਚਿਆਂ ਨੂੰ ਸੰਭਾਲੋ, ਪਿਆਰ ਕਰੋ, ਇਨ੍ਹਾਂ ਨੂੰ ਮਾਇਆ ਨਹੀਂ ਕਹਿਣਾ, ਮਿਥਿਆ ਨਹੀਂ ਕਹਿਣਾ। ਇਹ ਵਾਹਿਗੁਰੂ ਨੇ ਤੁਹਾਨੂੰ ਦਿੱਤੇ ਨੇ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰੋ। ਇਨ੍ਹਾਂ ਨੂੰ ਸੋਹਣੇ ਸ਼ਹਿਰੀ ਬਣਾਓ। ਸੁੱਖ ਦੇਣ ਵਾਲੇ ਬਣਾਓ, ਗਿਆਨਵਾਨ ਬਣਾਓ, ਸਮਾਜ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰੋ। ਖੇਤੀ ਕਰਨ ਵਾਲਾ ਪੂਰੀ ਤਰ੍ਹਾਂ ਖੇਤੀ ਕਰੇ, ਵਪਾਰ ਕਰਨ ਵਾਲਾ ਸੁੱਚਾ ਵਪਾਰ ਕਰੇ, ਨੌਕਰੀ ਕਰਨ ਵਾਲਾ ਸੁੱਚਾ ਵਪਾਰ ਕਰੇ। ਨੌਕਰੀ ਕਰਨ ਵਾਲਾ ਪੂਰੀ ਤਰ੍ਹਾਂ ਦੇ ਨਾਲ ਡਿਊਟੀ ਦੇਵੇ ਤੇ ਜਾਂਚ ਸਿੱਖੋ ਕਿ ਭਜਨ ਕਿਵੇਂ ਹੁੰਦਾ ਹੈ। ਪਹਿਲਾਂ ਡਿਊਟੀ ਕਰੋ, ਆਪਣਾ ਕਰਮ ਕਰੋ। ਕਰਮ ਕਰਦੇ ਹੋਏ, ਨਿਗ੍ਹਾ ਪ੍ਰਮੇਸ਼ਰ 'ਤੇ ਰੱਖੋ ਤੇ ਰਸਨਾ ਦੇ ਨਾਲ ਕਹਿੰਦੇ ਕਹੋ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ -

*ਬਾਰੰਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥* *ਅੰਗ - ੨੮੬*

ਰਸਨਾ ਥੱਕ ਗਈ, ਸਵਾਸ ਨਾਲ ਜਪੋ, ਮਨ ਦੇ ਨਾਲ ਜਪੋ, ਆਗਿਆ ਚੱਕਰ 'ਚ ਜਪੋ, ਤ੍ਰਿਕੁਟੀ 'ਚ ਜਪੋ, ਸਿੱਖ ਲਓ ਜੁਗਤ ਕਿ ਕਿਵੇਂ ਜਪੀਦਾ ਹੈ ਸਵਾਸ ਦੇ ਨਾਲ। ਨਿਗ੍ਹਾ ਰੱਖੋ ਉਸ 'ਤੇ, ਤੇ ਕੰਮ ਕਰੋ ਸਾਰੇ। ਕੰਮ ਤੋਂ ਪਿੱਠ ਨਹੀਂ ਮੋੜਨੀ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਚਿੱਤ ਹਰੀ ਦੇ ਨਾਲ ਨਾਲ ਲਾਈਏ,*
*ਹੱਥੀਂ ਪੈਰੀਂ ਕੰਮ ਕਰੀਏ।*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*

*ਅੰਗ - ੧੩੭੬*

ਦੁਨੀਆਂ ਛੱਡ ਕੇ ਨਹੀਂ ਨੱਠ ਜਾਣਾ, ਦੁਨੀਆਂ ਦੇ ਵਿੱਚ ਰਹਿਣਾ ਹੈ, ਦੁਨੀਆਂ ਦੇ ਵਿੱਚ ਰਹਿ ਕੇ ਮਾਣ ਅਪਮਾਨ ਦੀਆਂ ਲਹਿਰਾਂ ਨੂੰ ਸਹਿ ਕੇ ਜਿਵੇਂ ਪਹਿਲਵਾਨ ਭਲਵਾਨ ਤਕੜਾ ਹੁੰਦਾ ਹੈ। ਕਦੇ ਢਹਿ ਜਾਂਦਾ ਹੈ, ਕਦੇ ਢਹਿ ਜਾਂਦਾ ਹੈ, ਐਸ ਤਰ੍ਹਾਂ ਦੁਨੀਆਂ ਦੇ ਅੰਦਰ ਇਨ੍ਹਾਂ ਲਹਿਰਾਂ ਨੂੰ, ਦੁੱਖ ਨੂੰ, ਸੁੱਖ ਨੂੰ, ਮਿਲਾਪ ਨੂੰ, ਵਿਛੋੜੇ ਨੂੰ, ਮਾਣ ਨੂੰ, ਅਪਮਾਨ ਨੂੰ, ਆਦਰ ਨੂੰ, ਨਿਰਾਦਰ ਨੂੰ, ਸਭ ਨੂੰ ਇੱਕ ਕਰਕੇ ਵੈਰੀ ਮਿੱਤਰ ਨੂੰ ਇੱਕ ਜੋਤ ਸਮਝ ਕੇ

ਕਹਿੰਦੇ ਜਦੋਂ ਤੁਸੀਂ ਇਸ ਸੰਸਾਰ ਦੇ ਅੰਦਰ ਘੋਲ ਕਰੋਂਗੇ, ਤਾਂ ਫੇਰ ਪ੍ਰਮੇਸ਼ਰ ਦੇ ਨਾਲ ਬਿਰਤੀ ਲੱਗੇਗੀ। ਸੋ ਨਾਮ ਇਸ ਤਰ੍ਹਾਂ ਤੁਸੀਂ ਜਪਣਾ ਹੈ।

ਸੋ ਮਹਾਰਾਜ ਜੀ ਨੇ ਉਪਦੇਸ਼ ਦਿੱਤਾ। ਧੰਨ-ਧੰਨ ਹੋ ਗਈ। ਸਾਰੇ ਮੇਲੇ ਦੇ ਅੰਦਰ। ਬਾਰ-ਬਾਰ ਆ ਰਹੇ ਨੇ ਗੁਰੂ ਦੇ ਦਰਸ਼ਨ ਕਰਨ। ਵੱਡੇ-ਵੱਡੇ ਵਿਦਵਾਨ, ਸੰਨਿਆਸੀ, ਜੋਗੀ ਬੇਅੰਤ ਭੇਖਾਂ ਦੇ ਸੰਤ ਆ ਰਹੇ ਨੇ ਤੇ ਗੁਰੂ ਨਾਨਕ ਤੋਂ ਲਾਭ ਲੈ-ਲੈ ਤੁਰੇ ਜਾਂਦੇ ਨੇ। ਸ਼ਾਮ ਹੋ ਗਈ, ਉਸ ਵੇਲੇ ਹਰੀ ਦਾ ਜਸ ਮਰਦਾਨੇ ਨੇ ਕਰਿਆ, ਸਾਰੇ ਬਿਰਾਜ ਗਏ, ਅੰਮ੍ਰਿਤ ਵੇਲਾ ਹੋਇਆ -

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥*

*ਅੰਗ - ੧੪੬*

ਉਸ ਵੇਲੇ ਚਾਉ ਜਾਗਦਾ ਹੈ, ਜਿਨ੍ਹਾਂ ਦੀਆਂ ਸੁਰਤਾਂ ਪ੍ਰਮੇਸ਼ਰ ਦੇ ਨਾਲ ਜੁੜਦੀਆਂ ਨੇ -

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥* *ਅੰਗ - ੪੫੯*

ਉਸ ਵੇਲੇ ਸੰਤ ਪਿਆਰਿਆਂ ਦੇ ਮਨ ਦੇ ਅੰਦਰ ਉਤਸ਼ਾਹ ਉਠਦਾ ਹੈ ਕਿ ਪ੍ਰਮੇਸ਼ਰ ਦੇ ਨਾਲ ਜੁੜੀਏ। ਜਾਗਦੇ ਨੇ।

ਗੁਰੂ ਨਾਨਕ ਪਾਤਸ਼ਾਹ ਉੱਠੇ ਇਸ਼ਨਾਨ ਕਰਿਆ ਤੇ ਆਸਣ 'ਤੇ ਆ ਕੇ ਬਿਰਾਜਮਾਨ ਹੋ ਰਹੇ ਨੇ। ਐਨੇ ਨੂੰ ਕੀ ਦੇਖਦੇ ਨੇ ਕਿ ਗੰਗਾ ਦਰਿਆ ਦੇ ਅੰਦਰ ਇੱਕ ਪ੍ਰਕਾਸ਼ ਹੋਇਆ ਤੇ ਦੇਖਦੇ-ਦੇਖਦੇ ਜਲ ਦੇ ਅੰਦਰੋਂ ਇੱਕ ਮੂਰਤੀ ਬਾਹਰ ਆਈ, ਬਹੁਤ ਸੁੰਦਰ ਤੇ ਹੱਥ ਦੇ ਉਤੇ ਸੋਨੇ ਦਾ ਥਾਲ ਰੱਖਿਆ ਹੋਇਆ ਹੈ ਕਹਿੰਦੇ ਹੀਰੇ ਜਵਾਹਰਾਤ ਝਿਲਮਿਲ-ਝਿਲਮਿਲ ਕਰਦੇ ਨੇ, ਰਾਤ ਦੇ ਹਨ੍ਹੇਰੇ 'ਚ ਵੀ ਰੋਸ਼ਨੀ ਦੇ ਰਹੇ ਨੇ। ਸੋਨੇ ਦਾ ਥਾਲ ਹੱਥ 'ਤੇ ਧਰਿਆ ਹੋਇਆ ਹੈ, ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਭੇਟਾ ਰੱਖ ਦਿੱਤੀ ਥਾਲ ਦੀ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਬੇਨਤੀ ਕੀਤੀ ਮਹਾਰਾਜ ਨੇ ਪੁੱਛਿਆ, ਆਪਣਾ ਪਰੀਚਾ?

ਮਹਾਰਾਜ! ਤੁਸੀਂ ਤਾਂ ਘਟ-ਘਟ ਦੇ ਅੰਤਰਜਾਮੀ ਓਂ, ਸਭ ਕੁਛ ਜਾਣਦੇ ਓਂ, ਪਰ ਫੇਰ ਵੀ ਮੈਂ ਬੇਨਤੀ ਕਰਦੀ ਹਾਂ ਕਿ ਮੈਂ ਇਸ ਦਰਿਆ ਦਾ, ਏਸ ਤੀਰਥ ਦਾ ਅਭਿਮਾਨੀ ਦੇਵੀ ਮੈਂ ਗੰਗਾ ਹਾਂ ਤੇ ਅੱਜ ਮੇਰੇ ਭਾਗ ਜਾਗ ਪਏ ਕਿ ਕਲਜੁਗ ਦੇ ਅੰਦਰ ਆਪ ਨਿਰੰਕਾਰ ਮਨੁੱਖ ਦਾ ਜਾਮਾ ਧਾਰ ਕੇ ਮੇਰੇ ਕੰਢੇ 'ਤੇ ਆ ਕੇ ਬਿਰਾਜਮਾਨ ਹੋਏ ਨੇ ਤੇ ਲੱਖਾਂ ਭੁੱਲੜਾਂ ਨੂੰ ਸਿੱਧੇ ਰਾਹ ਪਾ ਕੇ, ਪ੍ਰਮੇਸ਼ਰ ਦੇ ਨਾਮ ਦੀ ਦਾਤ ਦਿੱਤੀ ਹੈ ਤੇ ਹੁਣ ਮੇਰੀ ਕਲਿਆਣ ਕਰੋ ਕਿਉਂਕਿ ਮੇਰੇ ਵਿੱਚ ਐਨੇ ਪਾਪ ਭਰ ਗਏ ਨੇ ਕਿ ਮੈਂ ਹੁਣ ਸਹਿ ਨਹੀਂ ਸਕਦੀ। ਮੇਰੀ ਤਾਕਤ ਤੋਂ ਬਾਹਰ ਹੋ ਗਏ ਨੇ ਪਾਪ ਤੇ ਮੇਰੇ ਤੋਂ ਝੱਲੇ ਨਹੀਂ ਜਾਂਦੇ ਤੇ ਆਪ ਕ੍ਰਿਪਾ ਕਰੋ। ਕੋਈ ਜੁਗਤ ਦੱਸੋ, ਕਲਜੁਗ ਦੇ ਅੰਦਰ ਪਾਪੀ ਬੰਦੇ ਵੱਧ ਗਏ ਨੇ। ਇਨ੍ਹਾਂ ਪਾਪੀਆਂ ਨੇ ਭੇਖ ਧਾਰ ਕੇ, ਰਸਮ ਕਰਕੇ ਮੇਰੇ ਵਿੱਚ ਇਸ਼ਨਾਨ ਕਰਨਾ ਹੈ ਤੇ ਐਨੀ ਮੈਲ ਇਨ੍ਹਾਂ ਦੀ ਕੌਣ ਸਾਂਭੇਗਾ। ਕਿਸ ਤਰ੍ਹਾਂ ਨਾਲ ਏਸ ਤੀਰਥ ਦਾ ਪ੍ਰਤਾਪ ਕਾਇਮ ਰਹੇਗਾ। ਆਪ ਕ੍ਰਿਪਾ ਕਰੋ ਤੇ ਆਪ ਦੇ ਮੈਂ ਦਰ ਆਈ। ਉਸ ਵੇਲੇ ਮਹਾਰਾਜ ਸਮੇਂ ਦੇ ਅਨੁਸਾਰ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੀਰਥ ਵੀ ਲੋਚਦੇ, ਸੰਤਾਂ ਦੀ ਧੂੜੀ ਤਾਂਈ।*

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥* *ਅੰਗ - ੧੨੬੩*

ਪਾਤਸ਼ਾਹ! ਆਪ ਨਿਰੰਕਾਰ, ਸਾਖਸ਼ਾਤ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*ਅੰਗ - ੧੩੯੫*

ਤੁਸੀਂ ਆਪ ਸੰਸਾਰ ਦੇ ਅੰਦਰ ਕਲਜੁਗ ਨੂੰ ਤਾਰਨ ਵਾਸਤੇ ਮਨੁੱਖ ਦੇ ਜਾਮੇ 'ਚ ਪ੍ਰਵੇਸ਼ ਕੀਤਾ ਹੈ। ਸਤਿਗੁਰੂ ਗੁਰੂ ਪ੍ਰਮੇਸ਼ਰ ਹੋ ਕੇ ਆਪ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਓਂ ਤੇ ਆਪ ਕ੍ਰਿਪਾ ਕਰੋ ਮੇਰੀ ਭੇਟਾ ਅੰਗੀਕਾਰ ਕਰੋ ਤੇ ਮੇਰੇ 'ਤੇ ਕ੍ਰਿਪਾ ਕਰੋ। ਜਿਸ ਵਕਤ ਚਰਨ ਸਪਰਸ਼ ਕਰੇ, ਕੀ ਕੌਤਕ ਵਰਤਿਆ ਕਿ ਜੋ ਕਾਲਾ ਰੰਗ ਹੋਇਆ-ਹੋਇਆ ਸੀ ਸਿਆਹ, ਇੱਕ ਦਮ ਪ੍ਰਕਾਸ਼ ਵਾਲਾ ਰੰਗ ਹੋ ਗਿਆ। ਕਹਿਣ ਲੱਗੀ, ਮਹਾਰਾਜ! ਮੈਂ ਭਗਤ ਰਵੀਦਾਸ ਜੀ ਨੂੰ ਤਾਂ ਇੱਕ ਕੰਗਣ ਭੇਜਿਆ ਸੀ, ਪਰ ਅੱਜ ਤੁਹਾਡੀ ਚਰਨ ਸ਼ਰਨ 'ਚ ਸਾਖਸ਼ਾਤ ਰੂਪ ਧਾਰ ਕੇ ਤੁਹਾਡੇ ਦਰ 'ਤੇ ਹਾਜ਼ਰ ਹੋਈ ਹਾਂ। ਆਦਿ ਸ਼ਕਤੀ ਜਿਨ੍ਹਾਂ ਨੂੰ ਦੇਵੀਆਂ ਕਹਿੰਦੇ ਨੇ ਉਹ ਤੁਹਾਡੇ ਦਰ 'ਤੇ ਝਾੜੂ ਬਰਦਾਰ ਨੇ। ਮੇਰੇ ਧੰਨ ਭਾਗ ਤੁਸੀਂ ਆ ਕੇ ਦਰਸ਼ਨ ਦਿੱਤੇ। ਹੁਣ ਕ੍ਰਿਪਾ ਕਰੋ।

ਕਿਉਂਕਿ ਗੁਰੂ ਤੇ ਗੋਬਿੰਦ ਵਿੱਚ ਕੋਈ ਭੇਦ ਨਹੀਂ ਹੋਇਆ ਕਰਦਾ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ - ੪੪੨*

ਐਸੇ ਮਹਾਂਵਾਕਾਂ ਦੇ ਹੁੰਦਿਆਂ ਕੋਈ ਕਿੰਤੂ ਨਹੀਂ ਹੋ ਸਕਿਆ ਕਰਦਾ, ਅਣਜਾਣਪੁਣਾ ਹੁੰਦਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ ਮਾਇਆ ਤਾਂ ਸਾਡੇ ਕਿਸੇ ਕੰਮ ਨਹੀਂ ਤੇ ਨਾ ਸਾਨੂੰ ਚਾਹੀਦੀ ਹੈ। ਇੱਕ ਕੰਮ ਇਹ ਕਰੋ ਕਿ ਏਸ ਮਾਇਆ ਦੇ ਨਾਲ ਕੱਲ੍ਹ ਨੂੰ ਵੱਡਾ ਲੰਗਰ ਚਲਾਓ, ਸਾਰਾ ਮੇਲਾ ਇੱਥੇ ਪ੍ਰਸ਼ਾਦ ਛਕੇ।

ਹੁਕਮ ਦੀ ਤਾਮੀਲ ਹੋ ਗਈ। ਦੂਸਰੇ ਦਿਨ ਸਾਰੇ ਮੇਲੇ 'ਚ ਹੋ ਗਿਆ ਕਿ ਭੰਡਾਰਾ ਹੋਏਗਾ, ਕਿਸੇ ਨੇ ਆਪਣੇ ਲੰਗਰਾਂ 'ਚੋਂ ਪ੍ਰਸ਼ਾਦ ਨਹੀਂ ਛਕਣਾ। ਉਸ ਵੇਲੇ ਭੰਡਾਰਾ ਹੋਣਾ ਸ਼ੁਰੂ ਹੋ ਗਿਆ। ਵੱਡੇ ਦੇਵਤੇ ਜੋ ਬੈਕੁੰਠਵਾਸੀ ਵਿਸ਼ਨੂੰ ਜੀ, ਬ੍ਰਹਮਾ ਜੀ, ਸ਼ਿਵਜੀ ਮਹਾਰਾਜ ਸਾਰੇ ਸਵਰਗਾਂ ਦੇ ਵੱਡੇ ਦੇਵਤੇ ਇੰਦਰ ਸਮੇਤ ਵਰੁਣ, ਕੁਬੇਰ ਜਿੰਨੇ ਵੀ ਦੇਵਤੇ ਸੀ ਉਹ ਸਾਰੇ ਦੇ ਸਾਰੇ ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਕੇ ਬੇਨਤੀ ਕਰਨ ਲੱਗ ਗਏ ਕਿ ਮਹਾਰਾਜ! ਆਪ ਸੇਵਾ ਦੀ ਵੰਡ ਕਰੋ। ਉਸ ਵੇਲੇ ਗਰੀਬਨਿਵਾਜ ਨੇ ਸਾਨੂੰ ਸੇਵਾ ਦਾ ਮਹਾਤਮ ਦੱਸਣ ਵਾਸਤੇ ਇੱਕ ਐਸਾ ਕੌਤਕ ਵਰਤਾਇਆ ਕਿ ਕਹਿਣ ਲੱਗੇ ਕਿ ਤੁਸੀਂ ਆਹ ਸੇਵਾ ਕਰਨੀ ਹੈ, ਤੁਸੀ ਔਹ ਕਰਨੀ ਹੈ, ਸਾਰੇ ਦੇਵਤਿਆਂ ਨੂੰ ਸੇਵਾ ਲਾ ਦਿੱਤੀ ਤੇ ਗੁਰੂ ਨਾਨਕ ਪਾਤਸ਼ਾਹ ਨੇ ਕਾਹਦੀ ਸੇਵਾ ਲਈ, ਗੁਰੂ ਨਾਨਕ ਕਹਿਣ ਲੱਗੇ ਦੇਖੋ ਜਿੰਨੇ ਅਤਿੱਥੀ ਆਉਣਗੇ, ਸਾਧੂ ਮਹਾਤਮਾ ਆਉਣਗੇ, ਅਸੀਂ ਉਨ੍ਹਾਂ ਦੇ ਚਰਨ ਧੋਵਾਂਗੇ ਤੇ ਨਾਲੇ ਅਸੀਂ ਜਿੰਨੀਆਂ

ਜੂਠੀਆਂ ਪੱਤਲਾਂ ਹੋਣਗੀਆਂ, ਅਸੀਂ ਆਪਣੇ ਹੱਥ ਨਾਲ ਚੁਕਾਂਗੇ। ਕਿਉਂਕਿ ਵਾਹਿਗੁਰੂ ਨੂੰ ਆਪਣੇ ਪਿਆਰੇ ਜਿਹੜੇ ਨੇ ਉਹ ਹੱਦ ਤੋਂ ਜ਼ਿਆਦਾ ਪਿਆਰੇ ਹੋਇਆ ਕਰਦੇ ਨੇ। ਭਗਤ ਪਿਆਰੇ ਹੋਇਆ ਕਰਦੇ ਨੇ ਜਿਵੇਂ ਮਾਂ ਨੂੰ ਪੁੱਤਰ ਪਿਆਰਾ ਹੁੰਦਾ ਹੈ ਸੋ ਉਸ ਵੇਲੇ ਗੁਰੂ ਨਾਨਕ ਦਾ ਜਸ ਗਾ ਰਹੇ ਨੇ ਐਉਂ ਪੜ੍ਹ ਲਓ-

*ਧਾਰਨਾ - ਤੇਰਾ ਅੰਤ ਨਾ ਕਿਸੇ ਨੇ ਪਾਇਆ,*
*ਜਸ ਗਾਉਂਦੇ ਸਾਰੇ ਦੇਵਤੇ।*

*ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥*

*ਅੰਗ - ੧੨੮੨*

*ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ ॥*

*ਅੰਗ - ੧੩੯੦*

ਸੇਸ਼ਨਾਗ ਵੀ ਜਸ ਗਾ ਰਿਹਾ ਹੈ, ਪਾਤਾਲ ਦੇ ਪਾਸੇ ਵੀ ਜਸ ਗਾ ਰਹੇ ਨੇ -

*ਗੁਣ ਰਵੈ ਸਦਾ ਜੋਗੀ ਜਤਿ ਜੰਗਮ ॥ ਅੰਗ - ੧੩੯੦*

ਜੋਗੀ ਜਤੀ ਜੰਗਮ, ਮਹਾਂਦੇਵ, ਸ਼ਿਵਜੀ ਸਾਰੇ ਗੁਰੂ ਨਾਨਕ ਦਾ ਜਸ ਗਾ ਰਹੇ ਨੇ।

*ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥*
*ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥*

*ਅੰਗ - ੧੩੯੦*

ਵਿਆਸ ਰਿਸ਼ੀ ਵੀ, ਬ੍ਰਹਮਾ ਵੀ ਗੁਣ ਗਾਉਂਦਾ ਹੈ ਜਿਹਨੇ ਵਾਹਿਗੁਰੂ ਦੇ ਹੁਕਮ ਦੇ ਵਿਚੀਂ ਹੋ ਕੇ ਸ੍ਰਿਸ਼ਟੀ ਨੂੰ ਸੰਵਾਰਿਆ ਹੈ -

*ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥*
*ਜਪੁ ਕਲ ਸੁਜਸੁ ਨਾਨਕ ਗੁਰੁ ਸਹਜੁ ਜੋਗੁ ਜਿਨਿ ਮਾਣਿਓ ॥*

*ਅੰਗ - ੧੩੯੦*

ਕਹਿੰਦੇ ਸਾਰੇ ਦੇਵਤੇ ਗੁਰੂ ਨਾਨਕ ਦਾ ਜਸ ਗਾ ਰਹੇ। ਪੂਰੇ ਦਾ ਪੂਰਾ ਜਿੰਨਾ ਕੁੰਭ ਦਾ ਮੇਲਾ ਸੀ, ਉਸ ਭੰਡਾਰੇ ਦੇ ਵਿੱਚ ਜਿਸ ਵਿੱਚ ਅਣਗਿਣਤ ਕਿਸਮ ਦੇ, 36 ਪ੍ਰਕਾਰ ਦੇ ਭੋਜਨ ਖੁਲ੍ਹੇ ਵਰਤ ਰਹੇ ਸੀ। ਦੱਛਣਾ ਵਾਲਿਆਂ ਨੂੰ ਦੱਛਣਾ ਮਿਲ ਰਹੀਆਂ ਸੀ, ਵਸਤਰ ਵਾਲਿਆਂ ਨੂੰ ਵਸਤਰ ਮਿਲ ਰਹੇ ਸੀ, ਲੋੜਵੰਦਾਂ ਦੀ ਲੋੜ ਪੂਰੀ ਹੋ ਰਹੀ ਸੀ। ਬੜਾ ਭਾਰਾ ਯੱਗ ਹੋਣ ਤੋਂ ਬਾਅਦ ਜਦੋਂ ਸਮਾਪਤੀ ਹੋਈ। ਸਾਰੇ ਹੈਰਾਨ ਹੋ ਗਏ ਕਿ ਆਹ ਜਿਹੜਾ ਥੋੜ੍ਹੀ ਦੇਰ ਪਹਿਲਾਂ ਯੱਗ ਹੋ ਰਿਹਾ ਸੀ, ਬੇਅੰਤ ਪਸਾਰਾ ਸੀ ਤੰਬੂ ਲੱਗੇ ਹੋਏ ਸੀ, ਬਰਤਨ ਆਏ ਹੋਏ ਸੀ, ਉਹ ਚਲੇ ਕਿੱਥੇ ਗਏ, ਅੱਖ ਦੇ ਫੋਰੇ 'ਚ ਸਾਰੇ ਅਲੋਪ ਹੋ ਗਏ। ਕਿਸੇ ਨੂੰ ਸੋਝੀ ਨਹੀਂ ਪਈ।

ਸੋ ਇਹ ਗੁਰੂ ਨਾਨਕ ਦਾ ਪ੍ਰਤਾਪ ਕਿਵੇਂ ਭਰਮਾਂ 'ਚ ਪਈ ਹੋਈ ਦੁਨੀਆਂ, ਕਿਵੇਂ ਗਲਤ ਧਾਰਨਾਵਾਂ ਮਨਾਂ ਵਿੱਚ ਧਾਰੀਆਂ ਹੋਈਆਂ, ਹਨ੍ਹੇਰੇ ਦੇ ਵਿੱਚ ਸੰਸਾਰ ਟੱਕਰਾਂ ਮਾਰਦੇ ਨੂੰ ਰੋਸ਼ਨੀ ਗੁਰੂ ਨਾਨਕ ਪਾਤਸ਼ਾਹ ਨੇ ਦਿੱਤੀ।

ਸਾਡੇ ਕੋਲ ਐਡਾ ਵੱਡਾ ਖਜ਼ਾਨਾ ਹੈ ਸਾਧਸੰਗਤ ਜੀ ਬਾਣੀ ਨੂੰ ਵਿਚਾਰੋ। ਬਾਣੀ ਦੇ ਵਿਚੋਂ ਸਭ ਕੁਛ ਨਿਕਲਣਾ ਹੈ। ਜਿਹੜੇ ਤਾਂ ਸੁਬੁੱਧੀ ਹੁੰਦੇ ਨੇ ਬਹੁਤ ਉੱਚੀ ਬੁੱਧੀ ਵਾਲੇ ਹੁੰਦੇ ਨੇ ਉਨ੍ਹਾਂ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਮਝ ਪੈ ਜਾਇਆ ਕਰਦੀ ਹੈ। ਕਿਸੇ-ਕਿਸੇ ਨੂੰ, ਸਾਰਿਆਂ ਨੂੰ ਨਹੀਂ ਪੈਂਦੀ ਉਹ ਇਸ ਤਰ੍ਹਾਂ ਨਹੀਂ ਪੈਂਦੀ ਕਿਉਂਕਿ ਸਾਡੇ ਅੰਦਰ ਦੋ level ਨੇ ਇੱਕ ਬੁੱਧੀ ਮੰਡਲ ਦੀ level ਹੈ ਇੱਕ ਆਤਮ ਮੰਡਲ ਦੀ। ਬੁੱਧੀ ਮੰਡਲ ਦੇ ਵਿੱਚ ਜਾਣੀ ਹੋਈ ਗੱਲ ਕੋਈ ਫਾਇਦਾ ਨਹੀਂ ਦਿੰਦੀ। ਜੇ ਬੁੱਧੀ ਮੰਡਲ ਨੇ ਜਾਣ ਲਿਆ ਕਿ ਧਰਤੀ ਵਿੱਚ ਪਾਣੀ ਹੈ ਤੇ ਪਿਆਸੇ ਮਰ ਰਹੇ ਹਾਂ ਤਾਂ ਉਹ ਪਾਣੀ ਸਾਡੇ ਕਿਸੇ ਮਤਲਬ ਦਾ ਨਹੀਂ ਹੈ। ਜੇ ਖੂਹ ਦੇ ਵਿਚੋਂ ਕੱਢ ਲਿਆ ਤਾਂ ਯਤਨ ਕਰਨਾ ਪੈਂਦਾ ਹੈ। ਜੇ ਚਸ਼ਮਾ ਹੋਵੇ ਤਾਂ ਆਪੇ ਹੀ ਫੁੱਟ-ਫੁੱਟ ਨਿਕਲਦਾ ਹੈ। ਬ੍ਰਹਮਗਿਆਨੀਆਂ ਦੇ ਹਿਰਦੇ 'ਚ ਪ੍ਰਮੇਸ਼ਰ ਚਸ਼ਮੇ ਵਾਂਗੂੰ ਹੁੰਦਾ ਹੈ ਤੇ ਜਿਹੜੇ ਮਿਹਨਤਾਂ ਕਰਦੇ ਨੇ, ਕਰਮਕਾਂਡੀ ਨੇ ਉਨ੍ਹਾਂ ਦੇ ਕੋਲ ਪ੍ਰਮੇਸ਼ਰ ਖੂਹ ਵਾਂਗੂੰ ਪਾਣੀ ਕੱਢਣਾ ਪੈਂਦਾ ਹੈ। ਡੋਲ ਹੋਵੇ, ਸਭ ਕੁਛ ਹੋਵੇ ਤਾਂ ਖੂਹ 'ਚੋਂ ਮਾੜਾ ਮੋਟਾ ਕੱਢ ਲਿਆ ਤਾਂ ਕੱਢ ਲਿਆ, ਪਿਆਸ ਬੁਝਾ ਲੈਂਦਾ ਹੈ ਥੋੜ੍ਹੀ ਦੇਰ ਵਾਸਤੇ। ਸਦਾ ਵਾਸਤੇ ਨਹੀਂ ਉਹਦੀ ਪਾਣੀ ਨਾਲ ਪ੍ਰਾਪਤੀ ਹੁੰਦੀ। ਇੱਕ ਮਨਮੁਖ ਹੁੰਦੇ ਨੇ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਪਾਣੀ ਤਾਂ ਧਰਤੀ 'ਚ ਹੈਗਾ ਇਹ ਬੁੱਧੀ ਮੰਡਲ ਦਾ ਗਿਆਨ ਹੋਇਆ ਕਰਦਾ ਹੈ ਸੋ ਗੁਰੂ ਨਾਨਕ ਪਾਤਸ਼ਾਹ ਜਿੱਥੇ ਸਾਨੂੰ ਲਿਜਾਣਾ ਚਾਹੁੰਦੇ ਨੇ, ਪਹੁੰਚਣ ਦਾ ਯਤਨ ਕਰੋ ਸਾਧਸੰਗਤ ਜੀ! ਕੋਈ ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਕਿਸ 'ਤੇ ਵੱਜ ਜਾਵੇ, ਸਮਾਂ ਬੜਾ ਮਾੜਾ ਚੱਲ ਰਿਹਾ ਹੈ। ਸੋ ਇਸ ਕਰਕੇ ਛੇਤੀ ਤੋਂ ਛੇਤੀ ਆਪਣੇ ਜਿਸ ਆਤਮ ਪਦਾਰਥ ਨੂੰ ਲੈਣ ਵਾਸਤੇ ਅਸੀਂ ਸੰਸਾਰ 'ਤੇ ਆਏ ਹਾਂ ਉਹਦੇ ਵਲ ਸਾਨੂੰ ਤਰੱਕੀ ਕਰਨੀ ਚਾਹੀਦੀ ਹੈ। ਗੱਲ ਸਮਝੋ, ਸਮਝ ਕੇ ਕਮਾਓ ਮਿੱਟੀ ਨਾਲ ਪਿਆਰ ਨਾ ਕਰੋ, ਮਿੱਟੀ 'ਚ ਵਸੋ ਨਾ, ਮਿੱਟੀ ਨੂੰ ਕਮਾਓ ਨਾ, ਮਿੱਟੀ ਨਾਲ ਨਾ ਖੇਡੋ। ਇਹਦੇ ਅੰਦਰ ਜਿਹੜੀ ਜੋਤ ਹੈ -

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥*
*ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥*

*ਅੰਗ - ੯੨੧*

ਆਪਣੇ ਆਪ ਨੂੰ ਜੋਤ ਸਮਝੋ, ਜੋਤ ਦਾ ਵਾਸਾ ਜੋਤ 'ਚ ਹੋਇਆ ਕਰਦਾ ਹੈ, ਮਿੱਟੀ 'ਚ ਨਹੀਂ ਹੋਇਆ ਕਰਦਾ। ਸੋ ਪਰਮ ਜੋਤੀ ਜੋ ਘਟ-ਘਟ 'ਚ ਵਿਆਪਕ ਹੈ, ਉਹਦੇ ਵਿੱਚ ਅਸੀਂ ਜਦੋਂ ਤੱਕ ਅਭੇਦ ਨਹੀਂ ਹੁੰਦੇ, ਸਾਡਾ ਆਉਣਾ ਜਾਣਾ ਨਹੀਂ ਮਿਟਦਾ ਤੇ ਸਾਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਵਾਹਿਗੁਰੂ ਨਾਲ ਸਾਡਾ ਮੇਲ ਨਹੀਂ ਹੁੰਦਾ। ਇਹ ਗੱਲਾਂ ਬਹੁਤ ਗਹਿਰੀਆਂ ਨੇ ਤੇ ਬਹੁਤ ਵਿਚਾਰ ਵਾਲੀਆਂ ਨੇ, ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਮੈਂ ਇੱਥੇ ਹੀ ਸਮਾਪਤ ਕਰਦਾ ਹਾਂ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ। ੨੭੫

(---------)

## ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

ਸ਼ਾਨ...........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯*

*ਧਾਰਨਾ - ਗਾਵਹੁ ਗੁਰਾਂ ਦੀ ਬਾਣੀ*
*ਆਵਹੁ ਸਿੱਖ ਸਤਿਗੁਰ ਕੇ ਪਿਆਰਿਓ।*

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥*
*ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥*
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥ ਅੰਗ - ੯੨੦*

*ਧਾਰਨਾ - ਜਿਹਨੂੰ ਵਿਸਰੇ ਗੁਰਾਂ ਦੀ ਬਾਣੀ,*
*ਪੱਕੇ ਰੋਗੀ ਵਾਂਗ ਵਿਲਕੇ - ੨, ੨.*

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥ ਅੰਗ - ੬੬੧*

ਪੱਕਾ ਰੋਗੀ ਕੋਹੜੀ ਨੂੰ ਆਖਿਆ ਜਾਂਦਾ ਹੈ। ਜਿਸਦੇ ਅੰਦਰ ਬਾਣੀ ਨਹੀਂ ਚਲਦੀ, ਜੋ ਬ ਾਣੀ ਨਾਲੋਂ ਟੁੱਟਿਆ ਹੋਇਆ ਹੈ, ਉਹਦਾ ਮਨ ਕਦੇ ਵੀ ਸ਼ਾਂਤ ਨਹੀਂ ਹੋ ਸਕਦਾ। ਚਾਰ ਪ੍ਰਕਾਰ ਦੀ ਬਾਣੀ ਹੁੰਦੀ ਹੈ, ਪਹਿਲੀ ਜਿਸ ਤਰ੍ਹਾਂ ਮੈਂ ਬੋਲ ਰਿਹਾ ਹਾਂ ਇਹਨੂੰ ਬੈਖਰੀ ਬਾਣੀ ਕਹਿੰਦੇ ਨੇ। ਦੂਸਰੀ ਬਾਣੀ ਹੋਇਆ ਕਰਦੀ ਹੈ ਉਹਨੂੰ ਮਧਮਾ ਕਹਿੰਦੇ ਨੇ। ਤੀਸਰੀ ਬਾਣੀ ਹੋਇਆ ਕਰਦੀ ਹੈ ਉਹਨੂੰ ਪਸੰਤੀ ਬਾਣੀ ਕਹਿੰਦੇ ਨੇ ਜਾਂ ਅੰਗ੍ਰੇਜ਼ੀ ਦੇ ਵਿੱਚ ਇਹਨੂੰ ਟੈਲੀਪੈਥੀ ਕਹਿੰਦੇ ਨੇ। ਚੌਥੀ ਬਾਣੀ ਹੁੰਦੀ ਹੈ ਪਰਾ ਬਾਣੀ, ਉਹ ਆਤਮਕ ਮੰਡਲ 'ਚੋਂ ਆਉਂਦੀ ਹੈ ਤੇ ਇਹ ਬਾਣੀ ਧੁਰ ਤੋਂ ਆਉਂਦੀ ਹੈ ਤੇ ਧੁਰ ਵਾਪਸ ਲੈ ਜਾਇਆ ਕਰਦੀ ਹੈ। ਸੋ ਜਿਹੜਾ ਇਸ ਸਹੂਲਤ ਨੂੰ avial ਨਹੀਂ ਕਰਦਾ ਨਹੀਂ ਕਰਦਾ ਉਹ ਮਨੁੱਖ ਦਾ ਜਾਮਾ ਪ੍ਰਾਪਤ ਕਰਕੇ ਸ਼ਾਂਤੀ 'ਚ ਨਹੀਂ ਆ ਸਕਦਾ। ਪੈਸਾ ਟਕਾ ਸ਼ਾਂਤੀ ਨਹੀਂ ਕਦੇ ਵੀ ਦਿਆ ਕਰਦਾ। ਅੱਜ ਤੱਕ ਤਾਂ ਇਹ ਬਾਤ ਹੋਈ ਨਹੀਂ ਹੈ ਕਿਉਂਕਿ ਪ੍ਰਾਕ੍ਰਿਤੀ ਦੇ ਅੰਦਰ ਦੁੱਖ ਹੈ, ਇਹ ਜੜ੍ਹ ਹੈ, ਦੁੱਖ ਰੂਪ ਹੈ। ਇਹਦੇ ਅੰਦਰ ਸ਼ਾਂਤੀ ਨਹੀਂ ਹੋਇਆ ਕਰਦੀ। ਚਾਹੇ ਕਿੰਨਾ ਹੀ ਧਨ ਪਦਾਰਥ ਹੈ। ਉਹ ਸੁਖੀ ਨਹੀਂ ਆਦਮੀ ਨੂੰ ਕਰ ਸਕਿਆ ਕਰਦਾ। ਸੁੱਖ ਕੇਵਲ ਨਾਮ ਦੇ ਵਿੱਚ ਹੈ, ਨਾਮ ਆਦਮੀ ਦੇ ਅੰਦਰ ਹੈ। ਜਿੰਨੀ ਦੇਰ ਤੱਕ ਇਹ explore ਨਹੀਂ ਕਰਦਾ ਇਹ ਨਾਮ ਨੂੰ, ਓਨੀ ਦੇਰ ਤੱਕ ਚਾਹੇ ਕੁਛ ਵੀ ਕਰ ਲਏ, ਕਿੰਨਾ ਹੀ ਧਨ ਕਮਾ ਲਏ, ਕਿੱਡੀਓ ਪਦਵੀ 'ਤੇ ਪਹੁੰਚ ਜਾਵੇ, ਕਿੱਡਾ ਹੀ ਉਹਦਾ ਨਾਉਂ ਹੋ ਜਾਏ, ਅੰਦਰੋਂ ਸ਼ਾਂਤੀ ਨਾ ਕਦੇ ਵੀ ਆਏਗੀ ਕਿਉਂਕਿ ਗੁਰੂ ਮਹਾਰਾਜ ਦਾ ਇਹ ਫੈਸਲਾ ਹੈ -

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - ੭੦੭*

ਵੱਡੀਆਂ-ਵੱਡੀਆਂ ਪ੍ਰਾਪਤੀਆਂ ਦਾ ਆਪ ਜ਼ਿਕਰ ਕਰਦੇ ਨੇ ਇੱਥੇ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ ਅੰਗ - ੭੦੭*

ਬੜੀ ਸਰਲ ਬਾਣੀ ਹੈ, ਸਭ ਦੇ ਸਮਝ 'ਚ ਆਉਣ ਵਾਲੀ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥ ਅੰਗ - ੭੦੭*

ਫੇਰ ਜੇ ਜੁੜਿਆ ਨਹੀਂ ਹੋਇਆ ਪਰਮੇਸ਼ਰ ਦੇ ਨਾਲ -

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ ਅੰਗ - ੭੦੭*

ਜੋ ਹਾਲ ਵਿਸ਼ਟਾ ਦੇ ਕੀੜੇ ਦਾ ਹੁੰਦਾ ਹੈ, ਉਹ ਉਸਦੀ ਮਾਨਸਿਕ ਤੁਲਨਾ ਮਹਾਰਾਜ ਨੇ ਦਿੱਤੀ ਹੈ -

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - ੭੦੭*

ਨਾਮ ਤੋਂ ਬਗੈਰ ਸ਼ਾਂਤੀ ਨਹੀਂ ਹੋਇਆ ਕਰਦੀ -

*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - ੨੨੨*

ਸੋ ਏਸ ਕਰਕੇ ਜਿਸਦੇ ਅੰਦਰੋਂ ਬਾਣੀ ਵਿਸਰ ਜਾਵੇ, ਉਹ ਮਹਾਰਾਜ ਕਹਿੰਦੇ ਜਿਸ ਤਰ੍ਹਾਂ ਕੋਹੜੀ ਦੁੱਖ ਦੇ ਨਾਲ ਵਿਰਲਾਪ ਕਰਦਾ ਹੈ, ਉਹਦੇ ਅੰਦਰੋਂ ਵੀ ਹਾਏ-ਹਾਏ ਨਿਕਲਦੀ ਹੈ, ਸਾਂਤੀ ਨਹੀਂ ਆਉਂਦੀ, ਕੰਮਪੋਸਟ (ਨੀਂਦ) ਦੀਆਂ ਗੋਲੀਆਂ ਖਾ ਕੇ ਸੌਏਂਗਾ ਜਾਂ ਨਸ਼ੇ ਖਾ ਕੇ ਸੌਏਂਗਾ। ਜਿਸ ਚੀਜ਼ ਨੂੰ ਸ਼ਾਂਤੀ ਕਹਿੰਦੇ ਨੇ ਉਸ ਦਾ ਕਦੇ ਪਰਛਾਵਾ ਵੀ ਨਹੀਂ ਕਦੇ ਉਹ ਦੇਖ ਸਕਦਾ। ਸੋ ਦੂਸਰੇ ਪਾਸੇ ਜਿਹਦੇ ਹਿਰਦੇ 'ਚ ਬਾਣੀ ਵਸ ਜਾਵੇ, ਉਹਦੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ -

*ਧਾਰਨਾ - ਸਾਰੇ ਦੁੱਖਾਂ ਦਾ ਨਾਸ਼ ਹੋ ਜਾਵੇ,*
*ਬਾਣੀ ਜਿਹਦੇ ਮਨ ਵਸ ਗਈ।*

ਚਾਰਾਂ ਤਰ੍ਹਾਂ ਦੀਆਂ ਬਾਣੀਆਂ ਦੇ ਵਿਚੋਂ, ਚਾਹੇ ਬੈਖਰੀ ਹੈ, ਚਾਹੇ ਮਧਮਾ ਹੈ, ਚਾਹੇ ਪਸੰਤੀ ਬਾਣੀ ਹੈ, ਚਾਹੇ ਪਰਾ ਬਾਣੀ ਹੈ ਜਿਸਦੇ ਵੀ ਹਿਰਦੇ 'ਚ ਬਾਣੀ ਦਾ ਵਾਸਾ ਹੋ ਗਿਆ, ਮਹਾਰਾਜ ਕਹਿੰਦੇ ਉਹਦੇ ਦੁੱਖ ਦਰਦ ਸਾਰੇ ਨਾਸ਼ ਹੋ ਜਾਇਆ ਕਰਦੇ ਨੇ।

*ਗੁਰੁ ਪੂਰਾ ਪੂਰੀ ਤਾ ਕੀ ਕਲਾ ॥*
*ਗੁਰ ਕਾ ਸਬਦੁ ਸਦਾ ਸਦ ਅਟਲਾ ॥*
*ਗੁਰ ਕੀ ਬਾਣੀ ਜਿਸੁ ਮਨਿ ਵਸੈ ॥*

*ਦੂਖੁ ਦਰਦੁ ਸਭੁ ਤਾ ਕਾ ਨਸੈ ॥ ਅੰਗ - ੧੩੪੦*

ਇਹ ਕੋਈ ਕਵਿਤਾ ਨਹੀਂ ਹੈ ਸਾਧਸੰਗਤ ਜੀ, ਅੱਜਕੱਲ੍ਹ ਕਿਉਂਕਿ ਯੂਨੀਵਰਸਿਟੀਆਂ ਨਵੀਆਂ-ਨਵੀਆਂ ਖੁੱਲ੍ਹ ਗਈਆਂ ਪੰਜਾਬ 'ਚ, ਪੰਜਾਬੀ ਯੂਨੀਵਰਸਿਟੀ, ਰਿਸਰਚ ਕਰ ਦਿੱਤੀ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ 'ਤੇ, ਬਾਣੀ 'ਤੇ। ਉਥੇ ਤੱਕ ਪਹੁੰਚ ਹੈ ਨਹੀਂ। ਗਲਤ ਫਲਤ ਗੱਲਾਂ ਸਾਮ੍ਹਣੇ ਕਿਤਾਬਾਂ ਦੇ ਵਿੱਚ ਆ ਰਹੀਆਂ ਨੇ। ਇਹ ਬਾਣੀ ਨੂੰ ਕਵਿਤਾ ਦੀ ਤੁਲਨਾ ਦੇਣੀ ਸ਼ੁਰੂ ਕਰ ਦਿੱਤੀ। ਕਵਿਤਾ ਹੋਰ ਚੀਜ਼ ਹੋਇਆ ਕਰਦੀ ਹੈ। ਕਵਿਤਾ ਬੁੱਧੀ ਮੰਡਲ ਦੀਆਂ, ਬੁੱਧੀ ਮੰਡਲ ਦੇ sphere ਵਿੱਚੋਂ ਆਉਂਦੀ ਹੈ। ਬਾਣੀ ਇਹ ਆਉਂਦੀ ਹੈ ਧੁਰ ਦੀ, ਆਤਮਕ ਮੰਡਲ 'ਚੋਂ -

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ - ੬੨੮*

ਬਾਣੀ ਵਿੱਚ No correction ਜੇ ਔਂਕੜ (_) ਲੱਗਿਆ ਹੋਇਆ ਹੈ, ਕੋਈ ਨਹੀਂ ਇਸਨੂੰ ਕੱਟ ਸਕਦਾ, ਸਿਹਾਰੀ (ਿ) ਲੱਗੀ ਹੈ ਨਹੀਂ ਕੱਟ ਸਕਦਾ, ਕਿਉਂਕਿ ਧੁਰ ਤੋਂ complete ਆਉਂਦੀ ਹੈ। ਅਰ ਬਾਣੀ ਰਚੀ ਨਹੀਂ ਜਾਂਦੀ, ਬਾਣੀ relay ਕੀਤੀ ਜਾਂਦੀ ਹੈ। ਇਹ ਵੀ ਧਿਆਨ ਕੀਤੀ ਜਾਂਦੀ ਹੈ। ਬਾਣੀ ਕੋਈ ਨਹੀਂ ਰਚਦਾ, ਗੁਰੂ ਸਾਹਿਬ ਨੇ ਕਿਤੇ ਵੀ ਨਹੀਂ ਲਿਖਿਆ ਕਿ ਮੈਂ ਬਾਣੀ ਰਚ ਰਿਹਾ ਹਾਂ। ਆਪ ਦਾ ਫੁਰਮਾਨ ਹੈ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ - ੭੨੨*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥ ਅੰਗ - ੭੬੩*

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ - ੬੨੮*

ਕਵਿਤਾ ਜਿਹੜੀ ਹੁੰਦੀ ਹੈ ਉਹ ਰਾਤ ਨੂੰ ਲਿਖ ਲਈ, ਅੱਧੀ ਰਾਤ ਤੋਂ ਬਾਅਦ ਜਾਗ ਆ ਗਈ। ਉਸ ਵੇਲੇ ਕੱਟਣੀ ਸ਼ੁਰੂ ਹੋ ਜਾਂਦੀ ਹੈ। ਡਾ. ਸਵਾਮੀ ਰਾਮ ਜੀ ਇੱਕ ਬੜੇ ਯੋਗੀ ਹੋਏ ਨੇ, ਆਪ ਦਾ ਨਿਊਯਾਰਕ ਦੇ ਕੋਲ ਪਨਸਲਵਾਲੀਆਂ 'ਚ ਸਾਢੇ ਛੇ ਸੌ ਏਕੜ ਦਾ ਯੋਗਾ ਆਸ਼ਰਮ ਹੈ, ਇੱਥੇ ਜੌਲੀ ਗ੍ਰਾਂਟ 'ਚ 2500 ਬੈਡ ਦਾ ਉਨ੍ਹਾਂ ਨੇ ਹਸਪਤਾਲ ਬਣਾਇਆ। ਰਿਸ਼ੀਕੇਸ਼ ਆਪ ਦਾ ਨਿਵਾਸ ਹੁੰਦਾ, ਆਪ ਲਿਖਦੇ ਨੇ, 'Living with the Himalyan Master' ('ਹਿਮਾਲਿਆਂ ਦੇ ਸੰਤਾਂ ਸੰਗ ਨਿਵਾਸ' ਇਹ ਕਿਤਾਬ ਰਤਵਾੜਾ ਸਾਹਿਬ ਪੰਜਾਬੀ ਵਿੱਚ ਉਪਲੱਬਧ ਹੈ) ਦੇ ਵਿੱਚ ਕਿ ਮੈਂ ਟੈਗੋਰ ਦੇ ਪਾਸ ਚਲਿਆ ਗਿਆ, ਮੇਰੇ ਗੁਰੂ ਨੇ ਭੇਜ ਦਿੱਤਾ ਕਿ ਜਾਹ ਟੈਗੋਰ ਦੇ ਪਾਸ ਰਹਿ ਕੇ ਦੇਖ। ਕਹਿੰਦਾ, ਮੈਂ ਬਹੁਤ ਨਜ਼ਦੀਕ ਹੋ ਗਿਆ ਉਨ੍ਹਾਂ ਦੇ ਤੇ ਮੈਨੂੰ ਐਨੀ ਇਜਾਜ਼ਤ ਹੋ ਗਈ ਕਿ ਮੈਂ ਉਹਦੀਆਂ ਲਿਖਤਾਂ ਵੀ ਪੜ੍ਹ ਸਕਦਾ ਸੀ। ਕਹਿੰਦਾ, ਟੈਗੋਰ ਜੀ ਨੇ ਰਾਤ ਨੂੰ ਲਿਖਣਾ ਕਵਿਤਾ ਆਈ ਹੈ, ਲਿਖੀ ਹੈ। ਜਦੋਂ ਮੈਂ ਦਿਨੇ ਦੇਖਣਾ ਤਾਂ ਮੈਂ ਹੈਰਾਨ ਹੋ ਜਾਣਾ ਕਿ ਮੈਂ ਲਾਈਨਾਂ ਦੀਆਂ ਲਾਈਨਾਂ ਕੱਟ ਕੇ ਲਿਖੀਆਂ ਹੋਈਆਂ ਨੇ। ਇਹ ਹੁੰਦਾ ਹੈ ਬੁੱਧੀ ਮੰਡਲ ਦੀ ਚੀਜ਼। ਬੁੱਧੀ ਮੰਡਲ ਮਾਇਕ ਮੰਡਲ ਹੋਣ ਕਰਕੇ, ਉਹਦੀ ਕੋਈ ਵੀ ਥਿਊਰੀ ਥਿਰ ਨਹੀਂ ਹੋਇਆ ਕਰਦੀ। ਕੋਈ ਖਿਆਲ ਸਥਿਰ ਨਹੀਂ ਹੋਇਆ ਕਰਦਾ। ਇਹ ਜੋ ਬਾਣੀ ਹੈ ਇਹ ਧੁਰ ਤੋਂ ਆਉਂਦੀ ਹੈ, ਜਿਸ ਦਾ ਮਨ ਇਹਦੇ ਨਾਲ ਲੱਗ ਜਾਵੇ, ਜਿੱਥੋਂ ਇਹ ਆਉਂਦੀ ਹੈ ਉਥੋਂ ਹੀ ਇਹ ਵਾਪਸ ਲੈ ਜਾਇਆ ਕਰਦੀ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੀਵਾਨ ਲੱਗਿਆ ਹੋਇਆ, ਸੁਸ਼ੋਭਤ ਨੇ ਆਪ, ਸੰਗਤਾਂ ਆ ਰਹੀਆਂ ਨੇ, ਕੀ ਦੇਖਦੇ ਨੇ ਕਿ ਇੱਕ ਅਜੀਬ ਕਿਸਮ ਦਾ, ਅਜੀਬ ਕੱਪੜੇ ਪਾਏ ਹੋਏ, ਹੱਥ ਵਿੱਚ ਵੀਣਾ ਫੜੀ ਹੋਈ ਹੈ ਤੇ ਕੋਈ ਵਿਅਕਤੀ ਆਇਆ, ਗੁਰੂ ਮਹਾਰਾਜ ਨੂੰ ਪੰਜ ਫੰਘ ਭੇਟ ਕੀਤੇ ਤੇ ਨਮਸ਼ਕਾਰ ਕੀਤੀ, ਉਸ ਤੋਂ ਬਾਅਦ ਕੁਝ ਬਚਨ ਹੋਏ, ਉਸ ਤੋਂ ਬਾਅਦ ਉਹ ਵਾਪਸ ਗਿਆ, ਦੀਵਾਨ ਦੀ ਹੱਦ ਤੱਕ ਤਾਂ ਜਾਂਦਾ ਦਿਸਿਆ, ਉਸ ਤੋਂ ਬਾਅਦ ਸਾਰਿਆਂ ਦੀਆਂ ਅੱਖਾਂ ਤੋਂ ਓਝਲ ਹੋ ਗਿਆ, ਸਾਰੇ ਹੈਰਾਨ ਹੋ ਗਏ ਕਿ ਇਹ ਕੌਣ ਹੋ ਸਕਦਾ ਹੈ। ਦਿਸਦਾ ਸੀਗਾ, ਇੱਕ ਦਮ ਦਿਸਣਾ ਬੰਦ ਕਿਉਂ ਹੋ ਗਿਆ। ਗੁਰੂ ਮਹਾਰਾਜ ਜੀ ਨੂੰ ਪ੍ਰਸ਼ਨ ਕੀਤਾ ਪਾਤਸ਼ਾਹ! ਆਪ ਦੇ ਦਰਬਾਰ ਵਿੱਚ ਕੋਈ ਆਇਆ ਸੀ, ਅਜੀਬ ਕਿਸਮ ਦੇ ਉਹਦੇ ਵਸਤਰ ਸੀ। ਵੀਣਾ ਹੱਥ ਵਿੱਚ ਸੀ, ਕੁਝ ਬਚਨ ਆਪ ਨਾਲ ਹੋਏ ਨੇ, ਕੁਝ ਜੋ ਉਸਨੇ ਭੇਟਾ ਧਰੀ ਹੈ, ਪਾਤਸ਼ਾਹ! ਉਹ ਜਿਸ ਵਕਤ ਆਪ ਨੂੰ ਨਮਸ਼ਕਾਰ ਕਰਕੇ ਗਿਆ ਹੈ, ਉਸ ਤੋਂ ਬਾਅਦ ਉਹ ਦਿਸਿਆ ਨਹੀਂ ਹੈ, ਇੱਕ ਦਮ ਗੁੰਮ ਹੋ ਗਿਆ, ਕੌਣ ਹੋ ਸਕਦਾ ਹੈ। ਮਹਾਰਾਜ ਕਹਿੰਦੇ, ਪਿਆਰਿਓ! ਇਹ ਜਗਤ ਇੱਕ ਤਾਂ ਇਹ ਹੈ, ਜਿਹੜਾ ਤੁਸੀਂ ਠੋਸ ਦੇਖਦੇ ਓਂ, ਪੰਜਾਂ ਤੱਤਾਂ ਦਾ matter ਦਾ ਬਣਿਆ ਹੋਇਆ। ਇੱਕ ਉਹ ਜਗਤ ਹੈ ਜਿਹੜਾ super matter ਦਾ ਹੈ, ਅੱਖਾਂ ਨਾਲ ਨਹੀਂ ਦੇਖਿਆ ਜਾਂਦਾ, ਉਸ 'ਤੇ reflextion ਨਹੀਂ ਪੈਂਦੀ। ਲਾਈਟ ਨਾਲ ਉਹਦਾ ਪਰਤਵਾਂ ਅਕਸ਼ ਨਹੀਂ ਆਉਂਦਾ। ਉਹ ਹੋਰ ਅੱਖਾਂ ਨੇ ਜਿਹੜੀਆਂ ਉਸਨੂੰ ਦੇਖ ਸਕਦੀਆਂ ਨੇ। ਉਹ ਤੁਹਾਡੇ ਉਤੇ ਗੁਰੂ ਦੀ ਕ੍ਰਿਪਾ ਹੋਈ ਕਿ ਤੁਹਾਨੂੰ ਉਹ figre ਨਜ਼ਰ ਆਈ। ਕਹਿਣ ਲੱਗੇ, ਉਹ ਨਾਰਦ ਆਇਆ। ਨਾਰਦ ਨੂੰ ਇਹ ਸ਼ਕਤੀ ਹੈ ਕਿ ਜਿਸ ਬ੍ਰਹਿਮੰਡ 'ਚ, ਜਿੱਥੇ ਵੀ ਜਾਣਾ ਚਾਹੇ ਇੱਕ ਫੁਰਨੇ ਦੇ ਨਾਲ ਉਥੇ ਹੀ ਪਹੁੰਚ ਜਾਂਦਾ ਹੈ। ਕਹਿੰਦੇ, ਉਹ ਏਸ ਵੇਲੇ ਬੈਕੁੰਠ ਧਾਮ 'ਚੋਂ ਆਇਆ ਸੀ। ਇਹ ਦੇਖਣ ਵਾਸਤੇ ਕਿ ਗੁਰੂ ਨਾਨਕ ਪਾਤਸ਼ਾਹ ਨੇ ਕਲਜੁਗ ਦੇ ਵਿੱਚ ਸੰਸਾਰ ਨੂੰ ਤਾਰਨਾ ਹੈ, ਸਤਿਜੁਗ, ਤ੍ਰੇਤਾ, ਦੁਆਪਰ, ਮਨੁੱਖਾਂ ਦੀ ਬਿਰਤੀ ਬੜੀ ਉੱਚੀ ਸੀ। ਗੁਰੂ ਮਹਾਰਾਜ ਨੇ ਇਹਦਾ ਵਿਸ਼ਲੇਸ਼ਣ ਕਰਕੇ ਸਾਨੂੰ ਦੱਸਿਆ ਹੈ ਕਿ ਕਲਜੁਗ ਵਿੱਚ ਜੋ ਬੰਦਾ ਹੈ, ਉਹ ਪ੍ਰੇਤ level ਦਾ ਬੰਦਾ ਹੈ ਮਨੁੱਖੀ ਪੱਧਰ ਦਾ ਬੰਦਾ ਨਹੀਂ। ਸਤਿਜੁਗ ਦੇ ਵਿੱਚ ਜਿਹੜਾ ਹੈ ਉਹ ਬ੍ਰਹਮਗਿਆਨੀ ਹੈ, ਤ੍ਰੇਤੇ ਅਤੇ ਦੁਆਪਰ ਦੇ ਵਿੱਚ Human level ਦੇ ਬੰਦੇ ਹੋਏ ਨੇ, ਕੋਈ ਵੀਹ ਲੱਖ ਤੋਂ ਥੋੜ੍ਹਾ ਜਿਹਾ ਉਪਰ, ਵੀਹ ਲੱਖ ਸਾਲ ਤੇ ਕਲਜੁਗ ਦੇ ਅੰਦਰ ਪ੍ਰੇਤ level ਹੈ ਜਿਨ੍ਹਾਂ ਨੂੰ ਨਾ ਆਪਣੇ future ਦਾ ਪਤਾ ਹੈ, ਨਾ ਇਹ ਪਤਾ ਹੈ ਕਿ ਸੰਸਾਰ ਤੋਂ ਜਾਣਾ ਹੈ, ਕਿੱਥੇ ਜਾਣਾ ਹੈ, ਕੀ ਕਰਨਾ ਹੈ, ਸਾਰੇ ਮਹਾਂਪੁਰਸ਼ ਹਾਕਾਂ ਮਾਰ-ਮਾਰ ਕਹਿੰਦੇ ਨੇ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨*

ਇੱਕ % ਵੀ ਅਸਰ ਨਹੀਂ ਹੁੰਦਾ। ਦੂਸਰਾ ਰੱਬ ਦੀ ਪਛਾਣ

ਕੋਈ ਨਹੀਂ ਹੈ। ਮਹਾਰਾਜ ਕਹਿੰਦੇ ਜਿਹਨੂੰ ਰੱਬ ਦੀ ਪਛਾਣ ਕੋਈ ਨਹੀਂ ਨਾ ਹੈ –

*ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ .....॥ ਅੰਗ – ੧੧੩੧*

ਸਾਨੂੰ ਤਾਂ ਉਸੇ ਤਰ੍ਹਾਂ ਹੀ ਨਹੀਂ ਪਤਾ ਕਿ ਰੱਬ ਹੈ ਕਿਹੋ ਜਿਹਾ। ਬਾਕੀਆਂ ਦੇ ਤਾਂ ਚਲੋ ਦੱਸ ਦਿੰਦੇ ਨੇ ਕਿ ਚਾਰ ਬਾਹਾਂ ਵਾਲਾ ਹੈ, ਕੋਈ ਕਹਿੰਦਾ ਹੈ ਸਫੈਦ ਦਾੜ੍ਹੇ ਵਾਲਾ ਹੈ, ਕੋਈ ਕਿਸੇ ਤਰ੍ਹਾਂ ਦਾ ਤੇ ਕੋਈ ਕਿਸੇ ਤਰ੍ਹਾਂ ਦਾ ਕਹਿੰਦਾ ਹੈ। ਸਾਡੇ ਤਾਂ ਉਹਦਾ ਰੂਪ ਰੰਗ ਹੀ ਨਹੀਂ ਦੱਸਿਆ ਕੋਈ –

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥ ਅੰਗ – ੨੮੩*

ਲੇਕਿਨ ਉਹ ਹਸਤੀ ਹੈ ਜਿਸਨੂੰ ਬੁਝਾ ਦਿੰਦਾ ਹੈ, ਉਹਨੂੰ ਬੁਝਾਉਂਦਾ ਹੈ ਜਿਹਦੇ ਉਤੇ ਪ੍ਰਸੰਨ ਹੋ ਜਾਵੇ ਤੇ ਕਲਜੁਗ ਦੇ ਬੰਦੇ ਨੂੰ ਨਹੀਂ ਪਤਾ, ਰਾਮ ਦੀ ਕੋਈ ਪਛਾਣ ਨਹੀਂ ਹੈ। ਜੇ ਨਹੀਂ ਪਛਾਣ ਉਹ ਪ੍ਰੇਤ ਦੀ ਕੈਟਾਗਿਰੀ 'ਚ ਆਉਂਦਾ ਹੈ।

*...............ਸਤਜੁਗਿ ਪਰਮ ਹੰਸ ਬੀਚਾਰੀ ॥ ਅੰਗ – ੧੧੩੧*

ਸਤਿਜੁਗ ਦਾ ਜੋ ਬੰਦਾ ਸੀ, 17 ਲੱਖ 28 ਹਜ਼ਾਰ ਸਾਲ ਦੇ ਸਮੇਂ ਵਿੱਚ ਉਹ ਪਰਮਹੰਸ ਵਾਹਿਗੁਰੂ ਦੀ ਪਛਾਣ ਵਾਲਾ ਸੀਗਾ। ਉਹਦੇ ਨਾਲ ਜੁੜਿਆ ਰਹਿੰਦਾ ਸੀ ਸਤਿ ਦਾ ਜੀਵਨ ਬਤੀਤ ਕਰਦਾ ਸੀ। ਸਤਿ ਬੋਲਦਾ ਸੀ।

*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥*
*ਅੰਗ – ੧੧੩੧*

ਮਹਾਰਾਜ ਕਹਿੰਦੇ, ਐਨੀ ਦੇਰ ਤੋਂ ਬਾਅਦ ਜਿਹੜੀ intellectual level ਸੀ ਉਹ down fall ਹੋ ਗਿਆ। ਉਹ ਕਿੱਥੇ ਆ ਕੇ ਟਿਕੀ ਇਨਸਾਨ ਤੇ ਆ ਕੇ ਟਿਕੀ। ਖੋਤੇ ਨੂੰ ਕੋਈ ਨਹੀਂ ਕਹਿੰਦਾ ਕਿ ਤੂੰ ਖੋਤਾ ਬਣ ਜਾ। ਬੈਲ ਨੂੰ ਕੋਈ ਨਹੀਂ ਕਹਿੰਦਾ ਕਿ ਤੂੰ ਬੈਲ ਬਣ ਜਾ। ਸਿਰਫ ਇਨਸਾਨ ਹੈ ਜਿਹਨੂੰ ਇਹ ਕਿਹਾ ਜਾਂਦਾ ਹੈ ਕਿ ਤੂੰ ਇਨਸਾਨ ਬਣ ਜਾ ਇਨਸਾਨਾਂ ਵਾਲੇ ਕੰਮ ਕਰ। ਤੇਰੀ ਸ਼ਕਲ ਤਾਂ ਮਨੁੱਖਾਂ ਵਾਲੀ ਹੈ ਪਰ ਤੂੰ ਪਸ਼ੂਆਂ ਦੇ ਕੰਮ ਕਰਦਾ ਹੈਂ –

*ਕਰਤੂਤਿ ਪਸੂ ਕੀ ਮਾਨਸ ਜਾਤਿ ॥ ਅੰਗ – ੨੬੭*

ਪਸ਼ੂ ਦੀ ਕਰਤੂਤ ਕਰਦਾ ਹੈ, ਮਾਨਸ ਤੇਰੀ ਜਾਤ ਹੈ। ਇਹਨੂੰ ਹੀ ਕਹਿੰਦੇ ਨੇ ਤੂੰ ਆਪਣੇ ਥਹੁ ਟਿਕਾਣੇ ਆ। ਮਨੁੱਖ ਤਾਂ ਬਣ ਜਾ ਜੇ ਹੋਰ ਕੁਛ ਨਹੀਂ ਬਣਨਾ ਤੇ ਕਲਜੁਗ ਦੇ ਅੰਦਰ 4 ਲੱਖ 32 ਹਜ਼ਾਰ ਸਾਲ ਦਾ ਸਮਾਂ ਹੈ ਇਹਦੇ ਵਿਚ ਮਹਾਰਾਜ ਕਹਿੰਦੇ ਐਨਾ down fall ਹੋਇਆ, Intellectual level ਦਾ, ਪ੍ਰਮੇਸ਼ਰ ਨਾਲੋਂ ਪੂਰੀ ਤਰ੍ਹਾਂ ਟੁੱਟ ਗਿਆ ਇਹ। ਭੁੱਲ ਗਿਆ ਕਿ ਪ੍ਰਮੇਸ਼ਰ ਵੀ ਕੋਈ ਹੈ। ਕੋਈ ਯਾਦ ਕਰਾਵੇ ਤਾਂ ਥੋੜ੍ਹਾ ਜਿਹਾ ਯਾਦ ਹੁੰਦਾ ਹੈ ਉਸ ਤੋਂ ਬਾਅਦ ਨਹੀਂ ਯਾਦ ਰਹਿੰਦਾ ਇਹਦੇ। ਹਰ ਵਕਤ ਭੁੱਲਿਆ ਰਹਿੰਦਾ ਹੈ। ਮਹਾਰਾਜ ਕਹਿੰਦੇ –

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*
*ਅੰਗ – ੫੫੬*

ਸੋ ਐਸੇ level ਦੇ ਵਿੱਚ ਅਸੀਂ ਲੰਘ ਰਹੇ ਹਾਂ ਉਹ provision ਹੈ ਜੇ ਤਾਂ provision ਸਾਡੇ 'ਤੇ ਲਾਗੂ ਹੁੰਦਾ ਹੈ ਤਾਂ, ਤਾਂ ਮਹਾਰਾਜ ਕਿਸੇ ਦੀ ਲਿਹਾਜ਼ ਨਹੀਂ ਕਰਦੇ। ਕਿੱਡਾ ਹੀ ਵੱਡਾ ਹੈ, ਕਿੱਡਾ ਹੀ ਕੋਈ ਹੈ। ਜੇ ਉਹਨੂੰ ਰਾਮ ਦੀ ਪਛਾਣ ਹੋ ਗਈ, ਮਹਾਰਾਜ ਕਹਿੰਦੇ ਉਹ ਸਭ ਤੋਂ ਉੱਚਾ ਹੈ। ਸੋ ਕਲਜੁਗ ਦੇ ਵਿੱਚ ਜੋ ਸਾਧਨ ਹੈ, ਕਲਜੁਗ ਦੇ ਬੰਦਿਆਂ ਨੂੰ ਪਾਰ ਲੰਘਾਉਣਾ ਵਾਲਾ, ਪਹਿਲਾ ਤਾਂ ਇਹ ਹੈ ਕਿ ਇੱਥੇ ਮਾਇਆ ਨੇ ਆਪਣਾ ਪੂਰਾ ਜੌਹਰ ਦਿਖਾਇਆ ਹੋਇਆ ਹੈ। ਪੂਰੀ ਤਰ੍ਹਾਂ ਨਾਲ ਮੂਰਛਤ ਕਰ ਲਿਆ ਬੰਦੇ ਨੂੰ। ਐਨੀਆਂ ਨਵੀਆਂ-ਨਵੀਆਂ ਬਾਤਾਂ ਨਿਕਲਦੀਆਂ ਨੇ, ਨਵੀਆਂ-ਨਵੀਆਂ ਚੀਜ਼ਾਂ ਆ ਰਹੀਆਂ ਨੇ। ਭੁੱਲ ਗਿਆ ਪ੍ਰਮੇਸ਼ਰ ਨੂੰ ਕਿ ਪ੍ਰਮੇਸ਼ਰ ਕੋਈ ਹੈ। ਬਈ ਇਹ ਫੇਰ ਕਿਵੇਂ ਤਾਰ ਰਹੇ ਨੇ, ਸਤਿਜੁਗ ਵਿੱਚ ਤਾਂ ਸਤਿ ਸੀਗਾ। ਤ੍ਰੇਤੇ ਦੇ ਅੰਦਰ ਯੱਗ ਵਗੈਰਾ ਸੀਗੇ। ਦੁਆਪਰ ਦੇ ਅੰਦਰ ਪੂਜਾ ਸੀ, ਅਰਚਣ ਸੀ। ਇਹਦੇ ਵਿੱਚ ਤਾਂ ਤਿੰਨ ਜੁਗਾਂ ਦੇ ਬੰਦੇ ਲੰਘ ਜਾਂਦੇ ਸੀ ਤੇ ਐਸੇ ਭਿਆਨਕ ਯੁੱਗ ਦੇ ਅੰਦਰ ਜਿਸਨੂੰ ਕਲਜੁਗ ਆਖਦੇ ਨੇ –

*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥*
*ਅੰਗ – ੯੦੨*

ਕਹਿੰਦੇ ਪਿਆਰਿਓ, ਇਹ ਦੇਖਣ ਆਇਆ ਸੀ ਬਈ ਇਹੋ ਜਿਹੇ ਸਮੇਂ ਵਿੱਚ ਕਿਸ ਤਰ੍ਹਾਂ ਦੇ ਨਾਲ ਮਨੁੱਖ ਪਾਰ ਹੁੰਦੇ ਨੇ ਤੇ ਅਸੀਂ ਉਹਨੂੰ ਦੱਸਿਆ ਕਿ ਗੁਰੂ ਨਾਨਕ ਪਾਤਸ਼ਾਹ ਦਰਗਾਹ ਤੋਂ ਅੰਮ੍ਰਿਤ ਨਾਮ ਦਾ ਪਿਆਲਾ ਲਿਆਏ ਸੀ। ਉਹ ਨਾਮ ਦਾ ਜੋ ਕਰਮ ਹੈ, ਨਾ ਤ੍ਰੇਤੇ ਦਾ, ਨਾ ਦੁਆਪਰ ਦਾ, ਨਾ ਸਤਿਜੁਗ ਦਾ, ਕੋਈ ਇਹਦੇ ਬਰਾਬਰ ਨਹੀਂ ਪਹੁੰਚ ਸਕਦਾ। ਅਨੁਭਵੀ ਮਹਾਂਪੁਰਸ਼ਾਂ ਦਾ ਅਨੁਭਵ ਹੈ ਕਿ ਸਤਿਜੁਗ ਦੇ ਅੰਦਰ ਦਸ ਹਜ਼ਾਰ ਸਾਲ ਕੋਈ ਤਪ ਕਰੇ, ਤ੍ਰੇਤੇ ਯੁੱਗ ਦੇ ਇੱਕ ਹਜ਼ਾਰ ਸਾਲ ਦੇ ਤਪ ਦੇ ਬਰਾਬਰ ਹੁੰਦਾ ਹੈ, ਦੁਆਪਰ ਯੁੱਗ ਦੇ ਸੌ ਸਾਲ ਦੇ ਤਪ ਦੇ ਬਰਾਬਰ ਹੁੰਦਾ ਹੈ ਤੇ ਕਲਜੁਗ 'ਚ ਐਡਾ concession ਹੈ ਕਿ –

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ – ੧੩੭੭*

ਜੇ ਉਹ ਸਤਿ ਦੀ ਸੰਗਤ ਕਰ ਲਵੇ, ਉਹਦਾ ਉਧਾਰ ਹੋ ਜਾਂਦਾ ਹੈ ਲੇਕਿਨ ਸੰਗਤ ਨਹੀਂ ਮਿਲਦੀ, ਭਾਗਾਂ ਤੋਂ ਬਗੈਰ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਅੰਗ – ੬੪੨*

ਕਲਜੁਗ ਦੇ ਅੰਦਰ ਹਰੀ ਦਾ ਕੀਰਤਨ ਤੇ ਸਾਧੂ ਦੀ ਸੰਗਤ, ਸਾਰਿਆਂ ਨਾਲੋਂ ਸ਼ਰੋਮਣੀ ਕਰਮ, ਪਰ ਇਹਦੇ ਵਿੱਚ ਵੀ provision ਹੈ –

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨*

ਪਰ ਇਹ ਮਿਲਦੀ ਉਹਨੂੰ ਹੈ ਜਿਹਦੇ ਮਸਤਕ ਦੇ ਵਿੱਚ ਦਰਗਾਹ ਤੋਂ ਲੇਖ ਲਿਖਿਆ ਹੋਇਆ ਹੋਵੇ। ਸੋ ਕਹਿਣ ਲੱਗੇ ਕਿ ਇਹ ਸਾਧਨ ਦੇਖਣ ਆਇਆ ਸੀ। ਪਿਛਲੇ ਜੁਗਾਂ ਦੇ ਜੋ ਸਾਧਨ ਸੀ ਮੈਂ ਦੱਸਣ ਲੱਗਿਆ ਹਾਂ ਤੁਹਾਨੂੰ ਕਿ ਕਿਸ ਤਰ੍ਹਾਂ ਦੇ ਨਾਲ ਉਹ ਲੰਘਿਆ ਕਰਦੇ ਸੀ ਤਾਂ ਸਮਾਂ ਇਸੇ ਗੱਲ 'ਚ ਖਤਮ ਹੋ

ਜਾਏਗਾ। ਕਿਉਂਕਿ ਅੱਜਕੱਲ੍ਹ ਸਾਡੇ, ਜਿਹੜੇ ਦੇਸ਼ਾਂ 'ਚ ਮੈਂ ਫਿਰ ਰਿਹਾ ਹਾਂ ਇੱਥੇ ਸਮਾਂ-ਸਮਾਂ ਹੀ ਹੋਈ ਜਾਂਦਾ ਹੈ ਹਰ ਥਾਂ, ਇੱਥੇ ਪੁੱਛੋ ਕਿ ਫਲਾਣੇ ਥਾਂ ਜਾਣਾ ਹੈ ਪੁੱਛਣਾ ਕਿ ਕਿੰਨੇ ਮੀਲ ਹੈ? ਮੈਂ ਅਮਰੀਕਾ 'ਚ ਪੁੱਛਦਾ ਸੀ ਕਿੰਨੇ ਮੀਲ ਹੈ? ਉਹ ਕਹਿੰਦੇ ਜੀ, ਦੋ ਘੰਟੇ ਦੀ ਡਰਾਈਵ ਹੈ, ਕੋਈ ਨਹੀਂ ਸੀ ਦਸਦਾ ਮੀਲ, ਮੈਂ ਸਾਰੇ ਪਰਤਿਆ-ਪਰਤਿਆ ਦੇਖਿਆ। ਮੈਂ ਕਿਹਾ, ਟਾਈਮ ਦੇ ਬੰਨ੍ਹੇ ਹੋਏ ਬੰਦੇ ਨੇ। ਸਮੇਂ ਨੂੰ ਕਾਲ ਕਹਿੰਦੇ ਨੇ, ਕਾਲ ਨੇ ਆਪਣੇ ਵਸ ਵਿੱਚ ਕੀਤੇ ਹੋਏ ਬੰਦੇ ਨੇ। ਇਹ ਬੈਠ ਕੇ ਟਿਕ ਕੇ ਸਤਿਸੰਗ ਨਹੀਂ ਸੁਣ ਸਕਦੇ। ਇਨ੍ਹਾਂ ਦਾ ਮਨ ਗੈਰਹਾਜ਼ਰ ਹੋ ਜਾਂਦਾ ਹੈ, ਵੱਡੇ ਤੋਂ ਵੱਡਾ ਜਿਹੜਾ ਲਾਭ ਹੋ ਰਿਹਾ ਹੈ, ਜਿੱਥੇ ਏਸਨੂੰ ਬੇਅੰਤ ਲਾਭ ਹੋਣਾ ਹੈ ਉਹਨੂੰ ਵੀ ਸਮੇਂ ਦੇ ਨਾਲ ਦੇਖਦੇ ਨੇ ਕਿ ਐਨਾ ਟਾਈਮ ਲੱਗਣਾ ਹੈ।

ਮੈਂ ਬੰਬੇ ਗਿਆ, ਮਲਹੋਤਰਾ ਸਾਹਿਬ ਮੇਰੇ ਨਾਲ ਸੀ, ਇਹ ਡਾਇਰੈਕਰ ਨੇ ਸੈਂਟਰਲ ਗੋਰਮਿੰਟ 'ਚ, ਉਥੇ ਜਦੋਂ ਮੈਂ ਗਿਆ ਤਾਂ ਸਾਰੀਆਂ ਸਿੰਘ ਸਭਾਵਾਂ, ਦਾਦਰ ਸਿੰਘ ਸਭਾ ਦੇ ਜਿਹੜੇ ਪ੍ਰੈਜ਼ੀਡੈਂਟ ਸੀ, ਭੱਲਾ ਸਾਹਿਬ ਉਹ ਮੈਨੂੰ ਆ ਕੇ ਥੋੜ੍ਹਾ ਜਿਹਾ console ਕਰਨ ਲੱਗ ਗਏ। ਮੈਨੂੰ ਕਹਿੰਦੇ ਜੀ ਇਹ ਜਿਹੜਾ ਬੰਬੇ ਦਾ ਵਤੀਰਾ ਹੈ, ਉਸ 'ਤੇ ਨਰਾਜ਼ ਨਾ ਹੋਇਓ। ਕਹਿੰਦੇ, ਇੱਥੇ ਇਹ ਹੈ ਕਿ ਪੰਦਰਾਂ ਮਿੰਟ ਬੈਠਦੇ ਨੇ, ਮੱਥਾ ਟੇਕਦੇ ਨੇ, ਲੰਗਰ ਚਲਦਾ ਹੁੰਦਾ ਹੈ, ਉਸ ਤੋਂ ਬਾਅਦ ਲੰਗਰ ਛਕ ਲੈਂਦੇ ਨੇ ਮੁੜ ਕੇ ਕੋਈ ਨਹੀਂ ਆਉਂਦਾ ਗੁਰੂ ਦਰਬਾਰ 'ਚ, ਪਰ੍ਹੇ ਨੂੰ ਹੀ ਨਿਕਲ ਜਾਂਦੇ ਨੇ। ਮੈਂ ਕਿਹਾ, ਮੈਂ ਤਾਂ ਕਦੇ ਦੇਖਿਆ ਹੀ ਨਹੀਂ ਕਿ ਕੋਈ ਬੈਠਾ ਹੈ ਕਿ ਸਭ ਚਲੇ ਗਏ। ਮੈਂ ਕਦੇ ਨਹੀਂ ਦੇਖਿਆ ਏਸ ਗੱਲ ਨੂੰ। ਕਿਉਂਕਿ ਜਿਹੜੇ ਬੈਠੇ ਨੇ ਇਹ ਤਾਂ ਬੈਠੇ ਹੀ ਨੇ ਇਨ੍ਹਾਂ ਤੋਂ ਬਗੈਰ ਜਿਹੜੇ ਹੋਰ ਬੈਠੇ ਨੇ ਉਹ ਨਜ਼ਰ ਨਹੀਂ ਆ ਰਹੇ। ਇੱਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਐਸਾ ਹੀ ਬਚਨ ਕਰ ਰਹੇ ਸੀ। ਕਹਿਣ ਲੱਗੇ, ਪਿਆਰਿਓ! ਸਤਿਸੰਗ ਦੇ ਅੰਦਰ ਤੁਸੀਂ ਹੀ ਨਹੀਂ ਆਏ ਹੋਏ। ਜਿੱਥੇ ਸਤਿਸੰਗ ਹੁੰਦਾ ਹੈ -

***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***

***ਅੰਗ - ੭੨***

ਓਸ ਥਾਂ ਦੇ ਉਤੇ ਸਵਰਗਾਂ ਦੇ ਦੇਵਤੇ, 68 ਤੀਰਥਾਂ ਦੇ ਅਭਿਮਾਨੀ ਦੇਵਤੇ, ਸਾਰੇ ਸਤਿਸੰਗ 'ਚ ਆ ਕੇ ਬੈਠ ਜਾਂਦੇ ਨੇ। ਗੁਰੂ ਨਾਨਕ ਪਾਤਸ਼ਾਹ ਨੇ ਇੱਕ ਠੱਗਾਂ ਦੇ ਪਿੰਡ 'ਚ ਕੀਰਤਨ ਕਰਿਆ, ਮਰਦਾਨੇ ਨੇ ਜਦੋਂ ਭੋਗ ਪਾ ਦਿੱਤਾ ਕਹਿੰਦਾ ਸੱਚੇ ਪਾਤਸ਼ਾਹ! ਭਾਈ ਬਾਲਾ, ਮੈਂ ਤੇ ਤੁਸੀਂ; ਹੋਰ ਤਾਂ ਇੱਥੇ ਕੋਈ ਆਇਆ ਹੀ ਨਹੀਂ ਸੁਣਨ। ਮਹਾਰਾਜ ਕਹਿੰਦੇ ਮਰਦਾਨਿਆਂ! ਕੀਰਤਨ ਇਹੋ ਜਿਹੀ ਚੀਜ਼ ਨਹੀਂ ਹੈ, ਜਿਹੜਾ ਹਰ ਬੰਦੇ ਦੇ ਭਾਗ ਵਿੱਚ ਹੈ। ਇਹ ਭਾਗਾਂ ਤੋਂ ਬਿਨਾਂ ਨਹੀਂ ਪ੍ਰਾਪਤ ਹੋਇਆ ਕਰਦਾ। ਪਰ ਤੂੰ ਉਦਾਸ ਨਾ ਹੋ, ਇੱਥੇ ਸਾਰੇ ਸਵਰਗਾਂ ਦੇ ਦੇਵਤੇ, ਅਵਿਅਕਤ ਵਿਅਕਤੀਆਂ ਜਿਨ੍ਹਾਂ ਦੀ ਗਤੀ ਨਹੀਂ ਹੋਈ, ਉਹ ਵੀ ਇਹਦਾ ਫਲ ਲੈ ਕੇ, ਉਨ੍ਹਾਂ ਦੀ ਗਤੀ ਹੋ ਜਾਏਗੀ। ਬੇਅੰਤ ਬੈਠੇ ਨੇ, ਇਹ ਨਹੀਂ ਹੁੰਦਾ ਕਿ ਜਿੱਥੇ ਹਰੀ ਦਾ ਜਸ ਹੋਵੇ ਉਥੇ ਕੋਈ ਸੁਣਨ ਵਾਲਾ ਨਹੀਂ ਹੁੰਦਾ, ਤੁਸੀਂ ਉਜਾੜ 'ਚ ਕਰ ਲਓ, ਉਥੇ ਵੀ ਸੁਣਨ ਵਾਲੇ ਹੋਣਗੇ। ਗੁਰੂ ਦਸਵੇਂ ਪਾਤਸ਼ਾਹ ਨੇ ਬਚਨ ਜਦੋਂ ਕਰਿਆ, ਇੱਕ ਸਿੰਘ ਖੜ੍ਹਾ ਹੋ ਗਿਆ। ਕਹਿੰਦਾ, ਸੱਚੇ ਪਾਤਸ਼ਾਹ! ਕਦੇ ਕ੍ਰਿਪਾ ਕਰਕੇ ਦਰਸ਼ਨ ਵੀ ਕਰਾ ਦਿਓ। ਮਹਾਰਾਜ ਨੂੰ ਉੱਚਾ ਹੱਥ ਚੁੱਕਿਆ ਆਪ ਦੇ ਮੁਖਾਰਬਿੰਦ ਤੋਂ ਫੁਰਮਾਨ ਹੋਇਆ -

***ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥***

***ਅੰਗ - ੨੯੪***

ਸਾਰਿਆਂ ਨੂੰ ਦਿੱਬਯ ਦ੍ਰਿਸ਼ਟ ਦੇ ਦਿੱਤੀ। ਕੀ ਦੇਖਦੇ ਨੇ ਕਿ ਦੀਵਾਨ ਦੇ ਅੰਦਰ ਜਗਮਗ-ਜਗਮਗ ਹੋ ਰਹੀ ਹੈ। ਬੇਅੰਤ ਕਿਸਮ ਦੇ ਦੇਵਤੇ, ਬੇਅੰਤ ਲੋਕਾਂ ਤੋਂ ਆਏ ਹੋਏ, ਅਵਿਅਕਤ ਰੂਹਾਂ ਬੈਠੀਆਂ ਨੇ, ਇੱਕ ਅਵਿਅਕਤ ਰੂਹਾਂ ਆਪਾਂ ਜਿਨ੍ਹਾਂ ਦੇ ਪੰਜ ਤੱਤ ਪੂਰੇ ਨੇ। ਅਵਿਅਕਤ ਰੂਹਾਂ ਜਿਹੜੀਆਂ ਹੁੰਦੀਆਂ ਨੇ ਉਨ੍ਹਾਂ 'ਚ ਸਿਰਫ ਦੋ ਤੱਤ ਹੁੰਦੇ ਨੇ। ਆਕਾਸ਼ ਹੁੰਦਾ ਹੈ ਤੇ ਲਾਈਟ ਹੁੰਦੀ ਹੈ। ਸਾਡੇ ਅੰਦਰ ਪੰਜ ਤੱਤ ਨੇ। ਇਨ੍ਹਾਂ ਅੱਖਾਂ ਨਾਲ ਲਾਈਟ ਨਹੀਂ ਦਿਸਦੀ ਹੈ। ਮਹਾਰਾਜ ਨੇ ਕ੍ਰਿਪਾ ਕਰੀ ਦਿਖਾ ਦਿੱਤੀ। ਏਨੇ ਦੇ ਵਿੱਚ ਇੱਕ ਪ੍ਰੇਮੀ ਆਇਆ ਉਹਨੇ ਆ ਕੇ ਨਮਸ਼ਕਾਰ ਕਰੀ, ਮਹਾਰਾਜ ਕਹਿੰਦੇ, ਪਿਆਰਿਓ! ਜਾਓ ਜਾ ਕੇ ਕਿਊੜਾ ਲਿਆਓ, ਉਹ ਛਿੜਕੋ। ਹੁਕਮ ਦੀ ਤਾਮੀਲ ਹੋਈ ਲੇਕਿਨ ਦੇਖਦੇ-ਦੇਖਦੇ ਹਿਲਜੁਲ ਪੈ ਗਈ। ਉਹ ਜਿੰਨੀਆਂ ਅਵਿਅਕਤ ਰੂਹਾਂ ਸੀ, ਸਾਰੀਆਂ ਹੀ ਚਲੀਆਂ ਗਈਆਂ। ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਕੀ ਗੱਲ ਹੋਈ? ਦਰਸ਼ਨ ਵੀ ਕਰਾਏ ਪਰ ਚਲੇ ਕਿਉਂ ਗਏ? ਕਹਿੰਦੇ, ਪ੍ਰੇਮੀਓ! ਆਹ ਜਿਹੜਾ ਬੰਦਾ ਆਇਆ ਹੈ ਇਹ ਰਾਜਾ ਹੈ ਕਿਸੇ ਦੇਸ਼ ਦਾ। ਇਹਨੇ ਤਿੰਨ ਦਿਨ ਹੋਏ ਤਮਾਕੂ ਪੀਤਾ ਸੀ। ਉਹਦੀ ਦੁਰਗੰਧ ਇਹਦੇ ਸਰੀਰ 'ਚ ਐਨੀ ਜ਼ਬਰਦਸਤ ਹੈ, ਉਹ ਦੇਵਤਾ ਲੋਕ ਸਹਿ ਨਹੀਂ ਸਕਦੇ, ਇਸ ਕਰਕੇ ਚਲੇ ਗਏ। ਰਹਿਤਨਾਮੇ 'ਚ ਲਿਖਿਆ ਹੈ -

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜ ਜਾਇ।***

ਭੋਰਾ ਜਿੰਨਾਂ ਕੋਈ ਤਮਾਕੂ ਦਾ ਸੇਵਨ ਕਰ ਲਓ, ਜਿਹੜੇ ਦੇਵਤੇ ਤੇ ਪਿੱਤਰ ਲੋਕ ਰਾਖੀ ਕਰ ਰਹੇ ਨੇ, ਕਿਉਂਕਿ ਇੱਕ ਆਹੀ ਦੁਨੀਆਂ ਨਹੀਂ ਹੈ, ਇਹ ਦੁਨੀਆਂ ਤਾਂ temporary ਹੈ ਆਉਂਦੇ ਹਾਂ ਜਾਂਦੇ ਹਾਂ, ਆਉਂਦੇ ਹਾਂ ਜਾਂਦੇ ਹਾਂ। ਇਹਦੇ 'ਚ ਜਿਹੋ ਜਿਹਾ ਕਿਸੇ ਨੂੰ ਕਾਬਿਲ ਬਣਾ ਲਓਂਗੇ ਉਹੋ ਜਿਹੇ ਥਾਂ ਜਾ ਕੇ ਨਿਵਾਸ ਹੋ ਜਾਇਆ ਕਰਦਾ ਹੈ। ਇਸੇ ਕਰਕੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ -

***ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥***

***ਅੰਗ - ੧੩***

ਕੋਈ ਅੱਗਾ ਹੈਗਾ ਤਾਂ ਹੀ ਮਹਾਰਾਜ ਸਾਨੂੰ ਬਾਰ-ਬਾਰ ਕਹਿੰਦੇ ਨੇ ਤੇ ਉਹ ਦੇਵ ਪਿੱਤਰ, ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿੱਤਰ ਲੋਕ, ਸਵਰਗ ਲੋਕ, ਇੰਦ੍ਰ ਲੋਕ, ਕਰਮਦੇਵ ਲੋਕ, ਅਜਾਨ ਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ ਇਹ ਗਿਆਰ੍ਹਾਂ ਕਾਲ ਤੇ ਮਾਇਆ ਦੇ ਮੰਡਲ ਵਿੱਚ ਨੇ। ਇਹਦੇ ਉਪਰ ਜਿਹੜੇ ਮੰਡਲ ਨੇ ਉਹ ਬੰਦਗੀ ਕਰਨ ਵਾਲਿਆਂ ਨੂੰ ਪਤਾ ਹੈ। ਉਨ੍ਹਾਂ 'ਚੋਂ -

***ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥***

***ਅੰਗ - ੮***

ਉਹ matter 'ਚ ਨਹੀਂ ਹੈ, anti-matter ਦੁਨੀਆਂ ਹੈ

ਉਥੇ। ਆਤਮਕ ਦੁਨੀਆਂ ਹੈ, ਆਤਮਕ ਸਰੀਰ ਨੇ। ਉਹ ਛੱਡ ਜਾਂਦੇ ਨੇ ਸਾਰੇ। ਪਹਿਲਾਂ ਆਪਣੀ ਕੁੱਲ ਦੇ ਉਤੇ ਅਧਿਕਾਰ ਹੈ ਉਨ੍ਹਾਂ ਨੂੰ, ਉਨ੍ਹਾਂ ਨੂੰ ਵਿਘਨਾਂ ਤੋਂ ਬਚਾਉਂਦੇ ਨੇ। ਸੋ ਸਾਰੇ ਇੱਥੇ ਹੀ ਛੱਡ ਜਾਂਦੇ ਨੇ। ਕਹਿੰਦੇ ਜੀ, ਪਾਪ ਕਿੰਨਾ ਹੁੰਦਾ ਹੈ? ਕਹਿੰਦੇ-

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*
*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*

ਤਮਾਕੂ ਪੀਣ ਵਾਲੇ ਤੋਂ ਪਾਣੀ ਲੈ ਕੇ ਪੀ ਕੇ, ਜਿਹੋ ਜਿਹਾ ਸ਼ਰਾਬ ਦਾ ਦੋਸ਼ ਲਗਦਾ ਹੈ, ਉਹੋ ਜਿਹਾ ਦੋਸ਼ ਲਗਦਾ ਹੈ। ਸ਼ਰਾਬ ਦਾ ਦੋਸ਼ ਕਿੰਨਾ ਹੈ।

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*

ਸੱਤ ਕੁਲਾਂ ਦਾ ਨਾਸ਼ ਸ਼ਰਾਬ ਕਰਦੀ ਹੈ -

*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਜੋ ਤਮਾਕੂ ਹੈ ਉਹ ਸੌ ਕੁਲ ਦਾ ਨਾਸ਼ ਕਰਦਾ ਹੈ। ਨਿੰਦਿਆ ਕਰਨ ਵਾਲਾ ਤਾਂ ਕਹਿੰਦੇ ਕੁਲਾਂ ਨੂੰ ਡੋਬ ਹੀ ਦਿੰਦਾ ਹੈ ਏਸ ਕਰਕੇ ਗੁਰੂ ਮਹਾਰਾਜ ਨੇ ਕਿਹਾ ਹੈ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥* *ਅੰਗ - ੩੨੮*

ਇਹੋ ਜਿਹੇ ਪੁੱਤਰ ਨੂੰ ਜਨਮ ਦੇ ਦਿੱਤਾ, ਬਜ਼ੁਰਗਾਂ ਨੇ ਕੀ ਕਸੂਰ ਕਰਿਆ ਸੀ ਕਿ ਸਾਰਿਆਂ ਦੇ ਤਪ ਨਸ਼ਟ ਕਰ ਦਿੱਤੇ।

ਸੋ ਇਸ ਤਰ੍ਹਾਂ ਸੰਗਤ ਵਿੱਚ ਵਿਅਕਤ, ਅਵਿਅਕਤ ਸਾਰੇ ਆਉਂਦੇ ਨੇ। ਮਹਾਰਾਜ ਕਹਿਣ ਲੱਗੇ ਕਿ ਇਹ ਨਾਰਦਮੁਨੀ ਆਇਆ ਹੈ, ਪੰਜ ਫੰਘ ਦੇ ਗਿਆ।

ਮਹਾਰਾਜ ਇਨ੍ਹਾਂ ਦਾ ਕੀ ਮਤਲਬ ਹੈ?

ਮਹਾਰਾਜ ਨੇ ਪੰਜ ਸਿੰਘ ਬੁਲਾਏ, ਕਹਿਣ ਲੱਗੇ ਇਨ੍ਹਾਂ ਨੂੰ ਸਿੰਗਲੀਗਰ ਕੋਲ ਲੈ ਜਾਓ। ਉਨ੍ਹਾਂ ਨੂੰ ਕਹੋ ਕਿ ਤੀਰ ਦੀ ਮੁਖੀ ਦੇ ਨਾਲ ਜੜ੍ਹ ਦੇਣ ਇਹ। ਹੁਕਮ ਦੀ ਤਾਮੀਲ ਹੋ ਗਈ। ਗੁਰੂ ਮਹਾਰਾਜ ਨੇ ਕਿਹਾ ਕਿ ਅਸੀਂ ਇਹ ਬਾਣ ਚਲਾਵਾਂਗੇ। ਇਹ ਬਾਣ ਤੁਸੀਂ ਟੋਲ੍ਹ ਕੇ ਲਿਆਉਣਾ। ਉਸ ਵੇਲੇ ਦੂਰ-ਦੂਰ ਤੱਕ ਖੜ੍ਹ ਗਈ ਸੰਗਤ। ਮਹਾਰਾਜ ਕਹਿੰਦੇ, ਅਸੀਂ ਬਿਲਕੁਲ ਸਿੱਧਾ ਚਲਾਵਾਂਗੇ। ਜੇ ਥੱਲੇ ਨੂੰ ਆਉਣਾ ਹੋਇਆ ਤਾਂ ਇਸੇ ਘੇਰੇ ਵਿੱਚ ਆਏਗਾ। ਚਲੋ ਤੁਸੀਂ ਦੂਰ-ਦੂਰ ਖੜ੍ਹੋ। ਮਹਾਰਾਜ ਜੀ ਨੇ ਬਾਣ ਚਲਾਇਆ, ਉਪਰ ਨੂੰ ਜਾਂਦਾ ਦਿਸਿਆ, ਹੇਠਾਂ ਨੂੰ ਆਉਂਦਾ ਕਿਸੇ ਨੂੰ ਨਾ ਦਿਸਿਆ। ਬੜੀ ਤਲਾਸ਼ ਹੋਈ।

ਮਹਾਰਾਜ ਜੀ! ਲੱਭਿਆ ਨਹੀਂ?

ਮਹਾਰਾਜ ਜੀ ਨੇ ਦੂਜਾ ਚਲਾਇਆ, ਤੀਜਾ, ਚੌਥਾ, ਪੰਜਵਾਂ। ਸਾਰੇ ਹੈਰਾਨ ਕਿ ਸੱਚੇ ਪਾਤਸ਼ਾਹ! ਕਿੱਥੇ ਚਲੇ ਗਏ ਇਹ। ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਓ! ਸਪੇਸ ਦੇ ਵਿੱਚ ਇੱਕ ਪੰਛੀ ਹੈ ਜਿਹਦਾ ਨਾਉਂ ਅਨਲ ਹੈ। ਉਹ ਉਥੇ ਹੀ ਬੱਚੇ ਦਿੰਦਾ ਹੈ, ਉਸ ਥਾਂ 'ਤੇ ਬੱਚੇ ਪਲਦੇ ਨੇ। ਉਥੇ ਹੀ ਉਹਦੀ ਖੁਰਾਕ ਹੈ ਸੂਖਸ਼ਮ। ਇਹ ਉਹਦੇ ਫੰਘ ਨੇ, ਇਹਦੇ ਵਿੱਚ ਇਹ ਤਾਸੀਰ ਹੈ ਕਿ ਜੇ ਕਿਸੇ ਚੀਜ਼ ਨੂੰ ਇਹਦੇ ਨਾਲ ਬੰਨ੍ਹ ਕੇ ਚਲਾ ਦਿਓ ਤਾਂ ਇਹ ਆਪਣੇ ਦੇਸ਼ ਵਿੱਚ ਚਲਿਆ ਜਾਂਦਾ ਹੈ। ਸਾਰਿਆਂ ਨੇ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਆਪ ਦੇ ਜੋ ਕੌਤਕ ਨੇ ਉਹਦਾ ਕੋਈ ਅੰਤਰੀਵੀ ਭਾਵ ਹੁੰਦਾ ਹੈ, ਸਾਨੂੰ ਅੰਤਰੀਵੀ ਭਾਵ ਦੱਸਣ ਦੀ ਖੇਚਲ ਕਰੋ। ਤਾਂ ਕਿ ਸਾਡੇ ਮਨ ਵਿੱਚੋਂ ਸ਼ੰਕਾ ਨਵਿਰਤ ਹੋ ਜਾਵੇ।

ਮਹਾਰਾਜ ਕਹਿੰਦੇ, ਪਿਆਰਿਓ! ਇਹਦਾ ਅੰਤਰੀਵੀ ਭਾਵ ਹੈ, ਇਹ ਬਾਣੀ ਧੁਰ ਸਚਖੰਡ 'ਚੋਂ ਆਈ ਹੈ। ਇਹ ਬਾਣੀ ਸ਼ਬਦ ਹੈ, ਸ਼ਬਦ ਬ੍ਰਹਮ ਹੈ। ਇਹ ਨਿਰੰਕਾਰ ਦਾ ਰੂਪ ਹੈ ਜਿਸਦਾ ਮਨ ਇਹਦੇ ਨਾਲ ਲਗ ਜਾਣਾ ਹੈ, ਉਹਨੂੰ ਇਹਨੇ ਨਿਰੰਕਾਰ ਦੇ ਦੇਸ਼ 'ਚ ਲੈ ਜਾਣਾ ਹੈ। ਜਿਸਦੇ ਹਿਰਦੇ 'ਚ ਵਸ ਜਾਣੀ ਹੈ ਉਹਦੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਬਹੁਤ ਪ੍ਰੇਮੀਆਂ ਦਾ ਇਹ ਖਿਆਲ ਹੁੰਦਾ ਹੈ ਕਿ ਦੁੱਖਾਂ ਦਾ ਖਾਤਮਾ ਬਾਣੀ ਕਿਵੇਂ ਕਰ ਦਿੰਦੀ ਹੈ ਕਿ ਅਸੀਂ ਤਾਂ ਪੜ੍ਹਦੇ ਹਾਂ, ਸਾਡਾ ਤਾਂ ਖਾਤਮਾ ਨਹੀਂ ਹੁੰਦਾ।

ਮੈਂ ਤੁਹਾਨੂੰ ਦੋ ਚਾਰ ਪ੍ਰੈਕਟੀਕਲ ਮਿਸਾਲਾਂ ਦਿੰਦਾ ਹਾਂ। ਮੈਨੂੰ ਸਵਾਮੀ ਰਾਮ ਜੀ ਦੇਹਰਾਦੂਨ ਜੌਲੀ ਗਰਾਂਟ ਲੈ ਗਏ ਕਿ ਮੈਡੀਕਲ ਕਾਲਜ ਦੀ ਬੁਨਿਆਦ ਤੁਹਾਡੇ ਤੋਂ ਰਖਵਾਉਣੀ ਹੈ। ਇਹ ਦੂਸਰੀ ਮਿਸਾਲ ਸੀ ਇਤਿਹਾਸ ਦੇ ਅੰਦਰ। ਪਹਿਲੀ ਵਾਰੀ ਸੰਤ ਬਾਬਾ ਅਤਰ ਸਿੰਘ ਜੀ ਨੂੰ ਲੈ ਕੇ ਗਏ ਸੀ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਸੰਸਕ੍ਰਿਤ ਕਾਲਜ ਦੀ ਬੁਨਿਆਦ ਤੁਹਾਡੇ ਤੋਂ ਰਖਵਾਉਣੀ ਹੈ। ਦੂਜੀ ਇਹ ਸੀ ਕਿ ਸਾਡੇ ਆਸ਼ਰਮ ਰਤਵਾੜਾ ਸਾਹਿਬ ਵਿੱਚ ਆਏ ਡਾ. ਸਵਾਮੀ ਰਾਮ ਜੀ, ਪਹਿਲਾਂ ਮੈਨੂੰ ਟੈਲੀਫੋਨ ਕਰਿਆ ਕਿ ਹਾਸਪੀਟਲ ਬਣ ਕੇ ਤਿਆਰ ਹੋ ਗਿਆ ਹੈ, 2500 ਬੈਡ ਦਾ, ਇਹਦਾ ਉਦਘਾਟਨ ਅਸੀਂ ਪਰਾਈਮ ਮਨਿਸਟਰ ਤੋਂ ਨਹੀਂ ਕਰਾਉਣਾ, ਤੁਹਾਡੇ ਤੋਂ ਕਰਾਉਣਾ ਹੈ। ਮੈਂ ਜਵਾਬ ਦਿੱਤਾ ਕਿ ਸਵਾਮੀ ਜੀ! ਮੈਂ ਤਾਂ ਗਰੀਬ ਜਿਹਾ ਆਦਮੀ ਹਾਂ। ਮੈਨੂੰ ਲਾਂਭੇ ਹੀ ਰਹਿਣ ਦਿਓ ਇਨ੍ਹਾਂ ਗੱਲਾਂ 'ਚ ਨਾ ਪਾਓ। ਉਹ ਕਹਿੰਦੇ, ਬਈ ਪੈਸਾ ਤਾਂ ਨਹੀਂ ਲੈਣਾ, ਮੈਂ ਕਿਹਾ ਪੈਸਾ ਤਾਂ ਮੇਰੇ ਕੋਲ ਹੈ ਹੀ ਨਹੀਂ। ਲੈਣਾ ਹੋਵੇ ਤਾਂ ਹੀ ਜੇ ਮੈਂ ਲੋਕਾਂ ਤੋਂ ਲਵਾਂ ਤਾਂ ਮੇਰੇ ਕੋਲ ਪੈਸਾ ਹੋਵੇ। ਮੈਂ ਤਾਂ ਲੈਂਦਾ ਹੀ ਨਹੀਂ ਕਿਸੇ ਤੋਂ, ਜੇ ਕੋਈ ਆਉਂਦਾ ਹੈ ਤਾਂ ਅਸੀਂ ਉਹਨੂੰ ਲਾ ਦਿੰਦੇ ਹਾਂ ਉਦੋਂ ਹੀ। ਮੈਂ ਜਵਾਬ ਦੇ ਦਿੱਤਾ ਉਨ੍ਹਾਂ ਨੇ ਨਰਸਿੰਮਾ ਰਾਓ ਜਿਹੜਾ ਪਰਾਈਮ ਮਨਿਸਟਰ ਸੀ ਉਸ ਤੋਂ ਕਰਾਇਆ। ਦੂਜੀ ਵਾਰੀ ਮਲਹੋਤਰਾ ਸਾਹਿਬ ਨੂੰ ਲੈ ਕੇ ਆਸ਼ਰਮ 'ਚ ਪਹੁੰਚ ਗਏ। ਦਰਖਤਾਂ ਥੱਲੇ ਮੈਂ ਬੈਠਾ ਸੀ ਮੰਜੇ 'ਤੇ, ਉਥੇ ਆ ਕੇ ਬੜੇ ਪਿਆਰ ਨਾਲ ਮਿਲੇ। ਅੰਦਰ ਗਏ ਤਾਂ ਕੁਝ ਰੂਹਾਨੀ ਬਚਨ ਹੋਏ, ਉਸ ਤੋਂ ਬਾਅਦ ਮੈਨੂੰ ਕਹਿੰਦੇ ਕਿ ਬੁਨਿਆਦ ਤੁਹਾਡੇ ਤੋਂ ਰਖਾਉਣੀ ਹੈ, ਮੈਂ ਕਿਹਾ ਸਵਾਮੀ ਜੀ! ਮੈਨੂੰ ਮੁਆਫ ਹੀ ਕਰ ਦਿਓ ਤਾਂ ਚੰਗਾ ਹੈ। ਮੈਂ ਇਨ੍ਹਾਂ ਕੰਮਾਂ 'ਚ ਪੈਣਾ ਨਹੀਂ ਹੈ। ਕਹਿੰਦੇ, ਨਹੀਂ, ਮੈਂ ਦੇਖੋ ਕਿੱਡੀ ਦੂਰੋਂ ਆਇਆ ਹਾਂ। ਖੈਰ, ਉਥੇ ਮੈਡੀਕਲ ਕਾਲਜ ਦੀ ਬੁਨਿਆਦ ਰੱਖੀ। ਡੇਢ-ਦੋ ਸੌ ਅਮਰੀਕਾ ਤੋਂ ਲੈ ਕੇ ਡਾਕਟਰ ਪਹੁੰਚੇ ਹੋਏ ਸੀ। ਉਥੇ ਮੈਂ ਆਹ ਬਚਨ ਕਰਿਆ ਕਿ ਦੇਖੋ, ਮੈਡੀਕਲ ਸਾਇੰਸ ਠੀਕ ਹੈ, ਲੇਕਿਨ ਗੁਰੂ ਮਹਾਰਾਜ ਜੀ ਨੇ ਏਸ ਤੋਂ ਵੀ ਸੁਖਾਲਾ ਇਲਾਜ ਦੱਸਿਆ ਹੈ ਬੀਮਾਰੀਆਂ ਦਾ ਤੇ ਨਾਲ ਦਵਾਈ ਦਾ ਪਤਾ ਦਿੱਤਾ ਹੈ। ਉਹ ਫੁਰਮਾਨ ਕਰਦੇ ਨੇ -

*ਹਰਿ ਅਉਖਧੁ ਸਭ ਘਟ ਹੈ ਭਾਈ ॥* *ਅੰਗ - ੨੫੯*

ਉਹ ਦਵਾਈ ਹਰੇਕ ਦੇ ਅੰਦਰ ਹੈ, ਜਿਸਨੂੰ ਅੰਮ੍ਰਿਤ ਆਖਦੇ ਨੇ, ਨਾਮ ਤੇ ਅੰਮ੍ਰਿਤ ਦੋ ਚੀਜ਼ਾਂ ਨਹੀਂ ਹੁੰਦੀਆਂ ਇੱਕੋ ਹੁੰਦੀ ਹੈ-

*ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ - ੫੩੮*
*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - ੨੯੩*

ਮੈਂ ਕਿਹਾ, ਮਹਾਰਾਜ ਕਹਿੰਦੇ ਨੇ ਕਿ ਉਹ ਹਰੇਕ ਦੇ ਅੰਦਰ ਰੱਖੀ ਹੋਈ ਹੈ ਦਵਾਈ। ਨਹੀਂ ਬੰਦਾ ਉਥੇ ਤੱਕ ਪਹੁੰਚਦਾ, ਇਹਦੇ 'ਚ ਰੱਬ ਦਾ ਤਾਂ ਕੋਈ ਕਸੂਰ ਨਹੀਂ। ਕਸੂਰ ਤਾਂ ਆਪ ਦਾ ਹੀ ਹੈ। ਹੁੰਦੀ ਚੀਜ਼ ਨੂੰ ਅਸੀਂ ਟੋਲ੍ਹ ਨਾ ਸਕੇ। ਵਾਹਿਗੁਰੂ ਸਭ ਦੇ ਅੰਦਰ ਵਸਦਾ ਹੈ, ਹੁੰਦੇ ਵਾਹਿਗੁਰੂ ਨੂੰ ਅਸੀਂ ਟੋਲ੍ਹ ਨਹੀਂ ਸਕੇ। ਕਿੰਨਾ ਕੁ ਸਰੀਰ ਹੈ। ਜਿੱਥੇ ਉਹ ਵਸਦਾ ਹੈ ਉਹਦਾ ਪਤਾ ਵੀ ਦਿੱਤਾ ਹੋਇਆ ਹੈ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥* *ਅੰਗ - ੧੦੩੩*

ਗਗਨ ਮੰਡਲ ਦੱਸਿਆ ਹੋਇਆ ਹੈ, ਗਗਨ ਮੰਡਲ ਦਸਵੇਂ ਦੁਆਰ ਨੂੰ ਕਹਿੰਦੇ ਨੇ, ਇੱਥੇ ਵਾਹਿਗੁਰੂ ਦਾ ਵਾਸਾ ਪ੍ਰਤੱਖ ਰੂਪ ਵਿੱਚ ਹੈ। ਲੇਕਿਨ ਇਹ ਦਰਵਾਜ਼ਾ ਬੰਦ ਹੈ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੪੭*

ਗੁਰੂ ਮਹਾਰਾਜ ਇਹ ਕਹਿੰਦੇ ਨੇ -

*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥* *ਅੰਗ - ੨੫੯*

ਜਿਹਨੂੰ ਸੰਜਮ ਕਰਕੇ ਗੁਰੂ ਨੇ ਦੇ ਦਿੱਤਾ, ਉਹਨੂੰ ਦੁੱਖ ਨਹੀਂ ਹੋਇਆ ਕਰਦਾ। ਇਹ ਨਾਮ 'ਤੇ ਬਾਣੀ ਫਰਕ ਨਹੀਂ ਹੈ। ਬਾਣੀ ਜਿਹੜੀ ਹੈ ਬਾਣੀ ਹੀ ਨਾਮ ਹੈ। ਬਾਣੀ ਦੇ ਅਨੇਕਾਂ ਰੂਪ ਨੇ, ਇੱਕ ਬਾਣੀ ਉਹ ਹੈ ਜਿਹੜੀ ਮੈਂ ਹੁਣ ਬੋਲ ਰਿਹਾ ਹਾਂ। ਇੱਕ ਪ੍ਰਾਕ੍ਰਿਤੀ ਦੀ ਬਾਣੀ ਹੈ। ਕੋਈ ਧਮਾਕਾ ਹੋਵੇ, ਖੜਕਾ ਹੋਵੇ, ਵਾਜਾ ਬੋਲਦਾ ਹੈ, ਢੋਲਕ ਬੋਲਦੀ ਹੈ ਇਹ ਵੀ ਬਾਣੀ ਹੈ, ਸ਼ਬਦ ਹੈ, ਇਹਨੂੰ ਵੀ ਸ਼ਬਦ ਕਹਿੰਦੇ ਨੇ। ਇੱਕ ਬਾਣੀ ਹੈ ਜਿਹੜੀ ਨਿਰੰਤਰ ਤੁਹਾਡੇ ਅੰਦਰ ਚਲ ਰਹੀ ਹੈ, ਲਗਾਤਾਰ। ਉਹਦਾ ਨਹੀਂ ਸਾਨੂੰ ਪਤਾ। ਕਿਉਂਕਿ ਧੁਰ ਤੋਂ ਆ ਰਹੀ ਹੈ ਇਹਨੇ ਉਥੇ ਹੀ ਲੈ ਜਾਣਾ ਹੈ ਉਸ ਸ਼ਬਦ ਨੇ।

ਸੋ ਮੈਂ ਕਿਹਾ, ਹਸਪਤਾਲ ਦੀ ਬੁਨਿਆਦ ਤਾਂ ਰੱਖ ਲਈ ਠੀਕ ਹੈ ਪਰ ਬਾਣੀ ਵਿੱਚ ਇਹ ਸੱਤਾ ਹੈ ਕਿ ਸਾਰੀਆਂ ਬਿਮਾਰੀਆਂ ਦੂਰ ਕਰ ਦਿੰਦੀ ਹੈ। ਉਥੇ ਪੀ.ਜੀ.ਆਈ ਦੇ ਬੈਠੇ ਸੀ ਡਾ. ਚਟਾਨੀ ਵਗੈਰਾ, ਡਾ. ਪਾਠਕ ਵਗੈਰਾ; ਮੈਂ ਕਿਹਾ, ਇਨ੍ਹਾਂ ਦੇ ਹਸਪਤਾਲ ਦੀ ਮੈਂ ਮਿਸਾਲ ਦਿੰਦਾ ਹਾਂ। ਸਾਡੇ ਕੋਲ ਇੱਕ ਬੀਬੀ ਆਈ, ਉਹ ਕਹਿਣ ਲੱਗੀ ਕਿ ਮੈਨੂੰ 245 ਬਲੱਡ ਪਰੈਸ਼ਰ ਹੈ, 245 ਬਲੱਡ ਸ਼ੂਗਰ ਹੈ। ਮੇਰੇ ਗੁਰਦੇ ਵਿੱਚ ਪੱਥਰੀ ਹੈ, ਰੀੜ੍ਹ ਦੀ ਹੱਡੀ ਮੇਰੀ ਕਰੈਕ ਹੈ, ਜਿਗਰ ਦੇ ਵਿੱਚ ਮੇਰੇ ਟਿਊਮਰ ਹੈ, ਮੇਰੀ ਇੱਕ ਅੱਖ ਬੰਦ ਹੋ ਚੁੱਕੀ ਹੈ, ਇੱਕ ਸਾਲ ਹੋ ਗਿਆ, ਦੂਜੀ ਮੇਰੀ ਬੰਦ ਹੋ ਰਹੀ ਹੈ। ਡਾ. ਨੇ ਕਿਹਾ ਹੈ ਕਿ ਨਾੜੀਆਂ ਤੇਰੀਆਂ ਪਿਚਕ ਗਈਆਂ। ਇਹ ਨਹੀਂ ਬੀਬੀ ਠੀਕ ਹੋ ਸਕਦੀ। ਜੇ ਮੈਨੂੰ ਓਪਰੇਸ਼ਨ ਥੀਏਟਰ 'ਚ ਲੈ ਕੇ ਜਾਂਦੇ ਨੇ 245 ਤਾਂ ਹੈਗਾ ਹੀ, ਉਹ ਸਿਰੇ ਹੋਰ ਚਲਿਆ ਜਾਂਦਾ ਹੈ। ਉਹ ਕਹਿੰਦੇ ਇਹ ਤਾਂ ਮਰ ਜਾਏਗੀ, ਮੇਰਾ ਓਪਰੇਸ਼ਨ ਵੀ ਨਹੀਂ ਹੁੰਦਾ।

ਮੈਂ ਕਿਹਾ ਦੇਖ ਬੀਬੀ! ਮੈਂ ਤੈਨੂੰ ਦਸ ਤਾਂ ਦਿੰਦਾ ਹਾਂ ਕਰਨਾ ਤੇਰਾ ਕੰਮ ਹੈ। ਸ਼ਬਦ ਉਸਨੂੰ ਦੱਸਿਆ, ਪੰਜ ਘੰਟੇ ਦਾ ਸਾਧਨ ਸੀ, ਮੈਂ ਕਿਹਾ ਰੋਜ਼ ਉਠ ਕੇ ਪਹਿਲਾਂ ਅਭਿਆਸ ਕਰਿਆ ਕਰ। ਫੇਰ ਤੂੰ ਦਿਨ ਵਿੱਚ ਸੇਵਾ ਕਰਿਆ ਕਰ। ਜਿੰਨਾਂ ਕੁ ਤੈਨੂੰ ਦਿਸਦਾ ਹੈ, ਧੁੰਧ ਚਾਨਣਾ ਦਿਸਦਾ ਹੈ, ਭਾਂਡੇ ਮਾਂਜੀ ਜਾਇਆ ਕਰ। ਇਸ ਤਰ੍ਹਾਂ ਕਰਦੀ ਵੀਹ ਦਿਨ ਤੋਂ ਬਾਅਦ ਮੈਨੂੰ ਕਹਿਣ ਲੱਗੀ, ਵੀਰ ਜੀ! ਮੇਰੀ ਅੱਖ ਖੁਲ੍ਹ ਗਈ। ਮੈਂ ਤੁਹਾਨੂੰ ਪਛਾਣ ਲਿਆ। ਬਿਲਕੁਲ ਮੈਨੂੰ ਸਾਫ ਸੁਥਰਾ ਦਿਸਣ ਲੱਗ ਗਿਆ। ਮੈਂ ਪੜ੍ਹੀ ਲਿਖੀ ਹਾਂ ਮੇਰੇ ਤੋਂ ਹੁਣ ਸੇਵਾ ਲੈ ਲਿਆ ਕਰੋ ਪਾਠ ਦੀ ਤੇ ਮੈਨੂੰ ਇਜਾਜ਼ਤ ਦਿਓ ਕਿ ਮੈਂ ਜਾ ਕੇ ਪੀ.ਜੀ.ਆਈ ਚੈਕ ਕਰਾ ਆਵਾਂ ਆਪਣਾ ਬਲੱਡ ਪਰੈਸ਼ਰ ਤੇ ਬਲੱਡ ਸ਼ੁਗਰ। ਜਦੋਂ ਉਥੇ ਗਈ, ਕਾਰਡ ਨਾਲ ਲੈ ਗਈ ਉਹ ਕਹਿੰਦੇ ਬੀਬੀ ਤੇਰੀਆਂ ਤਾਂ ਦੋਵੇਂ ਚੀਜ਼ਾਂ normal ਹੋ ਗਈਆਂ, ਕਿਹੜੀ ਦਵਾਈ ਤੂੰ ਖਾਧੀ ਹੈ? ਕਿਉਂਕਿ ਪਹਿਲਾਂ ਦਿਖਾ ਕੇ ਹੀ ਆਈ ਸੀ। ਉਹ ਅੱਖਾਂ ਵਾਲੇ ਡਾਕਟਰ ਕੋਲ ਗਈ, ਉਹ ਕਹਿੰਦਾ, ਬੀਬੀ ਤੇਰੀ ਤਾਂ ਨਿਗ੍ਹਾ ਬਿਲਕੁਲ ਬੱਚਿਆਂ ਵਰਗੀ ਗਈ, ਤੂੰ ਕਿਹੜੀ ਦਵਾਈ ਪਾਈ ਹੈ ਸਾਨੂੰ ਦੱਸ ਜਾ, ਅਸੀਂ ਅਗਾਹਾਂ ਦੇ ਮਰੀਜ਼ਾਂ ਨੂੰ ਦੱਸ ਦਿਆ ਕਰਾਂਗੇ। ਤਿੰਨ ਬੀਮਾਰੀਆਂ ਇੱਕ ਦਮ ਸਾਫ ਹੋਈਆਂ ਵੀਹ ਦਿਨਾਂ 'ਚ। ਉਸ ਤੋਂ ਬਾਅਦ ਮੈਂ ਅਮਰੀਕਾ ਆ ਗਿਆ। ਜਦੋਂ ਮੈਂ ਵਾਪਸ ਗਿਆ, ਤਾਂ ਕਹਿਣ ਲੱਗੀ ਕਿ ਵੀਰ ਜੀ! ਮੇਰੀ ਦੂਜੀ ਅੱਖ ਖੁਲ੍ਹੀ ਨਹੀਂ ਹੈ ਤੇ ਮੈਂ ਹੁਣ ਕਾਣੀਓਂ ਜਾਊਂ ਘਰ ਨੂੰ? ਮੈਂ ਕਿਹਾ, ਗੁਰੂ ਦੀ ਸ਼ਰਨ ਤੂੰ ਆਈ ਹੈਂ ਕਾਣੀ ਕਿਉਂ ਜਾਣਾ ਹੈ। ਗੁਰੂ ਸਾਹਿਬ ਅੱਖ ਦੇਣਗੇ। ਵਿਸ਼ਵਾਸ਼ ਰੱਖ। ਵੀਹ ਜਨਵਰੀ ਨੂੰ ਉਹਦੀ ਦੂਜੀ ਅੱਖ ਖੁਲ੍ਹ ਗਈ। ਜਿਹਦੀ ਬੰਦ ਹੋਈਆਂ ਅੱਖਾਂ ਖੁਲ੍ਹ ਜਾਣ, ਉਹਦੇ ਜਿੰਨਾਂ ਕੌਣ ਖੁਸ਼ ਹੋ ਸਕਦਾ ਹੈ। ਬਿਨਾਂ ਓਪਰੇਸ਼ਨ ਨਾ ਕੋਈ ਲੈਣ ਨਾ ਦੇਣ। ਨਾ ਕੋਈ ਸੁਰਮਾ ਨਾ ਕੋਈ ਦਵਾਈ। ਫੇਰ ਕਹਿਣ ਲੱਗੀ ਕਿ ਮੈਨੂੰ ਆਗਿਆ ਦੇਵੋ ਮੈਂ ਟੈਸਟ ਕਰਾ ਆਵਾਂ। ਉਥੇ ਜਾ ਕੇ ਆਪਣੇ ਲੈ ਗਈ ਐਕਸਰੇ। ਉਹ ਕਹਿਣ ਲੱਗੇ ਕਿ ਰੀੜ੍ਹ ਦੀ ਹੱਡੀ ਦਾ ਕਰੈਕ ਗਲਤੀ ਨਾਲ ਆਈ ਹੋਈ ਹੈ, ਹੁਣ ਤਾਂ ਹੈ ਨਹੀਂ ਕੋਈ ਕਰੈਕ। ਜਿਗਰ ਦੇਖਿਆ, ਕਿਉਂਕਿ ਕਾਰਡ ਦੇ ਉਤੇ ਲਿਖਿਆ ਹੋਇਆ ਸੀ। ਉਹ ਕਹਿੰਦੇ ਜਿਗਰ ਦਾ ਟਿਊਮਰ ਵਿੱਚੇ ਹੀ ਘੁਲ ਗਿਆ। ਜਿਹੜਾ ਉਹਦੇ ਪੱਥਰੀ ਸੀ ਗੁਰਦੇ ਸੀ, ਉਹ ਤਿੰਨ ਟੁਕੜੇ ਹੋ ਕੇ ਨਿਕਲ ਗਈ। ਮੈਂ ਡਾ. ਚਟਾਨੀ ਪੀ.ਜੀ.ਆਈ, ਚਡੀਗੜ੍ਹ ਨੂੰ ਤੇ ਡਾ. ਪਾਠਕ ਨੂੰ ਕਿਹਾ ਕਿ ਤੁਹਾਡੇ ਹਾਸਪੀਟਲ ਦੀ ਮਰੀਜ਼ ਹੈ। ਉਹ ਸਾਰਾ ਰਿਕਾਰਡ ਮੈਂ ਤੁਹਾਡੇ ਕੋਲ ਭੇਜ ਦਿੰਦਾ

ਹਾਂ। ਉਹ ਚੁੱਪ ਕਰ ਰਹੇ, ਸੁਣਿਆ ਉਨ੍ਹਾਂ ਨੇ।

ਉਸ ਤੋਂ ਬਾਅਦ ਮੈਂ ਕਿਹਾ ਇੱਕ ਹੋਰ ਬੀਬੀ ਸਾਡੇ ਕੋਲ ਆਈ, ਉਹਦੀ ਬਾਂਹ ਤੁਸੀਂ ਕੱਟਣ ਲੱਗੇ ਸੀ, ਉਹਦੇ ਹੱਥ ਦਾ ਸਾਰਾ ਮਾਸ ਝੜ ਗਿਆ, ਨਹੁੰ ਝੜ ਗਏ। ਬਾਂਹ ਝੜ ਰਹੀ ਸੀ, ਸਾਡੇ ਕੋਲ ਆਈ ਬਾਂਹ ਜੁੜੀ ਪਈ ਸੀ, ਛਾਤੀ ਨਾਲ ਲੱਗੀ ਹੋਈ ਸੀ। ਮੈਂ ਕਿਹਾ ਤੂੰ ਇੱਕ ਹੱਥ ਨਾਲ ਸੇਵਾ ਕਰਿਆ ਕਰ, ਤੈਨੂੰ ਪੜ੍ਹਨਾ ਲਿਖਣਾ ਤਾਂ ਆਉਂਦਾ ਨਹੀਂ ਤੂੰ ੴ ਸਤਿਨਾਮ ਵਾਹਿਗੁਰੂ ਕਹੀ ਜਾਇਆ ਕਰ। ਆਹੀ ਬਹੁਤ ਹੈ ਤੇਰੇ ਵਾਸਤੇ। 42 ਦਿਨ ਤੋਂ ਬਾਅਦ ਮੈਨੂੰ ਦਿਖਾਇਆ ਉਸਨੇ। ਉਹਦਾ ਜਿਹੜਾ ਹੱਥ ਸੀ ਉਹਦੇ ਨਹੁੰ ਵੀ ਆ ਗਏ, ਹੱਥ ਵੀ ਭਰ ਗਿਆ ਮਾਸ ਨਾਲ, ਬਾਂਹ ਵੀ ਠੀਕ ਹੋ ਗਈ। ਡਾਕਟਰ ਕੋਲ ਗਈ ਜਾ ਕੇ ਦਿਖਾਇਆ ਕਹਿੰਦੀ ਤੁਸੀਂ ਮੇਰੀ ਬਾਂਹ ਕੱਟ ਰਹੇ ਸੀ ਬਈ ਆਹ ਦੇਖੋ, ਉਹ ਹੈਰਾਨ ਗਏ ਸਾਰੇ।

ਉਥੇ ਮੈਂ ਇਸ ਤਰ੍ਹਾਂ ਕਈ ਚੀਜ਼ਾਂ ਦੱਸੀਆਂ। ਉਹ convince ਹੋ ਗਏ। ਮੈਂ ਕਿਹਾ ਕਿ ਗੁਰੂ ਮਹਾਰਾਜ ਨੇ -

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪***

ਬਾਣੀ ਦੱਸੀ ਹੈ, ਬਾਣੀ ਜਿਹਦੇ ਹਿਰਦੇ 'ਚ ਵਸ ਜਾਵੇ, ਉਹਦੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ।

***ਗੁਰੁ ਪੂਰਾ ਪੂਰੀ ਤਾ ਕੀ ਕਲਾ ॥***
***ਗੁਰ ਕਾ ਸਬਦੁ ਸਦਾ ਸਦ ਅਟਲਾ ॥***
***ਗੁਰ ਕੀ ਬਾਣੀ ਜਿਸੁ ਮਨਿ ਵਸੈ ॥***
***ਦੂਖੁ ਦਰਦੁ ਸਭੁ ਤਾ ਕਾ ਨਸੈ ॥ ਅੰਗ - ੧੩੪੦***

ਇੱਕ ਨਹੀਂ ਕਿ ਇਹ ਸਿੱਖਾਂ ਦਾ ਹੀ ਨਸਦਾ ਹੈ।

ਇੱਕ ਭਈਆ ਮੇਰੇ ਕੋਲ ਆ ਗਿਆ। ਉਹਦਾ ਭਰਾ ਟਰੈਕਟਰ ਫੈਕਟਰੀ 'ਚ ਸੀਗਾ, ਨਾਲ ਲੈ ਕੇ ਆਇਆ। ਮੈਂ ਕਿਹਾ ਕਿ ਤੂੰ ਤਾਂ ਪੰਜਾਬੀ ਨਹੀਂ ਜਾਣਦਾ, ਮੈਂ ਤੈਨੂੰ ਗੁਟਕੇ 'ਚੋਂ ਕਹਿਣਾ ਹੈ ਕਿ ਆਹ ਪੜ੍ਹੀ ਜਾਹ ਸ਼ਬਦ। ਜਾਹ, ਪਹਿਲਾਂ ਹਿੰਦੀ 'ਚ ਲੈ ਕੇ ਆ। ਉਹ ਛੇ ਸੱਤ ਦਿਨ ਟੋਲ੍ਹੀ ਗਏ, ਲੱਭਿਆ ਹੀ ਨਾ। ਫੇਰ ਕਿਤੋਂ ਲੱਭਿਆ ਤੇ ਆ ਗਿਆ। ਉਹਨੂੰ ਦੱਸ ਦਿੱਤਾ। 42ਵੇਂ ਦਿਨ ਆ ਗਿਆ, ਮੈਂ ਕਿਹਾ ਤੂੰ ਤਾਂ ਪਛਾਣਿਆ ਹੀ ਨਹੀਂ ਜਾਂਦਾ, ਤੇਰਾ ਤਾਂ ਚਿਹਰਾ ਲਾਲ ਹੋ ਗਿਆ। ਕਹਿੰਦਾ, ਜੀ ਮੈਂ ਬਿਲਕੁਲ ਰਾਜ਼ੀ ਹੋ ਗਿਆ। ਮੈਂ ਕਿਹਾ, ਤੈਨੂੰ ਸੀ ਕੀ-ਕੀ?

ਕਹਿੰਦਾ ਮੈਂ ਤੁਹਾਨੂੰ ਦੱਸਿਆ ਨਹੀਂ ਸੀ ਤੁਹਾਨੂੰ। ਮੈਨੂੰ ਤੀਸਰੀ ਸਟੇਜ ਦੀ ਟੀ.ਬੀ. ਸੀ, ਮੈਨੂੰ ਡਾਕਟਰ ਕਹਿੰਦੇ ਸੀ ਦਸ ਕੁ ਦਿਨ ਤੂੰ ਹੋਰ ਜੀਏਂਗਾ। ਪਹਿਲਾਂ ਮੈਂ ਕਾਸ਼ੀ ਇਲਾਜ ਕਰਾਇਆ ਫੇਰ ਮੈਂ ਵਲਿੰਗਡਨ ਹਾਸਪੀਟਲ ਕਰਾਇਆ। ਹੁਣ ਮੈਂ ਭਰਾ ਕੋਲ ਆ ਗਿਆ। ਉਹਦਾ ਭਰਾ ਕਹਿੰਦਾ ਜੀ ਅਸੀਂ ਕਹਿੰਦੇ ਸੀ ਕਿ ਇਹ ਚੜ੍ਹਾਈ ਕਰ ਜਾਏ ਤਾਂ ਚੰਗਾ ਹੈ ਕਿਉਂਕਿ ਪੈਸਾ ਕੋਈ ਰਿਹਾ ਹੀ ਨਹੀਂ ਸੀ ਸਾਡੇ ਕੋਲ।

ਸੋ ਇਹ ਕੋਈ ਐਵੇਂ ਗੱਲਾਂ ਨਹੀਂ ਹਨ ਸਾਧਸੰਗਤ ਜੀ! ਜੇ ਨਿਸ਼ਚਾ ਆ ਜਾਵੇ ਬਾਣੀ 'ਤੇ। ਇਹ ਐਧਰ ਵੀ ਕਲਿਆਣ ਕਰਦੀ ਹੈ, ਦਰਗਾਹ ਦੇ ਵਿੱਚ ਵੀ ਲੈ ਜਾਂਦੀ ਹੈ।

ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਹਿਣ ਲੱਗੇ, ਪਿਆਰਿਓ! ਇਹ ਜਿਹੜਾ 'ਸਤਿਨਾਮ' ਹੈ ਨਾਮ ਹੈ, ਇਹ ਬ੍ਰਿਛ ਹੈ, ਬ੍ਰਿਛ ਵਾਸਤੇ ਧਰਤੀ ਦੀ ਲੋੜ ਹੈ, ਇਹ ਜਿਹੜੀ ਗੁਰਬਾਣੀ ਹੈ ਇਹ ਬ੍ਰਿਛ ਦੇ ਵਧਣ ਲਈ ਧਰਤੀ ਹੈ ਕਿਉਂਕਿ ਜਿੰਨੀ ਦੇਰ ਤੱਕ ਬਾਣੀ 'ਤੇ ਵਿਸ਼ਵਾਸ਼ ਨਹੀਂ ਆਉਂਦਾ, ਨਾਮ ਨਹੀਂ ਚੱਲਿਆ ਕਰਦਾ ਹੈ। ਫੁਰਮਾਨ ਹੈ -

***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥***
***ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥***
***ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ***
***ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥***
***ਜੁਗਿ ਜੁਗਿ ਆਪੋ ਆਪਣਾ ਧਰਮੁ ਹੈ***
***ਸੋਧਿ ਦੇਖਹੁ ਬੇਦ ਪੁਰਾਣਾ ॥ ਅੰਗ - ੭੯੭***

ਮਹਾਰਾਜ ਕਹਿੰਦੇ ਲੱਗੇ ਪਰ ਬਾਣੀ ਪੜ੍ਹਨ ਦਾ ਢੰਗ ਹੈ, ਐਸ ਤਰ੍ਹਾਂ ਪੜ੍ਹ ਲਓ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥ ਅੰਗ - ੨੯੫***

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਕਰਤਾਰਪੁਰ ਦਾ ਬਹੁਤ ਭਿਆਨਕ ਯੁੱਧ ਲੜਿਆ। 33 ਹਜ਼ਾਰ ਫੌਜ ਸ਼ਾਹਜਹਾਨ ਨੇ ਭੇਜੀ ਸੀ ਤੇ ਇੱਕੋ ਹੀ ਦਿਨ ਦੇ ਅੰਦਰ ਬੇਅੰਤ ਫੌਜ ਮਾਰ ਕੇ, ਜ਼ਖਮੀ ਹੋ ਕੇ ਯੁੱਧ ਜਿੱਤ ਲਿਆ ਗਿਆ। ਮਹਾਰਾਜ ਜੀ ਨੇ ਦੀਵਾਨ ਲੱਗਿਆ ਹੋਇਆ ਹੈ ਕਹਿਣ ਲੱਗੇ ਕਿ ਪਿਆਰਿਓ! ਬੇਅੰਤ ਰੂਹਾਂ ਫਿਰ ਰਹੀਆਂ ਨੇ। ਅਵਿਅਕਤ ਰੂਹਾਂ ਫਿਰ ਰਹੀਆਂ ਨੇ ਇਨ੍ਹਾਂ ਦਾ ਵੀ ਉਧਾਰ ਹੋਵੇ, ਆਪਾਂ ਵੀ ਯੁੱਧ ਕਰਿਆ ਹੈ। ਬਈ ਸੰਗਤ ਵਿੱਚ ਕੋਈ ਐਸਾ ਪ੍ਰੇਮੀ ਹੈ ਜਿਹੜਾ ਇੱਕ ਮਨ ਇੱਕ ਚਿੱਤ ਹੋ ਕੇ ਜਪੁਜੀ ਸਾਹਿਬ ਦਾ ਪਾਠ ਸੁਣਾ ਦੇਵੇ। ਮਹਾਰਾਜ ਨੇ ਦੀਵਾਨ ਦੇ ਉਤੇ ਸਾਰੀ ਨਿਗ੍ਹਾ ਕੀਤੀ, ਦ੍ਰਿਸ਼ਟੀ ਵੀ ਮਾਰੀ। ਇੱਕ ਗੁਰਸਿੱਖ ਖੜ੍ਹਾ ਹੋ ਗਿਆ, ਉਹਦਾ ਨਾਉਂ ਸੀ ਭਾਈ ਗੁਪਾਲਾ, ਆਫਜ਼ਾਬਾਦ ਦਾ ਤੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਜੇ ਤੁਹਾਡਾ ਹੱਥ ਮੇਰੇ ਸਿਰ 'ਤੇ ਰਹੇ ਤਾਂ ਮੈਂ ਯਤਨ ਕਰਦਾ ਹਾਂ ਜਪੁਜੀ ਸਾਹਿਬ ਪੜ੍ਹਨ ਦਾ। ਮਹਾਰਾਜ ਕਹਿੰਦੇ, ਆ ਜਾਓ। ਮਹਾਰਾਜ ਜੀ ਨੇ ਕਿਹਾ ਕਿ ਸਾਡੇ ਬਰਾਬਰ ਇੱਕ ਤਖਤ ਹੋਰ ਲਵਾਓ। ਤਖਤ ਡਾਹ ਦਿੱਤਾ ਗਿਆ ਮਹਾਰਾਜ ਕਹਿੰਦੇ, ਐਸ ਤਰ੍ਹਾਂ ਨਾ ਕਰੋ, ਸਾਡੇ ਨਾਲੋਂ ਚਾਰ ਉਂਗਲ ਉੱਚਾ ਕਰੋ। ਕਿਉਂਕਿ ਗੁਰੂ ਦਾ ਅਸਲੀ ਸਰੂਪ ਬਾਣੀ ਹੈ। ਸ਼ਬਦ ਹੈ। ਸੋ ਅਸਾਥੋਂ ਚਾਰ ਉਂਗਲ ਉੱਚਾ ਕਰੋ ਇਹਨੂੰ। ਕਿਉਂਕਿ ਇਹਨੇ ਬਾਣੀ ਪੜ੍ਹਨੀ ਹੈ, ਸਾਡੇ ਤੋਂ ਉੱਚਾ ਹੋਣਾ ਚਾਹੀਦਾ ਹੈ। ਹੁਕਮ ਦੀ ਤਾਮੀਲ ਹੋ ਗਈ, ਗਦੈਲਾ ਵਿਛਾ ਦਿੱਤਾ ਗਿਆ, ਭਾਈ ਗੋਪਾਲਾ ਆਇਆ, ਨਮਸ਼ਕਾਰ ਕਰੀ, ਅੰਤਰ ਆਤਮੇ ਅਧੀਨਗੀ ਦੇ ਨਾਲ ਮਦਦ ਮੰਗੀ, ਮਹਾਰਾਜ ਜੀ ਤੋਂ। ਉਸ ਵੇਲੇ ਜਪੁਜੀ ਸਾਹਿਬ ਪੜ੍ਹਨਾ ਸ਼ੁਰੂ ਕਰਿਆ। ਬਾਰ-ਬਾਰ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਨਿਕਲਦਾ ਹੈ ਸ਼ਾਬਾਸ਼! ਬਲਿਹਾਰ-ਬਲਿਹਾਰ। ਪੜ੍ਹਦਾ-ਪੜ੍ਹਦਾ ਜਿਸ ਵਕਤ 'ਪਉਣ ਗੁਰੂ ਪਾਣੀ ਪਿਤਾ' ਸਲੋਕ ਪੜ੍ਹਨ ਲੱਗਿਆ, ਦੋ ਲਾਈਨਾਂ ਰਹਿ ਗਈਆਂ ਪਿਛਲੀਆਂ। ਬੜੇ ਰਹਾਉ ਨਾਲ ਠਰੰਮੇ ਨਾਲ ਪੜ੍ਹ ਰਿਹਾ ਹੈ। ਮਹਾਰਾਜ ਸਲੋਕ ਦੇ ਵਿੱਚ ਆਪਣੀ ਗੱਦੀ ਛੱਡ ਕੇ ਪਿੱਛੇ ਨੂੰ ਹੋਏ, ਏਨੇ ਨੂੰ ਉਹ ਪਹੁੰਚ ਗਿਆ -

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥***
***ਅੰਗ - ੮***

ਜਦੋਂ ਦੂਜਾ ਚੁੱਕਣ ਲੱਗੇ -

*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥* *ਅੰਗ - ੮*

ਉਸ ਵੇਲੇ ਇਹਦੀ ਜਿਹੜੀ ਇਕਾਗਰਤਾ ਸੀ ਉਹ ਭੰਗ ਹੋ ਗਈ। ਉਸ ਵੇਲੇ ਮਨ ਨੇ ਹੱਲਾ ਕਰ ਦਿੱਤਾ ਉਹਦੇ ਉਤੇ। ਮਾਇਆ ਨੇ ਹਮਲਾ ਕਰ ਦਿਤਾ ਕਹਿਣ ਲੱਗੇ, ਗੁਰੂ ਸਾਹਿਬ ਤਾਂ ਜਾ ਰਹੇ ਨੇ, ਪੂਰਾ ਅਜੇ ਹੋਇਆ ਨਹੀਂ ਜਪੁਜੀ ਸਾਹਿਬ ਤੇ ਮੈਨੂੰ ਜੇ ਪ੍ਰਸੰਨ ਹੋ ਕੇ ਘੋੜਾ ਦੇ ਦੇਣ, ਜਿਹੜੇ ਨਵੇਂ ਆਏ ਨੇ, ਇਹ ਕ੍ਰਿਪਾ ਕਰ ਦੇਣ, ਮਹਾਰਾਜ ਜੀ ਉਸੇ ਵੇਲੇ ਜਿਹੜਾ ਚਰਨ ਹੇਠਾਂ ਲਾਹਿਆ ਸੀ ਉਪਰ ਕਰ ਕੇ ਬੈਠ ਗਏ। ਜਪੁਜੀ ਸਾਹਿਬ ਪੂਰਾ ਹੋ ਗਿਆ ਕਹਿੰਦੇ, ਬਲਿਹਾਰ ਸਿੱਖਾ, ਬਲਿਹਾਰ। ਉਹ ਉਤਰਿਆ ਕਿਉਂਕਿ ਬਾਣੀ ਪੜ੍ਹਨ ਵੇਲੇ ਗੁਰਸਿੱਖ ਉੱਚਾ ਬਹਿੰਦਾ ਹੈ, ਸੰਗਤ ਤੋਂ। ਜਦੋਂ ਪੜ੍ਹਨ ਤੋਂ ਹਟ ਗਿਆ, ਉਸੇ ਵੇਲੇ ਉਹਨੂੰ ਹੇਠਾਂ ਆਉਣਾ ਪੈਂਦਾ ਹੈ। ਕਿੱਡੀ ਵੀ ਵੱਡੀ ਹਸਤੀ ਹੋਵੇ, ਹੇਠਾਂ ਬੈਠੇਗਾ। ਸੰਗਤ ਤੋਂ ਉੱਚਾ ਨਹੀਂ ਬੈਠਦਾ ਕਦੇ ਵੀ। ਬਹੁਤ ਸਟੇਜਾਂ 'ਤੇ ਬੈਠੇ ਰਹਿੰਦੇ ਨੇ, ਬੜੀ ਭਾਰੀ ਭੁੱਲ ਹੈ ਇਹ। ਉਸ ਵੇਲੇ ਹੇਠਾਂ ਆ ਗਿਆ, ਮਹਾਰਾਜ ਕਹਿੰਦੇ, ਜਾਓ, ਘੋੜਾ ਲਿਆਓ ਸਜਾ ਕੇ। ਸੋਨੇ ਦੇ ਸਾਰੇ ਗਹਿਣੇ ਪਾ ਕੇ। ਕਹਿੰਦੇ, ਲੈ ਪਿਆਰਿਆ! ਬਾਣੀ ਦਾ ਮੁੱਲ ਤਾਂ ਕੋਈ ਨਹੀਂ ਸੀ, ਅਸੀਂ ਵਿਚਾਰ ਕਰੀ ਕਿ ਇਹਨੂੰ ਕੀ ਦੇਈਏ, ਇੱਕ ਪਾਠ ਜਪੁਜੀ ਸਾਹਿਬ ਦਾ, ਸਾਡਾ ਵਿਚਾਰ ਹੋਇਆ ਕਿ ਤੈਨੂੰ ਆਪਣੀ ਥਾਂ 'ਤੇ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਲੈ ਕੇ ਤੇਰੇ ਅੱਗੇ ਮਸਤਕ ਨਿਵਾ ਦੇਈਏ। ਗੁਰੂ ਨਾਨਕ ਦੀ ਗੱਦੀ ਦਾ ਵਾਰਿਸ ਬਣਾ ਦੇਈਏ। ਪਰ ਪਿਆਰਿਆ! ਤੇਰੇ ਭਾਗ ਵਿੱਚ ਨਹੀਂ ਸੀ ਐਡੀ ਵੱਡੀ ਚੀਜ਼। ਤੂੰ ਇੱਕ ਘੋੜੇ ਦਾ ਫੁਰਨਾ ਕਰ ਲਿਆ, ਸਵਾ ਲੱਖੀ ਘੋੜਾ, ਹੁਣ ਸਵਾ ਕਰੋੜ ਦਾ ਕਹਿ ਦਿਓ। ਸੋ ਇਸ ਤਰ੍ਹਾਂ ਜਦੋਂ ਇਕਾਗਰ ਚਿੱਤ ਹੋ ਕੇ ਕੋਈ ਬਾਣੀ ਪੜ੍ਹਦਾ ਹੈ, ਇਹਦਾ ਫਲ ਬੇਅੰਤ ਹੁੰਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਦੇ ਕੋਲ ਗੁਰਸਿੱਖ ਆਏ, ਦੂਰ ਦੀ ਸੰਗਤ ਸੀ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਬਾਣੀ ਪੜ੍ਹਦੇ ਹਾਂ ਸਾਨੂੰ ਰਸ ਨਹੀਂ ਆਉਂਦਾ। ਪਰ ਜਦੋਂ ਅਸੀਂ ਇਹ ਪੜ੍ਹਦੇ ਹਾਂ, ਇਤਿਹਾਸ ਜਨਮਸਾਖੀ, ਉਹਦੇ ਵਿੱਚ ਜੋ ਲਿਖਿਆ ਹੋਇਆ ਹੈ ਉਸ ਬਾਰੇ ਇਹ ਹੈ -

*ਪੋਸਤ ਭੰਗ ਅਫੀਮ ਭੰਗ ਉਤਰਿ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।*

ਸੱਚੇ ਪਾਤਸ਼ਾਹ! ਖੁਮਾਰੀ ਤਾਂ ਇੱਕ ਪਾਸੇ ਰਹਿ ਗਈ, ਅਸੀਂ ਤਾਂ ਥੱਕ ਜਾਂਦੇ ਹਾਂ ਬਾਣੀ ਪੜ੍ਹਦੇ। ਮਹਾਰਾਜ ਕਹਿੰਦੇ, ਪ੍ਰੇਮੀਓਂ! ਤੁਸੀਂ ਪੜ੍ਹਦੇ ਨਹੀਂ ਹੋਣੇ। ਕਹਿੰਦੇ, ਸੱਚੇ ਪਾਤਸ਼ਾਹ! ਤੇਰਾ ਹੁਕਮ ਹੈ ਬਈ ਘੱਟ ਤੋਂ ਘੱਟ ਪੰਜ ਬਾਣੀਆਂ ਦਾ ਤਾਂ ਨਿਤਨੇਮ ਰੱਖਣਾ ਹੀ ਰੱਖਣਾ ਹੈ। ਹੁਣ ਤਾਂ ਉਹ ਵੀ ਘਟਾ ਕੇ 15 ਕੁ ਮਿੰਟ ਦੀ ਕਰ ਦਿੱਤੀ। ਬਈ ਪੰਦਰਾਂ ਮਿੰਟ ਬਹੁਤ ਨੇ।

ਕਿਉਂਕਿ ਕਲਜੁਗ ਦਾ ਸਮਾਂ ਹੈ, ਕਲਜੁਗ ਵਾਲੇ ਬੰਦੇ ਮੂਹਰੇ ਆ ਰਹੇ ਨੇ। ਉਨ੍ਹਾਂ ਅੰਦਰ ਰੂਹਾਨੀ ਲਗਨ ਨਹੀਂ ਹੈ, taste ਨਹੀਂ ਉਨ੍ਹਾਂ ਦੇ ਅੰਦਰ। ਏਸ ਕਰਕੇ ਦੂਰ ਹੁੰਦੇ ਚਲੇ ਜਾ ਰਹੇ ਨੇ, ਗੁਰੂ ਗ੍ਰੰਥ ਸਾਹਿਬ ਤੋਂ। ਸੋ ਮਹਾਰਾਜ ਕਹਿੰਦੇ, ਪਿਆਰਿਓ! ਤੁਸੀਂ ਪੜ੍ਹਦੇ ਨਹੀਂ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਕੀ ਕਹਿ ਸਕਦੇ ਹਾਂ। ਪੰਜ ਬਾਣੀਆਂ ਦਾ ਤੁਹਾਡਾ ਹੁਕਮ ਹੈ। ਅਸੀਂ 19-19 ਬਾਣੀਆਂ ਪੜ੍ਹਦੇ ਹਾਂ। ਇੱਕੀ-ਇੱਕੀ ਬਾਣੀਆਂ ਦੇ ਨਿਤਨੇਮੀ ਹਾਂ। ਕਈ ਪੂਰੀ ਪੰਜ ਗ੍ਰੰਥੀ ਪੜ੍ਹਦੇ ਨੇ। ਮਹਾਰਾਜ! ਆਪ ਦੀਆਂ ਬਾਣੀਆਂ ਪੜ੍ਹਦੇ ਹਾਂ, ਦੋਵੇਂ ਸਵੱਈਏ ਪੜ੍ਹਦੇ ਹਾਂ, ਸ਼ਬਦ ਹਜ਼ਾਰੇ ਪੜ੍ਹਦੇ ਹਾਂ, ਜਾਪੁ ਸਾਹਿਬ ਪੜ੍ਹਦੇ ਹਾਂ, ਚੌਪਈ ਪੜ੍ਹਦੇ ਹਾਂ, 'ਪ੍ਰਣਵੋ ਆਦਿ ਏਕੰਕਾਰਾ...॥' ਉਹ ਚੌਪਈ ਪੜ੍ਹਦੇ ਹਾਂ ਅਸੀਂ ਤੇ ਇੱਕੀ ਹੋ ਜਾਂਦੀਆਂ ਨੇ ਸਾਡੀਆਂ। ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਨਹੀਂ ਪਿਆਰਿਓ! ਜੇ ਪੜ੍ਹਦੇ ਹੋਵੋ ਤਾਂ ਬਾਣੀ ਰਸ ਦੇਵੇ, ਪੜ੍ਹਦੇ ਨਹੀਂ ਤੁਸੀਂ। ਫੇਰ ਚੁੱਪ ਕਰ ਗਏ,

ਸੱਚੇ ਪਾਤਸ਼ਾਹ! ਪੜ੍ਹਦੇ ਤਾਂ ਹਾਂ ਅਸੀਂ।

ਸਾਡਾ ਕੀ ਹਾਲ ਹੈ, ਅਸੀਂ 'ਜਪੁਜੀ ਸਾਹਿਬ' ਸ਼ੁਰੂ ਕਰਦੇ ਹਾਂ, ੧ੴ ਸਤਿਨਾਮ, ਇੱਥੇ ਕੁ ਤੱਕ ਤਾਂ ਮਨ ਨਾਲ ਰਹਿੰਦਾ ਹੈ। ਉਸ ਤੋਂ ਬਾਅਦ ਇਹੋ ਜਿਹੀ ਉਡਾਰੀ ਮਾਰਦਾ ਹੈ, ਨਾ ਤਾਂ ਪਤਾ ਹੈ ਕਿ 'ਸੁਣਿਐ' ਦੀਆਂ ਪਉੜੀਆਂ ਪੂਰੀਆਂ ਪੜ੍ਹ ਲਈਆਂ, ਨਾ ਪਤਾ ਹੈ, 'ਮੰਨੈ' ਦੀਆਂ ਪੜ੍ਹ ਲਈਆਂ। 'ਤੂੰ ਸਦਾ ਸਲਾਮਤਿ' ਵਾਲੀਆਂ ਪੂਰੀਆਂ ਪੜ੍ਹ ਲਈਆਂ, ਅਗਾਹਾਂ ਲੰਘ ਜਾਂਦਾ ਹੈ, 'ਮੁੰਦਾ ਸੰਤੋਖ' ਵਾਲੀਆਂ ਵੀ ਪੂਰੀਆਂ ਪੜ੍ਹ ਲਈਆਂ ਨੇ, ਅਗਾਹਾਂ ਜਾ ਕੇ ਫੇਰ ਆ ਜਾਂਦਾ ਹੈ 'ਤਾ ਕਾ ਗਲਾ ਕਥੀਆ ਨ ਜਾਇ.........।' ਫੇਰ ਆ ਜਾਂਦਾ ਹੈ 'ਮੰਨੈ ਕੀ ਗਤਿ ਕਹੀ ਨ ਜਾਇ' ਘੁੰਮੀ ਜਾਂਦਾ ਹੈ। ਜਦੋਂ ਤੱਕ ਬਾਥਰੂਮ 'ਚੋਂ ਨਿਕਲਦਾ-ਨਿਕਲਦਾ ਸਭ ਪੜ੍ਹ ਹਟਦਾ ਹੈ। ਰਸਮ ਪੂਰੀ ਕਰਦੇ ਹਾਂ ਉਹ ਵੀ ਅਸੀਂ। ਪਹਿਲਾਂ ਤਾਂ ਪੜ੍ਹਦੇ ਹੀ ਥੋੜ੍ਹੇ ਬੰਦੇ ਨੇ। ਫੇਰ ਜਿਹੜੇ ਪੜ੍ਹਦੇ ਨੇ ਉਹ ਰਸਮ ਪੂਰੀ ਕਰਦੇ ਨੇ। ਮਹਾਰਾਜ ਕਹਿੰਦੇ, ਤੁਸੀਂ ਪੜ੍ਹਦੇ ਨਹੀਂ। ਆਪ ਨੇ ਪ੍ਰਤੱਖ ਰੂਪ ਵਿੱਚ ਸਮਝਾਉਣ ਵਾਸਤੇ ਹੁਕਮ ਕੀਤਾ ਕਿ ਸੁਖ ਨਿਧਾਨ ਦਾ ਇੱਕ ਬਾਲਟਾ ਲਿਆਓ, ਬਾਟੇ ਭੇਜ ਦਿਓ ਛੋਟੇ ਤੇ ਵੱਡੇ। ਹੁਕਮ ਦੀ ਤਾਮੀਲ ਹੋਈ, ਮਹਾਰਾਜ ਨੇ ਕਿਹਾ ਪੰਗਤਾਂ ਲਾਓ ਦੋ। ਵੱਡੇ ਬਾਟਿਆਂ ਵਾਲੇ ਏਧਰ ਬੈਠੋ, ਛੋਟਿਆਂ ਵਾਲੇ ਏਧਰ। ਛੋਟਿਆਂ 'ਚ ਦੋ-ਦੋ ਘੁੱਟਾਂ ਪਾ ਦਿਓ। ਉਨ੍ਹਾਂ ਨੂੰ ਮੂੰਹ ਤੱਕ ਭਰ ਦਿਓ। ਕਹਿੰਦੇ, ਲਓ ਬਈ ਵੱਡੇ ਬਾਟਿਆਂ ਵਾਲੇ ਓਥੇ ਚਲੇ ਜਾਓ, ਮੂੰਹ 'ਚ ਘੁੱਟ ਭਰ ਲਓ, ਭਰ ਕੇ ਬਾਹਰ ਕੁਰਲੀ ਕਰ ਲਓ। ਧਿਆਨ ਇਹ ਰੱਖਣਾ ਹੈ ਕਿ ਇੱਕ ਤੁਪਕਾ ਵੀ ਅੰਦਰ ਨਾ ਜਾਵੇ। ਇਸੇ ਤਰ੍ਹਾਂ ਕੀਤਾ ਗਿਆ, ਜਦੋਂ ਆ ਗਏ ਮਹਾਰਾਜ ਕਹਿਣ ਲੱਗੇ ਕਿਉਂ ਬਈ ਪ੍ਰੇਮੀਓਂ ਇੱਕ-ਇੱਕ ਬਾਟਾ ਤੁਸੀਂ ਸੁੱਖ ਨਿਧਾਨ ਦਾ ਪੀਤਾ ਹੈ, ਤੁਹਾਨੂੰ ਕੋਈ ਅਮਲ ਹੋਇਆ। ਕਹਿੰਦੇ, ਸੱਚੇ ਪਾਤਸ਼ਾਹ! ਅਮਲ ਕੀ ਹੋਣਾ ਸੀ, ਤੁਸੀਂ ਤਾਂ ਕਿਹਾ ਸੀ ਕਿ ਇੱਕ ਤੁਪਕਾ ਵੀ ਅੰਦਰ ਨਾ ਜਾਵੇ, ਅਸੀਂ ਤਾਂ ਕੁਰਲੀਆਂ ਕੀਤੀਆਂ ਨੇ।

ਕਿਉਂ ਬਈ ਛੋਟੇ ਬਾਟਿਆਂ ਵਾਲੇ ਦੱਸੋ?

ਉਹ ਕਹਿੰਦੇ, ਮਹਾਰਾਜ! ਸਾਡਾ ਤਾਂ ਸਿਰ ਘੁੰਮਣ ਲੱਗ ਗਿਆ, ਨਸ਼ਾ ਕੀ ਹੁੰਦਾ ਹੈ, ਸਿਰ ਨੂੰ ਖੁਸ਼ਕ ਕਰਕੇ ਗੇੜਾ ਦਿੰਦਾ ਹੈ। ਦਿਮਾਗ ਦੇ ਉਤੇ ਅਸਰ ਕਰਦਾ ਹੈ ਇਸ ਕਰਕੇ ਗੁਰੂ ਘਰ ਦੇ ਅੰਦਰ ਪ੍ਰਸ਼ਾਦੇ ਤੋਂ ਬਗੈਰ ਸਾਰੇ ਨਸ਼ੇ ਮਨ੍ਹਾ ਨੇ।

ਮਹਾਰਾਜ ਕਹਿੰਦੇ, ਕਿਉਂ ਬਈ ਤੁਹਾਨੂੰ ਦੋ-ਦੋ ਘੁੱਟਾਂ ਨਾ ਕੁਛ ਹੋ ਗਿਆ, ਇਨ੍ਹਾਂ ਨੂੰ ਕੁਛ ਹੋਇਆ ਨਹੀਂ?

ਕਹਿੰਦੇ, ਮਹਾਰਾਜ! ਇਨ੍ਹਾਂ ਨੇ ਤਾਂ ਪੀਤੀ ਹੈ।

ਮਹਾਰਾਜ ਕਹਿੰਦੇ, ਆਹੀ ਗੱਲ ਹੈ ਕਿ ਤੁਸੀਂ ਬਾਣੀ ਉਤੋਂ-ਉਤੋਂ ਪੜ੍ਹਦੇ ਓਂ? ਸਾਰਿਆਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਫੇਰ ਬਾਣੀ ਕਿਵੇਂ ਪੜ੍ਹਨੀ ਚਾਹੀਦੀ ਹੈ। ਕਹਿੰਦੇ, ਗੁਰੂ ਸਤਵੇਂ ਪਾਤਸ਼ਾਹ ਨੇ ਇਹਦੇ ਬਾਰੇ ਬੜਾ ਖੋਲ੍ਹ ਕੇ ਦੱਸਿਆ ਸੀ। ਬਾਣੀ ਚਾਰ ਤਰੀਕਿਆਂ ਨਾਲ ਪੜ੍ਹੀ ਜਾਂਦੀ ਹੈ। ਪਹਿਲੀ ਹੈ ਕਿ ਲਗਾਂ ਮਾਤਰਾ ਦੇਖੋ ਮਨ ਉਹਦੇ 'ਚ ਉਲਝ ਜਾਏਗਾ, ਦੌੜੇਗਾ ਨਹੀਂ। ਜਦੋਂ ਉਥੇ ਟਿਕ ਗਿਆ ਫੇਰ ਉਥੇ ਚੱਲੋ, ਫੇਰ ਉਹਦਾ ਅਰਥ ਭਾਵ ਸਮਝੋ।

ਉਸ ਤੋਂ ਬਾਅਦ ਫੇਰ ਤੁਸੀਂ ਬਾਣੀ ਨੂੰ ਲੀਨਤਾ 'ਚ ਹੋ ਕੇ ਪੜ੍ਹੋ। ਉਸ ਤੋਂ ਬਾਅਦ ਤੁਸੀਂ ਬਾਣੀ ਨੂੰ ਬਾਣੀ ਰੂਪ ਹੋ ਕੇ ਪੜ੍ਹੋ। ਆਪਣਾ ਆਪਾ ਗਵਾ ਕੇ ਆਪਣਾ ਆਪਾ ਭੁੱਲ ਕੇ। ਜਦੋਂ ਤੁਸੀਂ ਇਸ ਤਰ੍ਹਾਂ ਬਾਣੀ ਪੜ੍ਹੋਗੇ ਫੇਰ ਤੁਹਾਡੇ ਹਿਰਦੇ 'ਚ ਵਸੇਗੀ। ਫੇਰ ਅੰਦਰ ਤੁਹਾਡੇ 'ਨਾਮ' ਚੱਲੇਗਾ। ਨਹੀਂ ਤਾਂ ਨਾਮ ਨਹੀਂ ਚਲਿਆ ਕਰਦਾ –

*ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥*
*ਅੰਗ- ੭੯੭*

ਗੁਰੂ ਸਤਵੇਂ ਪਾਤਸ਼ਾਹ ਕਹਿਣ ਲੱਗੇ ਕਿ ਪਿਆਰਿਓ! ਬਾਣੀ ਜਿਹੜੀ ਪੜ੍ਹਨੀ ਹੈ ਇਹਨੂੰ ਅਰਥ ਜਾਣ ਕੇ ਫੇਰ ਇਹਨੂੰ ਮੰਨਣਾ ਹੈ। ਹੁਣ ਸੁਖਮਨੀ ਸਾਹਿਬ ਪੜ੍ਹਦੇ ਹਾਂ, ਮੈਂ ਤੁਹਾਨੂੰ ਇੱਕ ਮਿਸਾਲ ਦਿੰਦਾ ਹਾਂ। ਸਾਰੇ ਹੀ ਪੜ੍ਹਦੇ ਨੇ। ਮੰਨਦਾ ਕੌਣ ਹੈ? ਮੈਂ ਹੁਣ ਇੱਕ ਪਉੜੀ ਪੜ੍ਹਦਾ ਹਾਂ –

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*
*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥*
*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ਅੰਗ - ੨੭੫*

ਹੁਣ ਇਹਦੇ ਵਿੱਚ ਐਡੀ ਵੱਡੀ ਬਾਤ ਮਹਾਰਾਜ ਨੇ ਕਹਿ ਦਿੱਤੀ ਕਿ ਇੱਥੇ ਪਾਰਬ੍ਰਹਮ ਤੋਂ ਬਿਨਾਂ ਕੋਈ ਹੈ ਹੀ ਨਹੀਂ। ਉਹ ਆਪਣੇ ਆਪ ਆਪੇ ਹੀ expend ਹੋਇਆ ਹੈ। ਜਿਵੇਂ ਬੋਹੜ ਦਾ ਬੀਜ ਜਦੋਂ expend ਹੁੰਦਾ ਹੈ ਕਿੱਡਾ ਵੱਡਾ ਦਰਖਤ ਬਣ ਜਾਂਦਾ ਹੈ।

*ਬਟਕ ਬੀਜ ਮਹਿ ਰਵਿ ਰਹਿਓ*
*ਜਾ ਕੋ ਤੀਨਿ ਲੋਕ ਬਿਸਥਾਰ ॥ ਅੰਗ - ੩੪੦*

ਉਹ ਵਾਹਿਗੁਰੂ ਆਹ ਸੰਸਾਰ ਦੇ ਵਿੱਚ ਹੀ ਰਵਿਆ ਹੋਇਆ ਆਪੇ ਹੀ expend ਹੋਇਆ ਹੋਇਆ ਹੈ। ਆਪ ਹੀ ਅਨੇਕਾਂ ਰੂਪ ਧਾਰੇ ਹੋਏ ਨੇ, ਅਨੇਕਾਂ ਲਹਿਰਾਂ 'ਚ ਹੈ –

*ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥*
*ਅੰਗ - ੩*

*ਸੋਧਤ ਸੋਧਤ ਸੋਧਤ ਸੀਝਿਆ ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ਅੰਗ - ੨੮੧*

ਕੀਹਦਾ ਮਨ ਹੈ ਜਿਹੜਾ ਇਸ ਉਤੇ ਟਿਕਦਾ ਹੈ ਜੇ ਟਿਕ ਜਾਵੇ ਤਾਂ ਬ੍ਰਹਮਗਿਆਨੀ ਹੈ। ਭਾਈ ਘਨਈਏ ਦਾ ਮਨ ਟਿਕਿਆ ਸੀ। ਉਹ ਬ੍ਰਹਮਗਿਆਨੀ ਸੀ ਉਹਨੇ ਨਾ ਦੇਖਿਆ ਕਿ ਮੁਗਲਾਂ ਨੂੰ ਪਾਣੀ ਪਿਲਾਉਣਾ ਹੈ, ਨਾ ਦੇਖਿਆ ਕਿ ਖਾਲਸੇ ਨੂੰ ਪਿਲਾਉਣਾ ਹੈ, ਉਹ ਕਹਿੰਦਾ ਮਹਾਰਾਜ! ਮੈਨੂੰ ਤਾਂ ਤੁਰਕ, ਅਤੁਰਕ ਦਿਸਣ ਤੋਂ ਹਟ ਗਏ। ਮੈਨੂੰ ਕੋਈ ਦਿਸਦਾ ਹੈ ਤਾਂ ਤੂੰ ਦਿਸਦਾ ਹੈ ਹੋਰ ਕੋਈ ਦਿਸਦਾ ਨਹੀਂ ਹੈ।

ਰਾੜਾ ਸਾਹਿਬ ਦੀ ਸੰਪਰਦਾ ਤੋਂ ਉਪਰ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਤੋਂ ਬਾਅਦ ਇੱਕ ਮਹਾਤਮਾ ਹੋਏ ਨੇ ਬਾਬਾ ਭਾਗ ਸਿੰਘ ਕੁਰੀ ਵਾਲੇ। ਆਪ 22 ਸਾਲ ਦੀ ਉਮਰ ਹੈ, ਹਜ਼ੂਰ ਸਾਹਿਬ ਨੂੰ ਜਾ ਰਹੇ ਨੇ। ਵਿੰਧਿਆਚਲ ਪਰਬਤ ਲੰਘ ਕੇ ਜਦੋਂ ਮੱਧ ਪ੍ਰਦੇਸ਼ 'ਚ ਪਹੁੰਚਦੇ ਨੇ ਉਥੇ ਕਾਨ੍ਹਾ ਕਾਛਾ ਇੱਕ vally ਹੈ ਉਹਦੇ ਵਿੱਚ ਸ਼ੇਰ ਰਹਿੰਦੇ ਨੇ, ਹੁਣ ਵੀ ਸ਼ੇਰ ਰਹਿੰਦੇ ਨੇ। ਉਥੇ ਹੀ ਪਾਲੇ ਨੇ ਗੌਰਮਿੰਟ ਆਫ ਇੰਡੀਆ ਨੇ। ਉਹਦੇ ਵਿੱਚ ਆਬਾਦੀਆਂ ਨੇ। ਨੁਕਸਾਨ ਉਨ੍ਹਾਂ ਦਾ ਬਹੁਤ ਹੁੰਦਾ ਹੈ, ਪਸ਼ੂ ਖਾ ਜਾਂਦੇ ਨੇ, ਸ਼ੇਰ ਬਹੁਤੇ ਨੇ। ਬਾਬਾ ਜੀ ਨੂੰ ਉਥੇ ਰਾਤ ਪੈ ਗਈ ਜਾਂਦਿਆਂ ਨੂੰ, ਹਜ਼ੂਰ ਸਾਹਿਬ ਨੂੰ ਜਾਂਦੇ ਸੀ। ਆਪ ਨੇ ਇੱਕ ਸਵੱਛ ਥਾਂ ਦੇਖਿਆ, ਦੇਖ ਕੇ ਉਥੇ ਆਸਣ ਲਾ ਦਿੱਤਾ, ਸੂਰਜ ਛਿਪ ਰਿਹਾ ਹੈ। ਐਨੇ ਨੂੰ ਪਿੰਡਾਂ ਵਾਲੇ ਲੱਕੜੀਆਂ ਚੁੱਕੀਂ, ਚਾਰਾ ਚੁੱਕੀਂ ਦੌੜੇ ਜਾ ਰਹੇ ਨੇ ਕਿ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਘਰ ਚਲੇ ਜਾਈਏ। ਕਿਉਂਕਿ ਮਾੜਾ ਜਿਹਾ ਹਨ੍ਹੇਰਾ ਹੁੰਦੇ ਸਾਰ ਸ਼ੇਰ ਵਗੈਰਾ ਘੁੰਮਣ ਲੱਗ ਜਾਂਦੇ ਸੀ। ਉਨ੍ਹਾਂ ਨੂੰ ਤਰਸ ਆਇਆ ਕਿ ਇਹ ਬਾਲ ਯੋਗੀ ਇੱਥੇ ਬੈਠਾ ਹੈ ਇਹਨੂੰ ਪਤਾ ਨਹੀਂ ਹੈ ਇੱਥੇ ਤਾਂ ਸ਼ੇਰ ਪਾਣੀ ਪੀਣ ਆਉਂਦੇ ਨੇ ਰਾਤ ਨੂੰ ਤੇ ਇੱਥੇ ਹੀ ਉਹ ਸ਼ਿਕਾਰ ਕਰਦੇ ਨੇ, ਦੂਸਰੇ ਜਾਨਵਰ ਵੀ ਆਉਂਦੇ ਨੇ ਹਰਨ ਵਗੈਰਾ ਵੀ। ਕਹਿਣ ਲੱਗੇ, ਬਾਲ ਯੋਗੀ ਤੂੰ ਸਾਡੇ ਨਾਲ ਪਿੰਡ ਚੱਲ ਇੱਥੇ ਸ਼ੇਰ ਆਉਂਦੇ ਨੇ। ਬਾਬਾ ਜੀ ਕਹਿਣ ਲੱਗੇ, ਸਾਨੂੰ ਕੋਈ ਨਹੀਂ ਖਾਂਦਾ। ਜਾਓ ਤੁਸੀਂ। ਸਾਰੇ ਚਲੇ ਗਏ। ਅੰਮ੍ਰਿਤ ਵੇਲੇ ਉੱਠ ਕੇ ਇਕੱਠੇ ਹੋਏ ਕਹਿੰਦੇ ਬਈ ਦੇਖ ਕੇ ਆਈਏ, ਉਹ ਬਾਲ ਯੋਗੀ ਹੈਗਾ ਕਿ ਖਾ ਲਿਆ ਸ਼ੇਰ ਨੇ। ਉਥੇ ਆਇਆ ਤਾਂ ਉਹ ਸਮਾਧੀ ਸਥਿਤ ਬੈਠੇ ਸੀ। ਆਲੇ-ਦੁਆਲੇ ਦੇਖਿਆ ਤਾਂ ਸ਼ੇਰਾਂ ਦੀਆਂ ਪੈੜਾਂ, ਸੁੰਘਿਆ ਹੋਇਆ ਉਨ੍ਹਾਂ ਨੂੰ। ਉਨ੍ਹਾਂ ਨੇ ਬੁਲਾਇਆ ਕਹਿਣ ਲੱਗੇ, ਬਾਬਾ! ਇੱਕ ਗੱਲ ਤੋਂ ਅਸੀਂ ਬੜੇ ਹੈਰਾਨ ਹਾਂ ਕਿ ਤੈਨੂੰ ਸ਼ੇਰਾਂ ਨੇ ਕਿਉਂ ਨਹੀਂ ਖਾਧਾ, ਤੇਰੇ ਆਲੇ ਦੁਆਲੇ ਘੁੰਮੇ ਹੋਏ ਨੇ। ਕਹਿਣ ਲੱਗਿਆ, ਤੁਸੀਂ ਮੇਰੀ ਇੱਕ ਗੱਲ ਦਾ ਜਵਾਬ ਦਿਓ ਜੇ ਤੁਹਾਨੂੰ ਭੁੱਖ ਲੱਗੀ ਹੋਵੇ ਤੁਸੀਂ ਆਪਣੀ ਬਾਂਹ ਖਾ ਲੈਂਦੇ ਓਂ। ਕਹਿੰਦੇ, ਨਹੀਂ, ਪੱਟ 'ਚੋਂ ਮਾਸ ਕੱਟ ਕੇ ਖਾ ਲਓਂਗੇ, ਕਹਿੰਦੇ ਨਹੀਂ। ਕਹਿੰਦੇ, ਉਹ ਫੇਰ ਕਿਵੇਂ ਖਾ ਲੈਂਦੇ? ਜਾਓ ਤੁਹਾਡੇ ਸਮਝ ਵਿੱਚ ਨਹੀਂ ਆਉਂਦੀ ਗੱਲ। ਇੱਥੇ ਇੱਕ ਪ੍ਰਮੇਸ਼ਰ ਤੋਂ ਬਗੈਰ ਹੈ ਕੋਈ ਨਹੀਂ। ਉਹ ਆਪੇ ਹੀ ਆਪਣੀ ਖੇਲ ਖੇਲ੍ਹਦਾ ਹੈ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਕਹਿਣ ਲੱਗੇ, ਪਿਆਰਿਓ! ਗੁਰੂ ਨੇ ਸਾਨੂੰ ਉਹ ਅੱਖ ਦੇ ਦਿੱਤੀ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਉਹਨੇ ਅਸਲੀਅਤ ਦੱਸ ਦਿੱਤੀ, ਅੰਤਮ ਸੱਚ ਨੂੰ ਸਾਡੇ ਕੋਲ ਪ੍ਰਗਟ ਕਰ ਦਿੱਤਾ। ਉਹ ਇਹ ਹੈ ਕਿ –

*ਜਬ ਦੇਖਉ ਤਬ ਸਭੁ ਕਿਛੁ ਮੂਲੁ ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ਅੰਗ - ੨੮੧*

ਸੋ ਇਸ ਤਰ੍ਹਾਂ ਸਾਧਸੰਗਤ ਜੀ! ਜਿੰਨੀਆਂ ਕੁ ਮੈਂ ਬੇਨਤੀਆਂ ਕਰੀਆਂ ਨੇ ਇਨ੍ਹਾਂ ਨੂੰ ਹਿਰਦੇ 'ਚ ਬੰਨੋ, ਕਿਉਂਕਿ ਸਮੇਂ ਦੇ ਮੁਤਾਬਿਕ ਮੈਂ ਐਨਾ ਕੁ ਹੀ ਬੋਲਿਆ ਹਾਂ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

(------)

# ਆਇਆ ਸਫਲ ਤਾਹੂ ਕੋ ਗਨੀਐ ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

ਸ਼ਾਨ...........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯*

*ਧਾਰਨਾ - ਲੇਖੇ ਗਣਿਆਂ 'ਤੇ ਹੋਣਾ ਨਹੀਂ ਛੁਟਕਾਰਾ,*
*ਬਖਸ਼ਿਸ਼ ਮੰਗਾਂ ਤੇਰੀ ਮਾਲਕਾ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*
*ਭਾਈ ਗੁਰਦਾਸ ਜੀ, ਵਾਰ ੩੬/੧*

*ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥*
*ਹਰਿ ਕਿਰਪਾ ਕਰਿ ਕੈ ਬਖਸਿ ਲੈਹੁ*
*ਹਉ ਪਾਪੀ ਵਡ ਗੁਨਹਗਾਰੁ ॥*
*ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰ ॥*
*ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥*
*ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ ॥*
*ਅੰਗ - ੧੪੧੬*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਅੱਜ ਪੂਰਨਮਾਸ਼ੀ ਦਾ ਦਿਹਾੜਾ, ਗੁਰੂ ਦਰਬਾਰ 'ਚ ਪਹੁੰਚੇ ਓਂ। ਜ਼ਿੰਦਗੀ ਦੇ ਅੰਦਰ ਕੋਈ ਬੰਦਾ ਹੀ ਐਸਾ ਹੋਣਾ ਹੈ ਵਿਰਲਾ ਹੀ, ਜਿਸ ਤੋਂ ਕੋਈ ਨਾ ਕੋਈ ਉਹ ਕੰਮ ਨਾ ਹੋ ਗਿਆ ਹੋਵੇ ਜੋ ਦਰਗਾਹ ਦੇ ਵਿੱਚ ਸ਼ਰਮਿੰਦਾ ਕਰਦਾ ਹੈ। ਭਾਵੇਂ ਬਾਣੀ ਸਾਨੂੰ ਬਾਰ-ਬਾਰ ਉਪਦੇਸ਼ ਦਿੰਦੀ ਹੈ -

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ ਅੰਗ - ੧੩੮੧*

ਸੱਚੇ ਸਾਹਿਬ ਦੇ ਦਰਬਾਰ ਵਿੱਚ ਜਾਣਾ ਹੈ, ਸੱਚ ਦਾ ਨਿਬੇੜਾ ਹੋਣਾ ਹੈ ਉਥੇ ਕੋਈ ਵੀ ਕਾਰਨ ਸੁਣਿਆ ਨਹੀਂ ਜਾਣਾ। ਸੱਚੇ ਨਿਬੜ ਜਾਣੇ ਨੇ ਤੇ ਜਿਹੜੇ ਪਾਖੰਡ ਕਰਨ ਵਾਲੇ, ਧੋਖੇ ਦੇਣ ਵਾਲੇ ਹਾਰ ਜਾਣੇ ਨੇ -

*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥*
*ਅੰਗ - ੪੬੩*

ਬੜੀ ਬੁਰੀ ਸਥਿਤੀ ਹੈ, ਦੁਨੀਆਂ ਵਿੱਚ ਤਾਂ ਮਾਨਤਾ ਹੋ ਰਹੀ ਹੈ, ਸਾਰੇ ਪ੍ਰਭਤਾ ਕਰ ਰਹੇ ਨੇ। ਪਰ ਓਹੀ ਰੂਹ ਜਦੋਂ ਦਰਗਾਹ ਵਿੱਚ ਪਹੁੰਚਦੀ ਹੈ ਤੇ ਸਾਰੇ ਔਗੁਣ ਨੰਗੇ ਹੋ ਜਾਂਦੇ ਨੇ, ਜਿਹੜੇ ਮਹਾਰਾਜ ਕਹਿੰਦੇ ਤੂੰ ਪੈਰਾਂ ਦੇ ਥੱਲੇ ਤੈਂ ਪਾਪ ਦੱਬ ਕੇ ਰੱਖੇ ਹੋਏ ਨੇ, ਪ੍ਰਗਟ ਨਹੀਂ ਹੋਣ ਦਿੰਦਾ। ਪਰ ਦਰਗਾਹ ਵਿੱਚ ਜਾਏਂਗਾ, ਉਥੇ ਪ੍ਰਗਟ ਹੋ ਜਾਣੇ ਨੇ। ਬਹੁਤ ਮੁਸ਼ਕਲ ਹੋ ਜਾਏਗਾ, ਕਹਿਣ ਲੱਗੇ, ਉਥੇ ਫੇਰ ਮੁੱਖ ਜਿਹੜਾ ਤੂੰ ਹੁਣ ਲਈਂ ਫਿਰਦਾ ਹੈਂ ਉਹ ਕਾਲਾ ਹੋ ਜਾਇਆ ਕਰਦਾ। ਇਹੋ ਜਿਹਾ ਨਹੀਂ ਰਹਿੰਦਾ ਹੈ ਖੇੜੇ ਵਾਲਾ। ਪਸ਼ਚਾਤਾਪ ਨਾਲ ਕਾਲਾ ਹੋ ਜਾਂਦਾ ਹੈ ਤੇ ਫੇਰ ਦੋਜਕ ਨੂੰ ਚਲਦਾ ਹੈ। ਕੋਈ ਤਰੀਕਾ ਹੈ, ਆਦਮੀ ਗਲਤੀਆਂ ਕਰਕੇ, ਸਭ ਤੋਂ ਹੀ ਹੁੰਦੀਆਂ ਨੇ ਕੌਣ ਹੈ ਜੋ ਗਲਤੀਆਂ ਨਹੀਂ ਕਰਦਾ। ਕਿਉਂਕਿ Human is error. ਮਨੁੱਖ ਹੈ ਹੀ ਗਲਤੀ ਦਾ ਪੁਤਲਾ। ਇੱਕ ਗਲਤੀ 'ਚੋਂ ਨਿਕਲਦਾ ਹੈ ਦੂਸਰੀ, ਦੂਸਰੀ 'ਚੋਂ ਨਿਕਲਦਾ ਹੈ ਤੀਸਰੀ। ਮੁੜ ਕੇ ਫੇਰ ਉਥੇ ਹੀ ਆ ਜਾਂਦਾ ਹੈ, ਸੁਭਾਅ ਦੇ ਵਸ ਗਲਤੀਆਂ ਕਰਦਾ ਹੈ। ਗੁਨਾਹ ਕਰਦਾ ਹੈ, ਕਿਵੇਂ ਹੋਵੇ, ਉਮਰ ਬੀਤ ਜਾਂਦੀ ਹੈ, ਕੋਈ ਤਰੀਕਾ ਹੈ ਜਿਹਦੇ ਨਾਲ ਇਹ ਕਰਮ ਮਿਟ ਜਾਣ। ਇੱਕ ਪਾਸੇ ਮਹਾਰਾਜ ਕਹਿੰਦੇ ਨੇ ਕਿ ਕਰਮ ਨਹੀਂ ਮਿਟਣੇ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪*
*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ ਅੰਗ - ੧੩੫*

ਆਹ ਸਰੀਰ ਦੇ ਵਿੱਚ ਤੂੰ ਕਰਮ ਕਰਦਾ ਹੈਂ, ਕਰਮਾਂ ਦਾ ਜਦੋਂ ਫਲ ਭੁਗਤਣਾ ਪੈਣਾ ਹੈ ਫੇਰ ਤਾਂ ਔਖਾ ਹੋਏਂਗਾ -

*ਭੋਗੇ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।*

ਪਰ ਇੱਕ ਆਸਰਾ, ਇੱਕ ਸਹਾਰਾ ਲੱਭਦਾ ਹੈ ਕਿ ਪਿਛਲੇ ਕੀਤਿਆਂ ਹੋਇਆਂ ਦਾ ਤਾਂ ਸਾਨੂੰ ਪਤਾ ਨਹੀਂ ਕਿ ਕੀ ਅਸੀਂ ਕਰਿਆ ਹੈ, ਕੀ ਮਾੜਾ ਕੰਮ ਕਰਿਆ ਹੈ। ਕੀ ਠੱਗੀਆਂ ਕਰੀਆਂ ਨੇ, ਕੀ ਧੋਖੇ ਕਰੇ ਨੇ ਕਿਉਂਕਿ ਇਹ ਸਰੀਰ ਜਿਹੜਾ ਹੈ ਇਹ ਪਾਪ ਤੇ ਪੁੰਨ ਨਾਲ ਮਿਲਦਾ ਹੈ। ਜੇ ਦੋ ਨਾ ਹੋਣ ਤਾਂ ਸਰੀਰ ਨਹੀਂ ਮਿਲਦਾ। ਇਹਦੇ 'ਚ ਦੋਵੇਂ ਮਿਸ਼ਰਤ ਹੁੰਦੇ ਨੇ। ਪਾਪ ਵੀ ਹੁੰਦਾ ਹੈ ਪੁੰਨ ਵੀ ਹੁੰਦਾ ਹੈ। ਜੇ ਪਾਪ ਨਾ ਹੋਣ, ਇਕੱਲਾ ਪੁੰਨ ਹੋਵੇ ਤਾਂ ਸਰੀਰ ਨਹੀਂ ਮਿਲਿਆ ਕਰਦਾ। ਇਹਨੂੰ ਫੇਰ ਸਰੀਰ ਕਿਹੜਾ ਮਿਲਦਾ ਹੈ ਦੇਵਤਿਆਂ ਦਾ ਸਰੀਰ ਮਿਲਦਾ ਹੈ। ਫੇਰ ਨਿਰੋਲ ਨਿਰੋਦਖ ਸਰੀਰ ਮਿਲਦਾ ਹੈ ਜੇ ਪਾਪ ਨਾ ਹੋਣ। ਪਾਪਾਂ ਤੇ ਪੁੰਨਾਂ ਦੇ ਨਾਲ ਸਰੀਰ ਦਾ ਆਉਣਾ ਹੈ ਜੇ ਪਾਪ ਵਧੇ ਹੋਏ ਹੋਣ, ਸਰੀਰ ਦੁਖੀ ਹੁੰਦਾ ਹੈ ਪਰੇਸ਼ਾਨੀਆਂ ਆਉਂਦੀਆਂ ਨੇ ਇਹੋ ਜਿਹੇ ਪਰਿਵਾਰਾਂ 'ਚ ਆ ਜਾਏਗਾ ਜਿੱਥੇ ਸ਼ਾਂਤੀ ਨਾ ਆਵੇ। ਮਾਲੀ ਹਾਲਤ ਐਸੀ ਹੋਏਗੀ ਕਿ ਜਿੱਥੇ ਗੁਜ਼ਾਰਾ ਨਾ ਚਲਦਾ ਹੋਵੇ। ਵਿਸ਼ਿਆਂ ਵਿਕਾਰਾਂ ਨਸ਼ਿਆਂ ਦੇ ਵਿੱਚ ਪੈ ਜਾਏਗਾ। ਭੁੱਲ ਜਾਏਗਾ ਕਿਉਂਕਿ ਪਾਪਾਂ ਦਾ ਫਲ ਜ਼ਿਆਦਾ ਹੈ, ਭੋਗਣ ਵਾਸਤੇ ਆਇਆ ਹੋਇਆ ਹੈ। ਪਰੇਸ਼ਾਨੀਆਂ ਹੀ ਪਰੇਸ਼ਾਨੀਆਂ ਸਾਮ੍ਹਣੇ ਆਉਣੀਆਂ ਸ਼ੁਰੂ ਹੋ ਜਾਣਗੀਆਂ। ਦੁਖ ਆਉਣਗੇ, ਜੀਵ ਐਸੇ ਆਉਣਗੇ, ਸੰਜੋਗ ਐਸੇ ਜੀਵਾਂ ਨਾਲ ਹੋਏਗਾ ਜਿਹੜੇ ਲੇਖੇ ਲੈਣ ਆਉਣਗੇ।

ਜੇ ਪੁੰਨ ਦਾ ਫਲ ਵਧਿਆ ਹੋਇਆ ਹੋਵੇ ਫਲ ਤਾਂ ਸ਼ਾਂਤੀ ਹੋਇਆ ਕਰਦੀ ਹੈ। ਸਾਧੂਆਂ ਦੀ ਸੰਗਤ ਮਿਲ ਜਾਇਆ ਕਰਦੀ ਹੈ। ਗੁਰੂ ਨਾਲ ਮਿਲਾਪ ਹੋ ਜਾਇਆ ਕਰਦਾ ਹੈ। ਸੋ ਪਾਪ ਪੁੰਨ ਦਾ ਬਣਿਆ ਹੋਇਆ ਸਰੀਰ, ਸੰਸਾਰ 'ਤੇ ਆਉਂਦਾ ਹੈ, ਪਿਛਲੇ ਜਿਹੜੇ ਨੇ ਕੀਤੇ ਹੋਏ ਉਹ ਤਰਕਸ਼ ਵਿਚੋਂ ਛੁਟ ਚੁੱਕੇ ਨੇ, ਕਮਾਨ ਦੇ ਵਿੱਚੋਂ। ਉਹਦਾ ਸਾਡੇ ਕੋਲ ਕੋਈ ਇਲਾਜ ਨਹੀਂ ਹੈ ਸਿਵਾਏ ਭੋਗਣ ਤੋਂ। ਉਹ ਤਾਂ ਭੋਗਣੇ ਹੀ ਪੈਣ ਨੇ। ਉਹ ਤਾਂ ਸਾਡੇ ਹੱਥ ਵਿੱਚ ਨਹੀਂ ਹੁਣ ਹੈ। ਪ੍ਰਮੇਸ਼ਰ ਵਲ ਨੂੰ ਰਹਾਂਗੇ, ਚੰਗੇ ਕੰਮ ਕਰਾਂਗੇ, ਨੇਕ ਕੰਮ ਕਰਾਂਗੇ, ਉਨ੍ਹਾਂ ਦਾ ਬਲ ਘਟ ਜਾਏਗਾ ਲੇਕਿਨ ਭੋਗਣੇ ਪੈਣੇ ਨੇ। ਐਸਾ ਦਸਦੇ ਨੇ ਕਿ ਸੂਲੀ ਦੀ ਥਾਂ 'ਤੇ ਸੂਲ ਹੋ ਜਾਏਗੀ। ਸੁਪਨੇ ਵਿੱਚ ਕੱਟਿਆ ਜਾਏਗਾ, ਲੇਕਿਨ ਭੋਗਣਾ ਜ਼ਰੂਰ ਪਏਗਾ। ਉਹ ਵੀ ਗੁਰੂ ਦੀ ਮਿਹਰ ਹੋ ਜਾਏ, ਮਹਾਂਪੁਰਸ਼ਾਂ ਦੀ ਮਿਹਰ ਹੋ ਜਾਏ। ਕਰਮ ਕੱਟ ਜਾਂਦਾ ਹੈ, ਹਲਕਾ ਪੈ ਜਾਂਦਾ ਹੈ, ਓਨਾਂ ਜ਼ੋਰ ਨਹੀਂ ਉਹਦੇ 'ਚ ਰਹਿੰਦਾ। ਜੇ ਨਾ ਹੋਵੇ ਤਾਂ ਪੂਰੇ ਜ਼ੋਰ ਨਾਲ ਉਹ ਤਾਂ ਛੁਟ ਚੁੱਕੇ ਨੇ। ਉਨ੍ਹਾਂ ਨੇ ਤਾਂ ਕਰਨਾ ਹੀ ਹੈ ਆਪਣਾ ਕੰਮ। ਉਥੇ ਅਸੀਂ ਬੇਵਸ ਹਾਂ ਕੁਛ ਕਰ ਨਹੀਂ ਸਕਦੇ। ਜਿਹੜਾ ਕੁਛ ਅਸੀਂ ਕਰਨਾ ਹੈ ਉਹ ਸਾਡੇ ਤੋਂ ਹੋ ਨਹੀਂ ਸਕਦਾ। ਜੇ ਅਸੀਂ ਕਰਮ ਟਾਲ੍ਹਣੇ ਚਾਹੀਏ, ਸਾਡੇ ਕੋਲ ਇੱਕੋ ਹੀ ਚੀਜ਼ ਹੈ ਉਹ ਹੈ ਅਰਦਾਸ, ਅਰਦਾਸ ਹਰ ਬੰਦਾ ਨਹੀਂ ਕਰ ਸਕਦਾ ਕੋਈ-ਕੋਈ ਹੁੰਦਾ ਹੈ ਹਜ਼ਾਰਾਂ ਲੱਖਾਂ 'ਚੋਂ ਜਿਹੜਾ ਕਰ ਸਕੇ। ਇੱਕ ਬੰਦੇ ਦੀ ਅਰਦਾਸ ਮਨਜ਼ੂਰ ਹੁੰਦੀ ਹੈ ਕਿਉਂਕਿ ਅਰਦਾਸ ਦਾ ਵਲ ਨਹੀਂ ਆਉਂਦਾ, ਜੇ ਪ੍ਰਮੇਸ਼ਰ, ਵਾਹਿਗੁਰੂ ਜੇ ਸਹਾਈ ਹੋ ਜਾਵੇ ਤਾਂ ਉਹ ਜਿਹੜੇ ਕਰਮ ਨੇ, ਥੋੜ੍ਹਾ ਜਿਹਾ ਦੁੱਖ ਦੇ ਕੇ ਹੀ ਟਲ ਜਾਇਆ ਕਰਦੇ ਨੇ, ਨਹੀਂ ਤਾਂ ਭੋਗਣਾ ਪੈਂਦਾ ਹੈ। ਮਤਲਬ ਇਹ ਹੈ ਕਿ ਜਿਹੜੇ ਤਾਂ ਚੱਲ ਚੁੱਕੇ ਤੀਰ, ਉਹ ਤਾਂ ਲੱਗਣੇ ਹੀ ਲੱਗਣੇ ਨੇ, ਉਨ੍ਹਾਂ ਤੋਂ ਤਾਂ ਬਚ ਨਹੀਂ ਕੋਈ ਵੀ ਸਕਦਾ। ਪਰ ਕੁਛ ਐਸੇ ਨੇ ਜਿਹੜੇ ਪਏ ਨੇ, ਅਜੇ ਚੱਲੇ ਨਹੀਂ ਹਨ, ਉਡੀਕ ਰਹੇ ਨੇ ਸਮੇਂ ਨੂੰ, ਆਹ ਜਨਮ 'ਚ ਤਾਂ ਨਹੀਂ ਉਨ੍ਹਾਂ ਦਾ ਫਲ ਮਿਲਣਾ, ਅਗਲੇ ਜਨਮ ਦੇ ਵਿੱਚ ਤਿਆਰੀ ਹੋ ਰਹੀ ਹੈ ਕਿ ਕਿਹੜਾ-ਕਿਹੜਾ ਕਰਮ ਹੈ ਜਿਹਦਾ ਇਸਨੂੰ ਅਗਲੇ ਜਨਮ ਵਿੱਚ ਫਲ ਭੋਗਣਾ ਪੈਣਾ ਹੈ। ਗੱਲ ਸਮਝਣ ਵਾਲੀ ਹੈ, ਇਹ ਕੋਈ ਕਹਾਣੀਆ ਨਹੀਂ ਹੈ, ਇਹ ਸਿਧਾਂਤ ਨੇ। ਪਰਤਿਆਈਆਂ ਹੋਈਆਂ ਗੱਲਾਂ ਜਿਵੇਂ ਸੰਸਾਰ ਦਾ ਕਾਨੂੰਨ ਹੈ, ਪ੍ਰਮੇਸ਼ਰ ਦਾ ਵੀ ਕਾਨੂੰਨ ਹੈ। ਉਹ ਤਾਂ ਵੱਢਣਾ ਹੀ ਪੈਣਾ ਹੈ ਉਸ ਤੋਂ ਦੂਸਰਾ ਹੱਲ ਨਹੀਂ ਮਿਲ ਸਕਦਾ, ਦੂਸਰੀ ਚੀਜ਼ ਮਿਲ ਹੀ ਨਹੀਂ ਸਕਦੀ। ਐਸ ਤਰ੍ਹਾਂ ਬਾਣੀ ਦੇ ਅੰਦਰ ਫੈਸਲਾ ਹੀ ਕਰ ਦਿੱਤਾ ਹੈ -

*ਧਾਰਨਾ - ਕਿੱਥੋਂ ਭਾਲਦੈ ਤੂੰ ਦਾਖ ਬਿਜੌਰੀਆਂ,*
*ਕਿੱਕਰਾਂ ਦੇ ਬੀਜ ਬੀਜ ਕੇ।*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ - ੧੩੭੯*

ਕਹਿਣ ਲੱਗੇ, ਜੇ ਤੇਰੀ ਖ਼ੁਆਇਸ਼ ਦੇ ਮੁਤਾਬਿਕ ਹੋਵੇ ਉਹ ਨਹੀਂ ਹੋਣਾ। ਜਿਹੋ ਜਿਹਾ ਬੀਜ ਕੇ ਆਇਆ ਹੈਂ ਵੱਢਣਾ ਹੀ ਪੈਣਾ ਹੈ। ਔਖਾ ਹੋ ਕੇ ਖਾ ਲੈ, ਸੌਖਾ ਹੋ ਕੇ ਖਾ ਲੈ। ਕੌੜੇ ਫਲ ਜਿਹੜੇ ਬੀਜੇ ਨੇ ਉਹ ਤਾਂ ਖਾਣੇ ਹੀ ਪੈਣੇ ਨੇ। ਸੋ ਇਸ ਤਰ੍ਹਾਂ ਦੇ ਨਾਲ ਸਾਡੇ ਸਾਮ੍ਹਣੇ ਇੱਕ ਬੜਾ ਮਸਲਾ ਆ ਜਾਂਦਾ ਹੈ ਫੇਰ ਕੋਈ ਤਰੀਕਾ ਵੀ ਹੈ, ਕੋਈ ਗੱਲ ਬਣ ਸਕਦੀ ਹੈ ਕਿ ਪਿੱਛੇ ਤਾਂ ਗਲਤੀਆਂ ਹੋ ਗਈਆਂ, ਉਹ ਤਾਂ ਸਾਡੇ ਹੱਥ ਵਿੱਚ ਨਹੀਂ ਰਹੀਆਂ। ਉਸ ਵੇਲੇ ਮਹਾਂਪੁਰਸ਼ ਬੁੱਧੀਵਾਨ, ਵਿਚਾਰਵਾਨ, ਅਨੁਭਵੀ ਮਹਾਂਪੁਰਸ਼ ਗੁਰੂ ਪੀਰ, ਸਾਧੂ ਮਹਾਂਪੁਰਸ਼, ਇਸਨੂੰ ਦਸਦੇ ਨੇ ਕਿ ਪਿਆਰਿਆ! ਜਿਹੜਾ ਤਾਂ ਹੋ ਚੁੱਕਿਆ, ਜਿਹੜੇ ਤਾਂ ਕਮਾਨ ਵਿੱਚੋਂ ਤੀਰ ਚੱਲ ਚੁੱਕੇ ਨੇ, ਉਨ੍ਹਾਂ ਦੀ ਜਿਹੜੀ ਮਾਰ ਹੈ ਉਹ ਘੱਟ ਕੀਤੀ ਜਾ ਸਕਦੀ ਹੈ। ਐਸਾ ਤਰੀਕਾ ਹੈਗਾ ਵਾਹਿਗੁਰੂ ਨੇ ਰੱਖਿਆ ਹੋਇਆ। ਕਰਮਾਂ ਦਾ ਵਲ ਚੱਲ ਨਹੀਂ ਸਕਦਾ ਉਥੇ। ਉਹ ਸੁਖਾਲੇ ਹੋ ਜਾਣਗੇ ਭੋਗਣੇ। ਜਿੱਥੇ ਸੂਲੀਆਂ 'ਤੇ ਚੜ੍ਹ ਕੇ ਗਲ ਦੇ ਵਿਚ ਦੀ ਲੰਘਣੀ ਹੈ ਸੂਲੀ। ਉਥੇ ਪੈਰ ਵਿੱਚ ਕੰਡਾ ਚੁੱਭ ਕੇ ਹੀ ਕੰਮ ਚੱਲ ਜਾਏਗਾ। ਲੇਕਿਨ ਚੁੱਭੇਗਾ ਜ਼ਰੂਰ। ਪਰ ਇੱਕ ਗੱਲ ਹੈ ਪੱਕੀ, ਉਹ ਇਹ ਹੈ ਕਿ ਤੂੰ ਹੁਣ ਦੇ ਕੀਤੇ ਕਰਮਾਂ ਨੂੰ ਵਿਚਾਰ ਜਿਹੜੇ ਹੁਣ ਕਰ ਰਹੇ ਹਾਂ। ਇਨ੍ਹਾਂ ਵਿਚੋਂ ਥੋੜ੍ਹੇ ਜਿਹੇ ਤਾਂ ਹੁਣੇ ਹੀ ਰਲ ਜਾਣੇ ਨੇ, ਪਰਾਲਬਧ 'ਚ ਜਾ ਕੇ। ਬਹੁਤਾ ਚਿਰ ਨਹੀਂ ਲਾਉਂਦੇ ਏਧਰੋਂ ਕਰੇ ਓਧਰ ਰਲ ਗਏ। ਕੋਈ ਬੰਦਾ ਕਹੇ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਹੁਣੇ ਜਿਹੜੇ ਅਸੀਂ ਕਰਮ ਕਰਦੇ ਹਾਂ ਉਹ ਕਿਵੇਂ ਜਾ ਕੇ ਰਲ ਜਾਂਦੇ ਨੇ ਪਰਾਲਬਧ ਨਾਲ। ਹੁਣੇ ਇੱਥੇ ਕਿਸੇ ਦੇ ਮੁੱਕਾ ਮਾਰੋ, ਨਾਲ ਦੀ ਨਾਲ ਹੀ ਘਸੁੰਨ ਆ ਜਾਣਾ ਹੈ। ਕਿਉਂ ਹੁਣੇ ਹੀ ਕਰਮ ਕਰਿਆ ਤੇ ਹੁਣੇ ਹੀ ਭੋਗਣਾ ਪੈ ਗਿਆ। ਸੋਟਾ ਮਾਰੋ, ਸੋਟਾ ਖਾਣ ਵਾਸਤੇ ਤਿਆਰ ਹੋ ਜਾਓ। ਉਹਨੂੰ ਦੇਰ ਨਹੀਂ ਲੱਗਦੀ ਉਸੇ ਵਕਤ ਫਲ ਦਿੰਦੇ ਨੇ ਇਹ। ਇੱਕ ਉਹ ਨੇ ਜਿਹੜੇ ਇਕੱਠੇ ਹੋਏ ਪਏ ਨੇ ਉਨ੍ਹਾਂ ਨੇ ਵੱਡਾ-ਵੱਡਾ ਕੰਮ ਕਰਨਾ ਹੈ, ਪਰੇਸ਼ਾਨੀਆਂ ਪੈਦਾ ਕਰਨੀਆਂ ਨੇ, ਬਹੁਤ ਮਾੜੇ ਕੰਮ ਆਉਣੇ ਨੇ ਸਾਮ੍ਹਣੇ। ਵਿਛੜਨਾ ਹੈ ਕਿਸੇ ਨੇ ਮਿਲਣਾ ਹੈ ਆ ਕੇ। ਉਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਇਕੱਠੇ ਹੋਏ ਕੋਠੇ ਵਿੱਚ ਪਏ ਨੇ ਸਾਰੇ। ਸਟੋਰ ਵਿੱਚ ਪਏ ਨੇ। ਮੂੰਹ ਕੱਢੀਂ ਬੈਠੇ ਨੇ ਜਿਵੇਂ ਸੱਪ ਬੈਠੇ ਹੋਣ ਕਿ ਮੇਰੀ ਵਾਰੀ ਕਦੋਂ ਆਉਂਦੀ ਹੈ, ਮੇਰੀ ਵਾਰੀ ਕਦੋਂ ਆਉਂਦੀ ਹੈ। ਉਡੀਕ ਰਹੇ ਨੇ ਉਸੇ ਰੁਹ ਨੂੰ। ਮਹਾਰਾਜ ਕਹਿੰਦੇ ਕਿ ਉਹਦਾ ਖਾਤਮਾ ਹੋ ਸਕਦਾ ਹੈ। ਉਹ ਜਿਹੜੇ ਕੀਤੇ ਹੋਏ ਪਾਪ ਨੇ ਉਨ੍ਹਾਂ ਦੇ ਫਲਾਂ ਦਾ ਨਾਸ਼ ਹੋ ਸਕਦਾ ਹੈ। ਦੂਜਾ ਇਹ ਹੈ ਕਿ ਹੁਣ ਇਹੋ ਜਿਹਾ ਕਰਮ ਨਾ ਕਰੋ -

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥*
*ਅੰਗ - ੫੯੦*

*ਫਰੀਦਾ ਜਿਨੑੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਅੰਗ - ੧੩੮੧*

ਉਹ ਕੰਮਾਂ ਨੂੰ ਛੱਡ ਦਿਓ ਜਿਹਦਾ ਲੇਖਾ ਦੇਣਾ ਪੈ ਜਾਏ। ਇਹ ਹੁਣ ਵਾਲੇ ਤਾਂ ਰੋਕ ਸਕਦੇ ਹਾਂ ਕਿ ਅੱਗੇ ਨੂੰ ਨਾ ਬੀਜੀਏ, ਹੁਣ ਰੋਕ ਦੇਈਏ। ਉਹ ਮਹਾਤਮਾ ਤਰੀਕਾ ਦੱਸ ਦਿੰਦੇ ਹੁੰਦੇ ਨੇ ਕਿ ਕਰਮ ਕਰਕੇ ਤੂੰ ਮੈਂ ਨੂੰ ਧਾਰਨ ਨਾ ਕਰ ਕਿ ਮੈਂ ਕਰਦਾ ਹਾਂ-

*ਸੇਵਾ ਕਰਤ ਹੋਇ ਨਿਹਕਾਮੀ ॥ ਅੰਗ - ੨੮੬*

ਨਾ ਸੇਵਾ ਕਰਕੇ ਫਲ ਮੰਗ ਤੇ ਨਾ ਕੋਈ ਕਰਮ ਕਰਕੇ ਫਲ ਮੰਗ, ਦੁਨੀਆਂ ਸਾਰੀ ਉਸਤਤ ਕਰੀ ਜਾਏ ਕੁਛ ਨਾ ਗਿਣ ਉਸ ਗੱਲ ਨੂੰ ਕਿ ਮੈਂ ਤਾਂ ਕੁਛ ਕਰਿਆ ਹੀ ਨਹੀਂ, ਕਰਨ ਵਾਲਾ ਕਰ ਗਿਆ ਜਾਂ ਹੋ ਗਿਆ ਮੇਰੇ ਤੋਂ। ਉਹ ਫੇਰ ਫਲ ਚਿੰਬੜਦਾ

ਨਹੀਂ ਹੈ। ਕਰਮ ਚਿੰਬੜਦਾ ਨਹੀਂ ਉਹ ਤਾਂ ਉਥੇ ਹੀ ਨਾਸ਼ ਹੋ ਜਾਂਦਾ ਹੈ ਕਿਉਂਕਿ ਉਹਨੂੰ ਫੜਨ ਵਾਸਤੇ ਕੀਹਨੂੰ ਫੜੇ। ਉਹ ਹਉਂ ਨਹੀਂ ਧਾਰਦਾ, ਹਉਂ ਨਾ ਧਾਰਨ ਕਰਕੇ ਕਰਮ ਫੜਦਾ ਨਹੀਂ ਉਹ ਐਵੇਂ ਉਡਾਰੀਆਂ ਮਾਰਦਾ ਫਿਰੀ ਜਾਂਦਾ ਹੈ। ਇੱਕ ਕਰਮ ਉਹ ਨੇ ਜਿਹੜੇ ਸਟੋਰ ਵਿੱਚ ਪਏ ਨੇ ਅਗਲੇ ਜਨਮ ਦੇ ਨਾਲੇ ਤਾਂ ਹੇਤੂ ਨੇ ਕਿਉਂਕਿ ਜਿੰਨਾਂ ਚਿਰ ਕਰਮ ਬਚਦਾ ਹੈ ਜਨਮ ਮਰਨ ਤੋਂ ਆਦਮੀ ਮੁਕਤ ਨਹੀਂ ਹੋ ਸਕਦਾ। ਅਸੀਂ ਤਾਂ ਬੜੀ ਸੁਖਾਲੀ ਅਰਦਾਸ ਕਰ ਦਿੰਦੇ ਹਾਂ ਕਿ ਸੱਚੇ ਪਾਤਸ਼ਾਹ! ਫਲਾਣਾ, ਸਿੰਘ ਨਿਵਾਸ ਕਰ ਗਿਆ ਹੁਣ ਤੂੰ ਇਹਨੂੰ ਆਪਣੇ ਚਰਨਾਂ 'ਚ ਨਿਵਾਸ ਦੇ ਦੇਈਂ। ਚਰਨਾਂ 'ਚ ਨਿਵਾਸ ਕੋਈ ਸੁਖਾਲੀ ਗੱਲ ਹੈ। ਜੇ ਇਸ ਤਰ੍ਹਾਂ ਚਰਨਾਂ 'ਚ ਨਿਵਾਸ ਮਿਲਣ ਲੱਗੇ ਤਾਂ ਸਾਰੇ ਹੀ ਕਹਿ ਲਿਆ ਕਰਨ ਇਸ ਤਰ੍ਹਾਂ ਨਾਲ। ਐਸ ਤਰ੍ਹਾਂ ਨਹੀਂ ਮਿਲਦਾ, ਚਰਨ ਦਾ ਨਿਵਾਸ ਵੀ ਬਹੁਤ ਔਖਾ ਮਿਲਦਾ ਹੈ। ਉਹ ਤਾਂ ਕਰਮਾਂ ਦੇ ਬੰਨ੍ਹੇ ਹੋਏ ਨੇ ਆਉਣਾ ਹੀ ਆਉਣਾ ਹੈ, ਤੁਰਨਾ ਹੀ ਹੈ। ਸੋ ਜਿਹੜੇ ਕਰਮ ਪਏ ਨੇ ਇਹ ਧਿਆਨ ਨਾਲ ਗੱਲ ਸੁਣੋ, ਉਨ੍ਹਾਂ ਕਰਮਾਂ ਨੂੰ ਖਤਮ ਕਰਨ ਵਾਸਤੇ, ਉਹਦਾ ਇਲਾਜ ਹੈਗਾ। ਜੇ ਦੁੱਖਾਂ ਤੋਂ ਬਚਣਾ ਚਾਹੁੰਦੇ ਹਾਂ ਤਾਂ ਉਹਦਾ ਇਲਾਜ ਹੈਗਾ ਕਿ ਅਗਾਹਾਂ ਨੂੰ ਨਾ ਦੁੱਖ ਮਿਲੇ ਕੋਈ। ਜਿਹੜੇ ਹੁਣ ਮਿਲ ਗਏ ਇਹ ਤਾਂ ਕੱਟ ਲਵਾਂਗੇ, ਅੱਗੇ ਨਾ ਮਿਲ ਜਾਵੇ। ਉਹ ਸਾਰੇ ਜਿਹੜੇ ਕਰਮ ਪਏ ਨੇ ਕਰੋੜਾਂ ਜਨਮ ਜਿਹਨੇ ਸਾਨੂੰ ਘੁੰਮੇਟਣੀਆਂ ਦੇਣੀਆਂ ਨੇ ਮਹਾਰਾਜ ਕਹਿੰਦੇ ਉਨ੍ਹਾਂ ਦਾ ਨਾਸ਼ ਹੋ ਸਕਦਾ ਹੈ ਜਿਹੜੇ ਹੁਣ ਤੁਹਾਡੇ ਗਲ ਪਏ ਹੋਏ ਨੇ, ਇਹ ਨਰਮ ਹੋ ਸਕਦੇ ਨੇ ਅਗਾਹਾਂ ਨੂੰ ਕਰਨੇ ਬੰਦ ਕਰ ਦਿਓ, ਅਗਾਹਾਂ ਨੂੰ ਕਰਮ ਜਾਣਗੇ ਹੀ ਨਹੀਂ, ਆਪਣੇ ਆਪ ਹੀ ਮੁਕਤੀ ਹੋ ਜਾਏਗੀ। ਸੋ ਉਹਦੇ ਕਰਨ ਦਾ ਤਰੀਕਾ ਮਹਾਰਾਜ ਨੇ ਦੱਸਿਆ ਹੈ ਕਿ ਇੱਕ ਐਸੀ ਸ਼ਕਤੀ ਸੰਸਾਰ 'ਚ ਵਾਹਿਗੁਰੂ ਨੇ ਪੈਦਾ ਕੀਤੀ ਹੈ ਤੇ ਉਹ ਹੈ ਨਾਮ ਦੀ ਸ਼ਕਤੀ। ਜੇ ਨਾਮ ਜਪੀਏ ਨਾਮ ਦੇ ਨਾਲ ਮਿਲ ਜਾਈਏ, ਨਾਮ ਦੇ ਨਾਲ ਚਿੱਤ ਲੱਗ ਜਾਵੇ, ਨਾਮ ਹਿਰਦੇ 'ਚ ਨਿਵਾਸ ਕਰ ਲਵੇ। ਨਾਮ ਯਾਦਦਾਸ਼ਤ ਵਿੱਚ ਬੈਠ ਜਾਵੇ, ਫੇਰ ਕੀ ਹੁੰਦਾ ਹੈ ਉਹਦੀ ਗਰਮੀ ਦੇ ਨਾਲ ਜਿਹੜੇ ਅੰਦਰ ਜਮ੍ਹਾਂ ਹੋਏ ਪਏ ਤ੍ਰਿਕੁਟੀ ਦੇ ਭੰਡਾਰੇ ਦੇ ਅੰਦਰ ਸਾਰੇ ਪਾਪ, ਮਹਾਤਮਾ ਦਸਦੇ ਨੇ ਕਿ ਜਦੋਂ ਤ੍ਰਿਕੁਟੀ ਦੇ ਵਿੱਚ ਸੁਰਤੀ ਪਹੁੰਚ ਜਾਂਦੀ ਹੈ, ਉਥੇ ਨਾਮ ਦਾ ਐਨਾ ਬਲ ਹੋਇਆ ਕਰਦਾ ਹੈ ਕਿ ਉਹਦੇ ਨਾਲ ਪਹਿਲਾਂ ਜਿਹੜਾ ਕੋਠਾ ਭਰਿਆ ਪਿਆ ਹੈ, ਕਰਮਾਂ ਦਾ, ਉਹ ਜਲ ਜਾਇਆ ਕਰਦਾ ਹੈ। ਦਗਧ ਹੋ ਜਾਂਦਾ ਹੈ ਜਿਵੇਂ ਬੀਜ ਰੱਖਿਆ ਹੋਵੇ ਕਿਸੇ ਕਮਰੇ 'ਚ ਤੇ ਅੱਗ ਲੱਗ ਜਾਵੇ, ਸੇਕ ਲੱਗ ਜਾਵੇ ਬੀਜ ਨੂੰ, ਉਹ ਬੀਜ ਮੁੜ ਕੇ ਜੰਮਦਾ ਹੀ ਨਹੀਂ ਹੈ। ਕਿੰਨੀ ਹੀ ਖਾਦ ਪਾਈ ਜਾਓ, ਕਿਹੋ ਜਿਹੀ ਸੋਹਣੀ ਜ਼ਮੀਨ 'ਚ ਪਾ ਦਿਓ ਕਿਉਂਕਿ ਉਹਦੀ ਜੰਮਣ ਸ਼ਕਤੀ ਖਤਮ ਹੋ ਗਈ। ਇਸੇ ਤਰ੍ਹਾਂ ਜੇ ਵਾਹਿਗੁਰੂ ਦਾ ਨਾਮ ਜਪ ਕੇ ਅੰਦਰ ਤਰੱਕੀ ਕਰਕੇ ਤ੍ਰਿਕੁਟੀ 'ਚ ਪਹੁੰਚਦੇ ਹਾਂ, ਦਸਵੇਂ ਦੁਆਰ 'ਚ ਸਾਡੀ ਬਿਰਤੀ ਪਹੁੰਚਦੀ ਹੈ, ਉਹ ਜਿਹੜੇ ਕਰਮ ਨੇ ਸਾਰੇ ਦੇ ਸਾਰੇ ਖਤਮ ਹੋ ਜਾਂਦੇ ਨੇ ਕਿੱਡਾ ਸੁਖਾਲਾ ਫਾਰਮੂਲਾ ਹੈ ਤੇ ਖਤਮ ਹੀ ਨਹੀਂ ਹੁੰਦੇ। ਉਸ ਮਨੁੱਖ ਦੇ ਵਿੱਚ ਐਨੀ ਉੱਚਤਾ ਆ ਜਾਂਦੀ ਹੈ ਕਿ ਸੰਸਾਰ ਜਿਹੜਾ ਕੱਲ੍ਹ ਤੱਕ ਪਾਪ ਕਰਦਾ ਸੀ ਉਹਦੇ ਹੀ ਪੈਰਾਂ 'ਤੇ ਨਮਸ਼ਕਾਰਾਂ ਕਰਨ ਲਗ ਜਾਂਦੀ ਹੈ। ਐਸ ਤਰ੍ਹਾਂ ਮਹਾਰਾਜ ਦਾ ਫੁਰਮਾਨ ਹੈ -

*ਧਾਰਨਾ - ਨਾਮ ਜਪ ਕੇ ਪਾਪਾਂ ਦਾ ਨਾਸ਼ ਹੋਵੇ,*
*ਪੂਜਾ ਕਰੇ ਸਾਰੀ ਦੁਨੀਆਂ - ੨, ੨*

ਨਾਮ ਜਪਣ ਦੇ ਨਾਲ ਮਹਾਰਾਜ ਕਹਿੰਦੇ, ਮਹਾਂਪਾਪੀ ਵੀ ਜਿਹੜਾ ਹੈ ਉਹਦੇ ਸਾਰੇ ਪਾਪ ਨਾਸ਼ ਹੋ ਜਾਂਦੇ ਨੇ ਤੇ ਐਨਾ ਪ੍ਰਤਾਪ ਵੱਧ ਜਾਂਦਾ ਹੈ ਐਨੀ ਪਵਿੱਤਰਤਾ ਉਹਦੇ ਹਿਰਦੇ 'ਚ ਆ ਜਾਂਦੀ ਹੈ ਕਿ ਦੁਨੀਆਂ ਸਾਰੀ ਉਹਦੇ ਚਰਨਾਂ 'ਤੇ ਮਸਤਕ ਨਿਵਾਉਂਦੀ ਹੈ। ਪੂਜਾ ਕਰਦੀ ਹੈ, ਫੁਰਮਾਨ ਹੈ ਕਿ -

*ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਜਿਤੁ ਜਪਿਐ ਪਾਪ ਗਵਾਤੇ ਰਾਮ ॥ ਅੰਗ - ੫੩੯*

ਹੱਦ ਤੋਂ ਜ਼ਿਆਦਾ ਅਤਿ ਜਿਹਨੂੰ ਕਹਿੰਦੇ, ਜਿਸ ਤੋਂ ਅਗਾਂਹਾਂ ਕੋਈ ਚੀਜ਼ ਨਾ ਹੋਵੇ। ਕਹਿੰਦੇ, ਐਨਾ ਉਤਮ ਹੈ ਹਰੀ ਦਾ ਨਾਮ ਜਿਹਦੇ ਜਪਣ ਦੇ ਨਾਲ ਸਾਰੇ ਪਾਪ ਗਵਾਏ ਜਾਂਦੇ ਨੇ ਤੇ ਜਿਹੜਾ ਪਤਿਤ ਹੁੰਦਾ ਹੈ ਉਹ ਮਹਾਂਪਵਿੱਤਰ ਹੋ ਜਾਂਦਾ ਹੈ-

*ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ*
*ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ ॥ ਅੰਗ - ੫੩੯*

ਉਹ ਇਹ ਨਹੀਂ ਕਿ ਘਰ ਵਿੱਚ ਹੀ ਛੁਪਿਆ ਰਹਿ ਜਾਏਗਾ। ਚਾਰੇ ਹੀ ਜੁਗਾਂ ਦੇ ਅੰਦਰ ਉਹਨੂੰ ਫੇਰ ਜਾਣਦੇ ਨੇ, ਭੁੱਲਦੇ ਨਹੀਂ ਹਨ ਉਸਨੂੰ। ਕਿੱਡਾ ਵੱਡਾ ਫਲ ਹੈ ਨਾਮ ਦਾ। ਹੋਰ ਕੀ ਕਰਦਾ ਹੈ -

*ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥ ਅੰਗ - ੫੩੯*
*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਦੁੱਖ ਪਾਉਂਦਾ ਹੈ, ਜੰਮਦਾ ਮਰਦਾ ਹੈ, ਜੰਮਦਾ ਮਰਦਾ ਹੈ। ਕਹਿੰਦੇ, ਉਹ ਮੈਲ ਹੀ ਉਤਰ ਜਾਂਦੀ ਹੈ ਉਹਦੀ ਥਾਂ ਦੇ ਉਤੇ ਨਾਮ ਦੇ ਰਸ ਦੇ ਵਿੱਚ ਮਖਮੂਰ ਰਹਿੰਦਾ ਹੈ ਹਰ ਵਕਤ।

*ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ*
*ਜਨ ਨਾਨਕ ਖਿਨੁ ਹਰਿ ਰਾਤੇ ਰਾਮ ॥ ਅੰਗ - ੫੩੯*

ਵੱਡੇ-ਵੱਡੇ ਪਾਪੀ ਨੇ ਜਿਹੜੇ ਅਪਰਾਧ ਕਰਨ ਵਾਲੇ, ਹੱਤਿਆ ਕਰਨ ਵਾਲੇ ਜਿਨ੍ਹਾਂ ਨੂੰ ਕਹਿੰਦੇ ਕਿ ਇਨ੍ਹਾਂ ਦਾ ਉਧਾਰ ਹੀ ਨਹੀਂ ਹੋ ਸਕਦਾ ਕਹਿੰਦੇ, ਉਨ੍ਹਾਂ ਦਾ ਵੀ ਉਧਾਰ ਹੋ ਜਾਂਦਾ ਹੈ। ਜੇ ਥੋੜ੍ਹਾ ਜਿਹਾ ਵੀ ਵਾਹਿਗੁਰੂ ਦੇ ਨਾਮ ਨਾਲ ਰੱਤਿਆ ਜਾਵੇ ਕਹਿੰਦੇ ਉਨ੍ਹਾਂ ਦਾ ਵੀ ਉਧਾਰ ਹੋ ਜਾਂਦਾ ਹੈ, ਅਜਾਮਲ ਵਰਗਿਆਂ ਦਾ।

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥ ਅੰਗ - ੧੧੯੨*

ਕਹਿੰਦੇ ਇੱਕੋ ਵਾਰ ਕਿਹਾ ਸੀ ਨਾ ਉਹਨੇ, ਕਿੱਡਾ ਪਾਪੀ ਸੀ -

*ਪਤਿਤ ਅਜਾਮਲੁ ਪਾਪ ਕਰਿ ਜਾਇ ਕਲਾਵਤਣੀ ਦੇ ਰਹਿਆ।*
*ਭਾਈ ਗੁਰਦਾਸ ਜੀ, ਵਾਰ ੧੦/੨੦*

ਉਹਦਾ ਵੀ ਉਧਾਰ ਹੋ ਗਿਆ। ਮੈਲ ਲਹਿ ਜਾਂਦੀ ਹੈ

ਸਾਰੀ।

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥*
*ਬਾਲਮੀਕੈ ਹੋਆ ਸਾਧਸੰਗੁ ॥*
*ਧ੍ਰੂ ਕਉ ਮਿਲਿਆ ਹਰਿ ਨਿਸੰਗ ॥* *ਅੰਗ - ੧੧੯੨*

ਬਾਲਮੀਕ ਦਾ ਜ਼ਿਕਰ ਕਰਦੇ ਨੇ ਇੱਥੇ ਗੁਰੂ ਮਹਾਰਾਜ ਕਿ ਉਹਨੂੰ ਸੰਗਤ ਹੋਈ ਤੇ ਸੰਗਤ ਦੀ ਮਹਿਮਾ ਪ੍ਰਗਟ ਹੋਈ ਉਸ ਤੋਂ, ਪੜ੍ਹ ਲਓ ਇਸ ਤਰ੍ਹਾਂ ਦੇ ਨਾਲ -

*ਧਾਰਨਾ - ਸੁਣਿਓ ਮੇਰੇ ਮੀਤਾ ਮਹਿਮਾ,*
*ਸਾਧੂਆਂ ਦੇ ਸੰਗ ਦੀ - ੨, ੨.*

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ਰਹਾਉ ॥*
*ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥*
*ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥*
*ਅੰਗ - ੮੦੯*

ਪਿੰਗਲਾ ਜਿਹੜਾ ਹੈ ਉਹ ਪਹਾੜ ਤੋਂ ਲੰਘ ਜਾਂਦਾ ਹੈ, ਮਹਾਂਮੂਰਖ ਜਿਹੜਾ ਹੈ ਉਹ ਚਾਰੇ ਵੇਦਾਂ ਦਾ ਗਿਆਤਾ ਹੋ ਜਾਂਦਾ ਹੈ। ਅੰਨ੍ਹਾ ਜਿਹੜਾ ਹੈ ਉਹਨੂੰ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ, ਜਦੋਂ ਗੁਰੂ ਪੁਨੀਤ ਨੂੰ ਭੇਟਦਾ ਹੈ, ਸੰਤਾਂ ਦੀ ਸੰਗਤ ਕਰਦਾ ਹੈ। ਅੰਦਰ ਗਿਆਨ ਦੀ ਉਤਪਤੀ ਹੋ ਜਾਂਦੀ ਹੈ, ਪ੍ਰਕਾਸ਼ ਹੋ ਜਾਂਦਾ ਹੈ। ਉਹਦੇ ਨਾਲ ਕੀ ਹੁੰਦਾ ਹੈ, ਮੈਲ ਖਤਮ ਹੋ ਜਾਂਦੀ ਹੈ, ਕਰੋੜਾਂ ਕਿਸਮ ਦੀਆਂ ਮੈਲਾਂ ਖਤਮ ਹੋ ਕੇ ਨਿਰਮਲ ਹੋ ਜਾਂਦਾ ਹੈ। ਸੋ ਐਸਾ ਇੱਕ ਵਿਅਕਤੀ ਦੁਆਪਰ ਯੁੱਗ 'ਚ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਇੱਥੇ ਦਿੱਲੀ ਦੇ ਨੇੜੇ ਰਹਿੰਦੇ ਸੀ। ਕੰਮ ਕੀ ਸੀ ਉਸਦਾ, ਬੰਦੇ ਮਾਰ ਦੇਣੇ, ਮਾਰਨ ਤੋਂ ਬਾਅਦ ਉਹਦੀ ਫਰੋਲਾ-ਫਰੋਲੀ ਕਰਨੀ ਤੇ ਫੇਰ ਜੇਬ 'ਚੋਂ ਕੱਢ ਲੈਣਾ, ਜੋ ਕੁਛ ਮਿਲਿਆ ਉਹਦੇ ਨਾਲ ਗੁਜ਼ਾਰਾ ਕਰਦਾ ਸੀ। ਪਹਿਲੀ ਵਾਰੀ ਜਿਸ ਵਕਤ ਮਾਂ ਨੂੰ ਪੁੱਛਿਆ ਇਸਨੇ ਕਿ ਮਾਂ! ਹੁਣ ਮੈਂ ਜੁਆਨ ਹੋ ਗਿਆ, ਮੈਨੂੰ ਕੰਮ ਦੱਸ, ਕਹਿੰਦੀ ਕੰਮ ਕੀ ਹੈ ਆਪਣਾ, ਆਪਣਾ ਕੰਮ ਹੈ ਡਾਕੇ ਮਾਰਨਾ। ਲੋਕਾਂ ਨੂੰ ਲੁੱਟਣਾ। ਕਹਿਣ ਲੱਗਿਆ, ਕੋਈ ਸਰਕਾਰ ਵੀ ਹੁੰਦੀ ਹੈ? ਕਹਿੰਦੀ ਜੰਗਲਾਂ 'ਚ ਲੁੱਕ ਕੇ ਮਾਰ ਕਿ ਪਤਾ ਹੀ ਨਾ ਲੱਗੇ। ਜਗ੍ਹਾ ਬਦਲਦਾ ਰਹਿ, ਕਦੇ ਇੱਥੇ, ਕਦੇ ਦੱਸ ਮੀਲ ਓਧਰ, ਵੀਹ ਮੀਲ ਓਧਰ। ਮਾੜੀ ਸਿੱਖਿਆ ਮਾਂ ਨੇ ਦੇ ਦਿੱਤੀ। ਮਾੜੀ ਸਿੱਖਿਆ ਜਿਹੜੀ ਮਾਂ ਦਿੰਦੀ ਹੈ, ਮਹਾਰਾਜ ਕਹਿੰਦੇ, ਪਿਆਰਿਓ! ਉਸ ਨੂੰ ਤਾਂ ਗਾਲ ਲਗਦੀ ਹੈ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥* *ਅੰਗ - ੩੨੮*

ਜਿਸ ਘਰ ਦੇ ਅੰਦਰ ਪ੍ਰਮੇਸ਼ਰ ਦਾ ਪਿਆਰਾ ਜਨਮ ਨਾ ਲਵੇ, ਉਹ ਮਾਂ, ਚੰਗਾ ਹੁੰਦਾ ਜੇ ਵਿਧਵਾ ਹੋ ਜਾਂਦੀ। ਕਿਉਂਕਿ ਐਸੇ ਪੁੱਤਰ ਨੂੰ ਜਨਮ ਨਾ ਦਿੰਦੀ -

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥* *ਅੰਗ - ੩੨੮*

ਜਿਹਨੇ ਜੰਮ ਕੇ ਫੇਰ ਨਾਮ ਨਹੀਂ ਸੀ ਜਪਣਾ, ਕਹਿੰਦੇ ਉਹ ਜੰਮਦਾ ਹੀ ਮਰ ਜਾਂਦਾ, ਪਾਪ ਤਾਂ ਨਾ ਕਰਦਾ। ਮਾੜੇ ਕੰਮ ਕਰਕੇ ਨਰਕਾਂ 'ਚ ਤਾਂ ਨਾ ਪੈਂਦਾ। ਇਹਦੇ ਨਾਲੋਂ ਤਾਂ ਚੰਗਾ ਸੀ ਕਿ ਜੂਨ ਕੱਟੀ ਤੇ ਖਤਮ ਹੋ ਜਾਂਦਾ। ਕਿਉਂਕਿ ਜਿਹੜਾ ਪੁੱਤਰ ਘਰ ਵਿੱਚ ਗਲਤ ਹੈ, ਉਹ ਕੁਲਾਂ ਨੂੰ ਨਰਕਾਂ ਵਿੱਚ ਲੈ ਜਾਂਦਾ ਹੈ, ਕੋਈ ਕਸੂਰ ਨਹੀਂ ਹੁੰਦਾ ਬਜ਼ੁਰਗਾਂ ਦਾ। ਉਹ ਕਮਾਉਂਦੇ ਨੇ, ਸਾਰੇ ਦੇਖ ਲਓ ਜਿੰਨੇ ਆਪਾਂ ਹੈਗੇ ਬੈਠੇ, ਅਸੀਂ ਕਹਿੰਦੇ ਹਾਂ ਕਿ ਸਾਡੇ ਪੁੱਤ ਧੀ ਖਾਣਗੇ, ਉਹਦੇ ਵਾਸਤੇ ਜਾਇਜ਼ ਨਜ਼ਾਇਜ਼ ਕਮਾਈਆਂ ਕਰਕੇ ਲਿਆਉਂਦੇ ਹਾਂ। ਦਿਨ ਰਾਤ ਖੱਪਦੇ ਹਾਂ, ਜਿਹੜਾ ਅਸਲੀ ਆਪਣਾ ਕੰਮ ਹੈ ਉਹਨੂੰ ਪਾਸੇ ਰੱਖ ਦਿੰਦੇ ਹਾਂ, ਪਰਵਾਹ ਨਹੀਂ ਕਰਦੇ ਕਿ ਦੁਬਾਰਾ ਫੇਰ ਜਨਮ ਹੋਏਗਾ। ਹੁਣੇ ਨਿਬੇੜ ਦੇਈਏ ਜਿਹੜੇ ਕੰਮ ਨੂੰ ਆਏ ਓਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* *ਅੰਗ - ੧੨*

ਇਹਦਾ ਧਿਆਨ ਨਹੀਂ ਰੱਖਣਾ, ਪੁੱਤਾਂ ਧੀਆਂ ਦਾ ਧਿਆਨ ਰੱਖਣਾ ਹੈ ਉਨ੍ਹਾਂ ਵਾਸਤੇ ਜੋੜਨਾ ਹੈ, ਉਨ੍ਹਾਂ ਵਾਸਤੇ ਕੰਮ ਕਰਨਾ ਹੈ, ਪਾਪ ਕਰਦੇ ਨੇ ਉਨ੍ਹਾਂ ਵਾਸਤੇ। ਬੱਚਿਆਂ ਨੂੰ ਜੋੜ ਕੇ ਦਿੰਦੇ ਨੇ, ਬੱਚੇ ਨਹੀਂ ਪੁੱਛਿਆ ਕਰਦੇ ਕਦੇ ਵੀ ਕਿਸੇ ਨੂੰ। ਸੋ ਉਹਦੇ ਵਿੱਚ ਅਸੀਂ ਜ਼ਿੰਦਗੀ ਬਰਬਾਦ ਕਰ ਦਿੰਦੇ ਹਾਂ ਸਾਰੀ। ਉਲਟੇ ਕੰਮ ਕਰਦੇ ਹਾਂ। ਉਹ ਜੋ ਐਸਾ ਪੁੱਤਰ ਪੈਦਾ ਹੋ ਜਾਵੇ ਕੁਲ ਦੇ ਅੰਦਰ; ਕੁੱਲ ਨੂੰ ਗਾਲ ਦਿੰਦਾ ਹੈ ਸਾਰੀ ਨੂੰ। ਰਹਿਤਨਾਮੇ 'ਚ ਆਉਂਦਾ ਹੈ ਕਿ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।*

ਜ਼ਰਾ ਜਿੰਨਾਂ ਵੀ ਤਮਾਕੂ ਨੂੰ ਹੱਥ ਲਗ ਜਾਵੇ ਜਾਂ ਇੱਕ ਡੱਕੇ 'ਤੇ ਚੁੱਕ ਮੂੰਹ ਵਿੱਚ ਚਲਿਆ ਜਾਵੇ, ਕਹਿੰਦੇ ਇਹਦੇ ਨਾਲ ਕੀ ਹੋਏਗਾ, ਐਨਾ ਪਾਪ ਵੱਧ ਜਾਏਗਾ ਉਹਦਾ, ਦੇਵਤੇ ਉਹਨੂੰ ਛੱਡ ਜਾਣਗੇ, ਉਸ ਘਰ ਦੇ ਉਤੇ ਰਾਖੀ ਨਹੀਂ ਹੋਏਗੀ। ਭੂਤ, ਪ੍ਰੇਤ ਆ ਕੇ ਪ੍ਰਵੇਸ਼ ਕਰ ਜਾਣਗੇ। ਦੁੱਖ ਸ਼ੁਰੂ ਹੋ ਜਾਣਗੇ, ਕਲਪਨਾ, ਕਲਾ, ਮਾਰ ਲਓ-ਮਾਰ ਲਓ। ਗਾਲ੍ਹਾਂ ਕੱਢੋ। ਉਥੇ ਸ਼ਾਂਤੀ ਨਾ ਕਦੇ ਵੀ ਆਏਗੀ, ਉਸ ਘਰ ਦੇ ਅੰਦਰ। ਕਿਉਂਕਿ ਅਸ਼ਾਂਤੀ ਆ ਗਈ। ਤਮਾਕੂ ਦੇ ਨਾਲ ਜਿੰਨੇ ਵਿਘਨ ਨੇ ਸਭ ਆ ਜਾਂਦੇ ਨੇ। ਉਹ ਜਿਹੜੇ ਦੇਵਤੇ ਇਨ੍ਹਾਂ ਦੇ ਬਜ਼ੁਰਗ ਬੈਠੇ ਨੇ, ਦੇਵ ਲੋਕਾਂ 'ਚ, ਦੇਵਤਿਆਂ ਦੀ ਪਦਵੀ ਮਿਲੀ ਹੋਈ ਹੈ, ਦੇਵ ਗੰਧਰਭ ਲੋਕ 'ਚ ਨੇ, ਦੇਵ ਗੰਧਰਭ ਲੋਕ 'ਚ ਨੇ, ਪਿੱਤਰ ਲੋਕ, ਸਵਰਗ ਲੋਕ 'ਚ ਨੇ, ਪਿੱਤਰ ਲੋਕ 'ਚ ਨੇ, ਸਵਰਗ ਲੋਕ, ਇੰਦਰ ਲੋਕ, ਬੇਅੰਤ ਸਵਰਗ ਨੇ ਜਿਹੋ ਜਿਹਾ ਕਿਸੇ ਨੇ ਕਰਮ ਕਰਿਆ ਹੈ, ਉਹੋ ਜਿਹਾ ਥਾਂ ਉਹਨੂੰ ਆ ਕੇ ਮਿਲ ਗਿਆ। ਉਹ ਬੇਦਾਵਾ ਦੇ ਦਿੰਦੇ ਨੇ ਕਿਉਂਕਿ ਉਹ ਕੁਲ ਗਾਲਣ ਵਾਲਾ ਆ ਗਿਆ। ਉਸੇ ਵੇਲੇ ਛੱਡ ਜਾਂਦੇ ਨੇ ਤੇ ਕਹਿੰਦੇ ਉਹਦੇ ਹੱਥ ਦਾ ਦੋਸ਼ ਕਿੰਨਾ ਲਗਦਾ ਹੈ ਜੇ ਉਸ ਤੋਂ ਪਾਣੀ ਲੈ ਕੇ ਪੀ ਲਓ, ਆਹ ਜ਼ਰਦਾ ਖਾਣ ਵਾਲੇ ਤੋਂ, ਤਮਾਕੂ ਪੀਣ ਵਾਲੇ ਤੋਂ ਕਹਿੰਦੇ ਐਨਾ ਪਾਪ ਲਗ ਜਾਏਗਾ, ਜਿੰਨਾਂ ਸ਼ਰਾਬ ਪੀਣ ਦਾ ਲਗਦਾ ਹੈ।

*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*

ਫੇਰ ਸਵਾਲ ਆਉਂਦਾ ਹੈ ਕਿ ਸ਼ਰਾਬ ਦਾ ਕਿੰਨਾ ਦੋਸ਼

ਲਗਦਾ ਹੈ? ਕਹਿੰਦੇ -

*ਮਦਰਾ ਦਹਤੀ ਸਪਤ ਕੁਲ ............।*

ਸੱਤ ਕੁਲਾਂ ਦਾ ਨਾਸ਼ ਸ਼ਰਾਬ ਕਰ ਦਿੰਦੀ ਹੈ।

*............ਭਾਂਗ ਦਹੈ ਤਨ ਏਕ।*

ਭੰਗ ਜਿਹੜੀ ਹੈ ਇਹ ਇੱਕ ਤਨ ਨੂੰ ਗਾਲਦੀ ਹੈ।

*ਜਗਤ ਜੂਠ ਸ਼ਤ ਕੁਲ ਦਹੈ ..............।*

ਤਮਾਕੂ ਜਿਹੜਾ ਹੈ ਇਹ ਇੱਕ ਸੌ ਇੱਕ ਕੁਲ ਦਾ ਨਾਸ਼ ਕਰ ਦਿੰਦਾ ਹੈ। ਉਹ ਬਜ਼ੁਰਗ ਪਰੇਸ਼ਾਨ ਹੁੰਦੇ ਨੇ, ਬੇਦਾਵੇ ਦੇ ਦਿੰਦੇ ਨੇ, ਦਰਗਾਹਾਂ 'ਚ ਬੈਠੇ ਕਿ ਸਾਡਾ ਇਹ ਹੇ ਪ੍ਰਭੂ! ਕੁਛ ਨਹੀਂ ਲਗਦਾ। ਜਾਣ ਦਿਓ ਜਿਧਰ ਨੂੰ ਜਾਂਦਾ ਹੈ। ਕਿਉਂਕਿ ਇਹ ਬੂਟੀ ਐਸੀ ਹੀ ਹੈ। ਬੜੀ ਹੀ ਵਿਰੋਧਤਾ, ਨਿਖੇਧਤਾ ਸ਼ਾਸਤਰਾਂ ਵਿੱਚ ਇਸਦੀ ਕੀਤੀ ਹੋਈ ਹੈ। ਸ਼ਿਵ ਜੀ ਮਹਾਰਾਜ ਨਾਲ ਜਿੱਥੇ ਬਚਨ ਹੁੰਦੇ ਨੇ ਉਥੇ ਬੜੀ ਨਿਖੇਧੀ ਇਹਦੀ ਕਰੀ ਹੋਈ ਹੈ ਕਿ ਇਹੋ ਜਿਹੀ ਮਹਾਨ ਦੁਸ਼ਟ ਬੂਟੀ ਪੈਦਾ ਹੋਣੀ ਹੈ ਕਲਜੁਗ ਦੇ ਅੰਦਰ, ਨਾ ਕਿਸੇ ਦਾ ਕਰਮ ਚੱਲਣਾ ਹੈ ਨਾ ਧਰਮ ਚੱਲਣਾ ਹੈ। ਅੱਗੇ ਦੇਵਤੇ ਇੱਥੇ ਆ ਕੇ ਪ੍ਰਤੱਖ ਹੋ ਜਾਂਦੇ ਸੀ, ਜਦੋਂ ਉਨ੍ਹਾਂ ਨੂੰ ਕੋਈ ਯਾਦ ਕਰਦਾ ਸੀ, ਅਸ਼ੀਰਵਾਦ ਦਿੰਦੇ ਸੀ ਆ ਕੇ। ਜਿਸ ਦਿਨ ਤੋਂ ਪਹਿਲਾ ਧੂੰਆਂ ਕਿਸੇ ਦੇ ਮੂੰਹ 'ਚੋਂ ਨਿਕਲਿਆ ਇਸ ਬੂਟੀ ਦਾ, ਜਾਂ ਕਿਸੇ ਨੇ ਇਹਨੂੰ ਦੰਦਾਂ ਦੇ ਨਾਲ ਚੱਬ ਕੇ ਖਾ ਲਿਆ, ਉਸ ਦਿਨ ਤੋਂ ਦੇਵਤੇ ਆਹ ਧਰਤੀ ਦੇ ਉਤੇ ਆਉਣ ਤੋਂ ਹਟ ਗਏ। ਹੁਣ ਜ਼ੋਰ ਲਾ ਲਓ ਜਿੰਨਾਂ ਲਗਦਾ ਹੈ, ਕਦੇ ਵੀ ਨਹੀਂ ਆਏਗਾ ਦੇਵਤਾ। ਕਿਉਂਕਿ ਵਾਤਾਵਰਣ ਇੱਥੇ ਦੂਸ਼ਿਤ ਹੋ ਗਿਆ ਸਾਰਾ। ਉਹ ਛੱਡ ਜਾਂਦੇ ਨੇ।

*............ਨਿੰਦਾ ਦਹੈ ਅਨੇਕ।*

ਨਿੰਦਕ ਪੁੱਤਰ ਪੈਦਾ ਹੋ ਗਿਆ, ਲੱਖਾਂ ਹੀ ਕੁਲਾਂ ਦਾ ਉਜਾੜਾ ਕਰ ਦਏਗਾ। ਫੇਰ ਮਹਾਰਾਜ ਕਹਿੰਦੇ ਪਿਆਰਿਆ! ਤੂੰ ਇਹ ਦੱਸ ਤੇਰੇ ਆਉਣ ਦਾ ਕੋਈ ਮਤਲਬ ਸੀ ਇੱਥੇ। ਸਿਰਫ ਅੰਨ੍ਹ ਖਾਣ ਆਇਆ ਹੈਂ ਤੂੰ। ਲੋਕਾਂ ਨਾਲ ਲੜਨ ਝਗੜਨ ਆਇਆ ਹੈਂ, ਆਪਣੇ ਕਰਮ ਭੋਗਣ ਆਇਆ ਹੈਂ, ਤੇਰੇ ਆਉਣ ਦਾ ਕੋਈ ਫਾਇਦਾ ਨਹੀਂ ਸੀ, ਕਿਉਂਕਿ ਤੇਰੇ ਅੰਦਰ ਕੋਈ ਸੁੱਚ ਨਾ ਆਈ, ਪਵਿੱਤਰਤਾ ਨਾ ਆਈ, ਤੂੰ ਪ੍ਰਭੂ ਦਾ ਨਾਮ ਨਾ ਜਪਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਪਿਆਰੇ ਜੀ, ਜਗਤ ਉਤੇ ਆਏ ਕਾਸਨੂੰ,*
*ਜਿਹੜੇ ਨਾਮ ਨਾ ਹਰੀ ਦਾ ਜਪਦੇ।*

*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥ ਅੰਗ - ੪੫੦*

ਕਹਿਣ ਲੱਗੇ, ਐਸਾ ਬੰਦਾ ਜਿਹੜਾ ਗਲਤ ਗੱਲਾਂ 'ਚ ਪੈਂਦਾ ਹੈ, ਕੁਲਾਂ ਨੂੰ ਖਰਾਬ ਕਰਦਾ ਹੈ। ਉਹਦੇ ਸੰਸਾਰ 'ਤੇ ਆਉਣ ਦਾ ਫਾਇਦਾ ਕੀ ਹੈ। ਬੜੀ ਮੁਸ਼ਕਲ ਦੇ ਨਾਲ ਮਨੁੱਖਾ ਜਨਮ ਮਿਲਿਆ ਹੈ ਤੇ ਨਾਮ ਜਪਣ ਤੋਂ ਬਿਨਾਂ ਇਹ ਬਿਰਥਾ ਲੰਘ ਜਾਣਾ ਹੈ। ਹੁਣ ਵਤ ਲੱਗੀ ਹੋਈ ਹੈ ਜਿਵੇਂ ਕਣਕਾਂ ਬੀਜਣ ਦੀ ਵਤ ਆ ਗਈ, ਰੁੱਤ ਆ ਗਈ। ਇਵੇਂ ਜਿਵੇਂ ਨਾਮ ਬੀਜਣ ਦੀ ਰੁੱਤ ਮਾਨਸ ਸਰੀਰ 'ਚ ਆ ਗਈ ਅਰ ਕਲਜੁਗ ਦੇ ਅੰਦਰ। ਇਹਦੇ 'ਚ ਬਹੁਤ ਫਲ ਦਿੰਦਾ ਹੈ ਕਿਉਂਕਿ ਰੁੱਤ ਹੈ। ਕਹਿੰਦੇ ਇਹਦੇ ਵਿਪਰੀਤ ਜਿਹੜੇ ਪ੍ਰਭੂ ਦਾ ਨਾਮ ਜਪਦੇ ਨੇ, ਪ੍ਰਮੇਸ਼ਰ ਦਾ ਧਿਆਨ ਕਰਦੇ ਨੇ, ਸਤਿਸੰਗ ਵਿੱਚ ਚੱਲ ਕੇ ਆਉਂਦੇ ਨੇ, ਹੱਥੋਂ ਕੁਛ ਭਲਾ ਕਰਦੇ ਨੇ, ਆਪਣੀ ਕਮਾਈ 'ਚੋਂ ਦਸਵੰਧ ਕਰਦੇ ਨੇ। ਬੰਦਗੀ ਕਰਦੇ ਨੇ, ਕਹਿੰਦੇ ਉਹ ਤਾਂ ਧੰਨ ਨੇ, ਉਨ੍ਹਾਂ ਦਾ ਆਉਣਾ ਹੀ ਸੰਸਾਰ 'ਤੇ ਧੰਨ ਹੈ, ਉਨ੍ਹਾਂ ਦੀ ਮਾਤਾ ਵੀ ਧੰਨ ਹੈ।

*ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥ ਅੰਗ - ੧੩੯*

ਜਿਹੜੇ ਆਪਣੇ ਕੁਲ ਦਾ ਹੀ ਉਧਾਰ ਕਰ ਦੇਣ, ਨਰਕਾਂ 'ਚੋਂ ਬਜ਼ੁਰਗਾਂ ਨੂੰ ਕੱਢ-ਕੱਢ ਕੇ, ਸਵਰਗਾਂ 'ਚ ਭੇਜ ਦੇਣ, ਮਨੁੱਖ ਦੀ ਜੂਨੀ 'ਚ ਪਾ ਦੇਣ, ਕਹਿੰਦੇ ਉਹਦੀ ਮਾਤਾ ਧੰਨ ਹੈ ਭਾਈ। ਧੰਨ-ਧੰਨ ਹੁੰਦੀ ਹੈ ਦਰਗਾਹ 'ਚ। ਕਿਉਂਕਿ ਬਹੁਤ ਕੁਲਾਂ ਦਾ ਉਧਾਰ ਕਰ ਦਿੰਦੇ ਨੇ ਐਸ ਤਰ੍ਹਾਂ ਫੁਰਮਾਨ ਹੈ -

**ਧਾਰਨਾ - ਪਿਆਰੇ ਕੁਲਾਂ ਦਾ ਉਧਾਰ ਸਾਧੂ ਕਰਦੇ,**

ਜਗਤ ਉਤੇ ਆਉਣਾ ਧੰਨ ਹੈ।

ਇੱਕ ਤਾਂ ਉਹ ਨੇ ਜਿਹੜੇ ਕੁਲ ਡੋਬੂ ਆਉਂਦੇ ਨੇ। ਕੁਲਾਂ ਨੂੰ ਗਰਕ ਕਰ ਦਿੰਦੇ ਨੇ ਆ ਕੇ। ਪਰੇਸ਼ਾਨ ਹੁੰਦੇ ਨੇ ਬਜ਼ੁਰਗ, ਥੋੜ੍ਹੇ-ਥੋੜ੍ਹੇ ਪੁੰਨ ਕਰਕੇ ਨਿੱਕੇ-ਨਿੱਕੇ ਸਵਰਗਾਂ 'ਚ ਬੈਠੇ ਹੁੰਦੇ ਨੇ ਤੇ ਉਨ੍ਹਾਂ ਦਾ ਤਪ ਖੀਣ ਹੋਣ ਲਗ ਜਾਂਦਾ ਹੈ ਕਿਉਂਕਿ ਉਹਦੀ ਕੁਲ ਨਾਲ ਸਬੰਧ ਰੱਖਦਾ ਹੈ ਤੇ ਜਿਹੜੀ ਕੁਲ ਦੇ ਵਿੱਚ ਪ੍ਰਮੇਸ਼ਰ ਦਾ ਪਿਆਰਾ ਇੱਕ ਆ ਜਾਵੇ, ਜਿਸ ਨੂੰ ਬ੍ਰਹਮਗਿਆਨ ਹੋ ਜਾਏ, ਐਸਾ ਫੁਰਮਾਨ ਆਉਂਦਾ ਹੈ ਕਿ ਉਹ ਇੱਕ ਸੌ ਇੱਕ ਕੁਲ ਨੂੰ ਤਾਰ ਦਿੰਦਾ ਹੈ। ਗਿਣਤੀ ਵੀ ਕਰੀ ਹੈ -

*ਪਿਤਾ ਸਾਚ ਚੌਬੀਸ, ਬੀਸ ਮਾਤਾ ਕੇ ਜਾਨੋ।*
*(ਪੰਨਾ ੩੩, ਕਥਾ ਨਰਾਇਣ ਹਰੀ)*

24 ਆਪਣੇ ਆਪਣੇ ਪਿਤਾ ਦੇ ਘਰ ਦੀਆਂ ਤੇ ਵੀਹ ਨਾਨਕਿਆਂ ਦੀਆਂ, 44 ਹੋ ਗਈਆਂ। ਪਹਿਲੇ ਹੱਲੇ 44 ਕੁਲਾਂ ਤਾਂ ਇਹ ਤਾਰਦਾ ਹੈ।

*ਖੋੜਸ ਤੁਲਾ ਮਹਾਨ, (ਪੰਨਾ ੩੩, ਕਥਾ ਨਰਾਇਣ ਹਰੀ)*

ਜਿੱਥੇ ਉਹਦੀ ਸ਼ਾਦੀ ਹੋ ਜਾਵੇ, ਸੋਲ੍ਹਾਂ ਕੁਲਾਂ ਦਾ ਉਧਾਰ ਉਥੇ ਕਰ ਦਿੰਦਾ ਹੈ।

*ਦੁਆਦਸ ਸੁਤਾ ਪਹਿਚਾਨੋ। (ਪੰਨਾ ੩੩, ਕਥਾ ਨਰਾਇਣ ਹਰੀ)*

ਜਿਸ ਥਾਂ ਦੇ ਉਤੇ ਲੜਕਾ ਤੇ ਲੜਕੀ ਵਿਆਹੀ ਜਾਵੇ, ਉਨ੍ਹਾਂ ਦੀਆਂ 12 ਕੁਲਾਂ ਦਾ ਉਧਾਰ ਹੋ ਜਾਂਦਾ ਹੈ। 11 ਕੁਲਾਂ ਭੈਣ ਦੀਆਂ ਤੇ ਦੱਸ ਭੂਆ ਦੇ ਲੇਖੇ 'ਚ ਲਗ ਜਾਂਦੀਆਂ ਨੇ। ਭੂਆ, ਫੁੱਫੜਾਂ ਸਭ ਨੂੰ ਤਾਰ ਦਿੰਦਾ ਹੈ।

*ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ।*
*(ਪੰਨਾ ੩੩, ਕਥਾ ਨਰਾਇਣ ਹਰੀ)*

ਜਿੱਥੇ ਮਾਸੀ ਹੈ ਉਹਦੀਆਂ ਅੱਠ ਕੁਲਾਂ ਦਾ ਉਧਾਰ ਕਰ ਦਿੰਦਾ ਹੈ।

*ਮਾਤ ਭੈਣ ਕੁਲ ਆਠ ਸ਼ਤ੍ਰੀ ਸਿੰਮ੍ਰਤੀ ਪੇਖੇ।*
*(ਪੰਨਾ ੩੩, ਕਥਾ ਨਰਾਇਣ ਹਰੀ)*

ਇਹ ਜਿਹੜੀਆਂ ਸੁਰਤੀਆਂ ਤੇ ਸਿੰਮ੍ਰਤੀਆਂ, ਅਨੁਭਵੀ ਮਹਾਂਪੁਰਸ਼ਾਂ ਨੇ ਬਚਨ ਕਰੇ ਨੇ, ਅੱਖਾਂ ਨਾਲ ਦੇਖ ਕੇ, ਕਹਿੰਦੇ ਦੇਖ ਕੇ ਕਹਿੰਦੇ ਨੇ, ਸੁਣ ਕੇ ਨਹੀਂ ਗੱਲ ਕਹੀ, ਅੱਖਾਂ ਨਾਲ ਦੇਖ ਕੇ ਗੱਲ ਕਹੀ ਹੋਈ ਹੈ। ਮਹਾਰਾਜ ਕਹਿੰਦੇ ਕਿ ਉਹੀ ਪ੍ਰਵਾਨ ਹੈ।

*ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥*
*ਅੰਗ - ੬੦੩*

ਓਹੀ ਬੰਦਾ ਪ੍ਰਵਾਨ ਹੈ ਆਇਆ ਹੋਇਆ, ਜਿਹਨੇ ਇੱਥੇ ਆ ਕੇ ਗੁਰੂ ਦੀ ਸੇਵਾ 'ਚ ਚਿੱਤ ਲਾ ਲਿਆ, ਨਾਮ ਜਪਦਾ ਹੈ।

*ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਅੰਗ - ੨੫੨*

ਜਿਹੜਾ ਨਾਮ ਜਪਦਾ ਹੈ, ਉਹਦਾ ਹੀ ਆਉਣਾ ਇੱਥੇ ਸਫਲ ਗਿਣਿਆ ਜਾਂਦਾ ਹੈ ਹੋਰ ਕਿਸੇ ਦਾ ਗਿਣਿਆ ਨਹੀਂ ਜਾਂਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਆਇਆ ਸਫਲ ਜਗਤ ਉਤੇ ਗਿਣੀਏ,*
*ਜਿਹੜਾ ਇੱਥੇ ਨਾਮ ਜਪਦਾ।*

ਬਾਕੀ ਨਾ ਕਿਸੇ ਨੂੰ ਗਿਣੋ ਸੰਸਾਰ 'ਤੇ ਆਏ ਨੂੰ ਕਿ ਸਫਲ ਆਇਆ ਹੈ। ਸਫਲ ਓਹੀ ਹੈ -

*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਅੰਗ - ੨੫੨*

ਜਿਹੜਾ ਜਾਂ ਤਾਂ ਹਰੀ ਦਾ ਜਸ ਕਰਦਾ ਹੈ ਤੇ ਜਾਂ ਹਰੀ ਦਾ ਨਾਮ ਜਪਦਾ ਹੈ।

*ਆਇ ਬਸਹਿ ਸਾਧੂ ਕੈ ਸੰਗੈ ॥ ਅੰਗ - ੨੫੨*

ਉਹਦੀ ਕਿਸਮਤ ਇਹੋ ਜਿਹੀ ਹੁੰਦੀ ਹੈ ਲੇਖ ਐਸੇ ਹੁੰਦੇ ਨੇ ਕਿ ਉਹ ਸਤਿਪੁਰਸ਼ਾਂ ਦੇ ਕੋਲ ਆ ਕੇ ਵਸਣ ਲਗ ਜਾਂਦਾ ਹੈ, ਛੱਡ ਆਉਂਦਾ ਹੈ ਸਭ ਕੁਛ, ਕੂੜ ਕਬਾੜ ਜਿੰਨਾ ਹੈ। ਸੰਤਾਂ ਦੀ ਸੰਗਤ 'ਚ ਆ ਜਾਂਦਾ ਹੈ -

*ਅਨਦਿਨੁ ਨਾਮ ਧਿਆਵਹਿ ਰੰਗੇ ॥ ਅੰਗ - ੨੫੨*

ਦਿਨ ਰਾਤ ਫੇਰ ਪਿਆਰ ਦੇ ਨਾਲ ਬਾਣੀ ਪੜ੍ਹਦਾ ਹੈ, ਸੇਵਾ ਕਰਦਾ ਹੈ -

*ਆਵਤ ਸੋ ਜਨੁ ਨਾਮਹਿ ਰਾਤਾ ॥ ਅੰਗ - ੨੫੨*

ਕਹਿੰਦੇ ਆਉਣਾ ਤਾਂ ਸਫਲ ਉਹਦਾ ਹੀ ਹੈ ਜਿਹੜਾ ਨਾਮ ਦੇ ਨਾਲ ਰੱਤਿਆ ਹੋਇਆ ਹੈ। ਪਿਆਰ ਹੈ -

*ਜਾ ਕਉ ਦਇਆ ਮਇਆ ਬਿਧਾਤਾ ॥ ਅੰਗ - ੨੫੨*

ਜਿਹਦੇ ਉਤੇ ਵਾਹਿਗੁਰੂ ਦੀ ਦਇਆ ਹੋ ਗਈ, ਉਹ ਨਾਮ ਦੇ ਨਾਲ ਲਗਦਾ ਹੈ -

*ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਅੰਗ - ੨੫੨*

ਹੁਣ ਤਾਂ ਆ ਗਿਆ, ਮੁੜ ਕੇ ਨਹੀਂ ਉਹਨੇ ਆਉਣਾ। ਮੁੜ ਕੇ ਉਹਦੀ ਜੂਨੀ ਕੱਟ ਜਾਏਗੀ -

*ਨਾਨਕ ਹਰਿ ਕੈ ਦਰਸਿ ਸਮਾਇਆ ॥ ਅੰਗ - ੨੫੨*

ਵਾਹਿਗੁਰੂ ਦੇ ਦਰਸ ਵਿੱਚ ਉਹਦੀ ਸਮਾਈ ਹੋ ਜਾਏਗੀ -

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮*

ਸੋ ਇਸ ਤਰ੍ਹਾਂ ਦੇ ਨਾਲ ਦੋਹਾਂ ਪੱਖਾਂ ਦਾ ਮਹਾਰਾਜ ਨੇ ਦੱਸਿਆ ਹੈ ਇੱਕ ਤਾਂ ਉਹ ਪੱਖ ਹੈ, ਜਿਹਨੂੰ ਧਿਰਕਾਰ ਕਿਹਾ ਹੈ, ਧ੍ਰਿਗ ਹੈ ਕਹਿੰਦੇ ਤੇਰਾ ਪੈਦਾ ਹੋਣਾ। ਧ੍ਰਿਗ ਨੇ ਤੇਰੇ ਸਾਹ ਲੈਣੇ, ਧ੍ਰਿਗ ਹੈ ਉਹ ਤਾਂ ਜਿੱਥੇ ਤੂੰ ਰਹਿਣਾ ਹੈ, ਭ੍ਰਿਸ਼ਟ ਕਰ ਰਿਹਾ ਹੈਂ ਉਸ ਥਾਂ ਨੂੰ। ਜਿੱਥੇ ਨਿਗੁਰਾ ਹੋ ਕੇ ਤੂੰ ਦਿਨ ਕੱਟ ਰਿਹਾ ਹੈਂ। ਉਹ ਸਤਿਕਾਰਯੋਗ ਹੈ, ਉਹ ਥਾਂ ਪਵਿੱਤਰ ਹੈ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਅੰਗ - ੩੧੯*

ਸੁਹਾਵਾ ਹੈ, ਚਰਨ ਧੂੜ ਉਨ੍ਹਾਂ ਦੀ ਪਵਿੱਤਰ ਹੈ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ - ੧੨੬੩*

ਦੇਵਤੇ ਆਉਂਦੇ ਨੇ ਅਸਮਾਨਾਂ 'ਚੋਂ, ਜਿਹੜੇ ਤੀਰਥ ਨੇ ਇਨ੍ਹਾਂ ਦੇ ਅਭਿਮਾਨੀ ਦੇਵਤਾ, ਸੰਤਾਂ ਦੇ ਪਿੱਛੇ ਫਿਰਦੇ ਨੇ ਕਿ ਸਾਨੂੰ ਧੂੜ ਮਿਲ ਜਾਵੇ ਇਨ੍ਹਾਂ ਦੀ। ਇਨ੍ਹਾਂ ਦੇ ਮਨ 'ਚ ਪ੍ਰੇਰਨਾ ਹੋ ਜਾਵੇ ਕਿਤੇ ਜਾ ਕੇ ਸਾਡੇ 'ਚ ਜਾ ਕੇ ਇਸ਼ਨਾਨ ਕਰ ਲੈਣ। ਸਾਡੀ ਮੈਲ ਤਾਂ ਕੱਟਣੀ ਹੀ ਇਨ੍ਹਾਂ ਨੇ ਹੈ। ਬੇਨਤੀਆਂ ਕਰਦੇ ਨੇ, ਅਰਦਾਸਾਂ ਕਰਦੇ ਨੇ ਕਿ ਹੇ ਮਹਾਂਪੁਰਸ਼ੋ! ਕ੍ਰਿਪਾ ਕਰੋ। ਸੋ ਇਸ ਤਰ੍ਹਾਂ ਦੇ ਨਾਲ ਇੱਕ ਉਹ ਨੇ ਜਿਹੜੇ ਵਿਪਰੀਤ ਚਲਦੇ ਨੇ ਤੇ ਬਾਲਮੀਕ ਜਿਹੜਾ ਸੀ ਕਿਉਂਕਿ ਐਸੇ ਗਲਤ ਖਾਨਦਾਨ 'ਚ ਪੈਦਾ ਹੋਇਆ, ਇੱਥੇ ਜਾਤਾਂ ਵਸਦੀਆਂ ਸੀ, ਦੋ ਕੌਮਾਂ ਵਸਦੀਆਂ ਸੀ ਇੱਕ ਨੂੰ ਆਰੀਅਨ ਕਹਿੰਦੇ ਸੀ, ਇੱਕ ਨੂੰ ਅਨਾਰੀਅਨ ਕਹਿੰਦੇ ਸੀ। ਅਨਾਰੀਅਨ ਦੇ ਵਿੱਚ ਭੀਲ, ਗੌਂਡ ਇਸ ਤਰ੍ਹਾਂ ਦੇ ਆਦਿ ਵਾਸੀ ਜਿਹੜੇ ਸੀ ਬਹੁਤ ਸਾਰੇ ਆਇਆ ਕਰਦੇ ਸੀ, ਜਿਹੜੇ ਆਰੀਅਨ ਸੀ ਇਹ ਬਾਹਰੋਂ ਆਏ ਸੀ। ਬਾਹਰੋਂ ਆ ਕੇ ਇਨ੍ਹਾਂ ਨੇ ਕਬਜ਼ਾ ਕਰ ਲਿਆ। ਲੜਾਕੇ ਸੀਗੇ, ਜਗਜੂੰ ਬਹੁਤ ਸੀ ਇਹ, ਇਨ੍ਹਾਂ ਦੇ ਮੁਕਾਬਲੇ 'ਤੇ ਉਸ ਵੇਲੇ ਦੁਨੀਆਂ ਦੀ ਕੋਈਓ ਕੌਮ ਹੋਣੀ ਹੈ। ਇਕੱਠੇ ਸੀ, ਇਨ੍ਹਾਂ ਕੋਲ ਅਧਿਆਤਮਕ ਵਿਦਿਆ ਬੜੀ ਜ਼ਬਰਦਸਤ ਸੀ, ਮੰਤਰ ਵਿਦਿਆ ਬਹੁਤ ਜ਼ਬਰਦਸਤ ਸੀ ਤੇ ਅਸਤਰ ਵੀ ਸੀ ਤੇ ਸ਼ਸਤਰ ਵੀ ਸੀ। ਇਹ ਸਾਰੀਆਂ ਚੀਜ਼ਾਂ ਮੰਤਰ ਨਾਲ ਚੱਲਨ ਵਾਲੇ ਹਥਿਆਰ ਵੀ ਸੀਗੇ। ਸਰੀਰਕ ਬਲ ਨਾਲ ਚੱਲਣ ਵਾਲੇ ਹਥਿਆਰ ਵੀ ਸੀ। ਇਧਰਲੇ ਪਾਸੇ ਵੀ ਮੰਤਰ ਬਲ ਵਾਲੇ ਸੀਗੇ, ਲੇਕਿਨ ਇਨ੍ਹਾਂ ਦਾ ਗਿਆਨ ਓਨਾਂ ਤਕੜਾ ਨਹੀਂ ਸੀ ਜਿੰਨਾਂ ਆਰੀਅਨ ਦਾ ਸੀ। ਆਰੀਅਨ ਕੌਮ ਨੇ ਆਪਣੇ ਆਪ ਨੂੰ mixture ਤੋਂ ਬਚਾਉਣ ਵਾਸਤੇ ਐਸਾ ਪ੍ਰਬੰਧ ਕਰ ਲਿਆ। ਐਸੇ rules ਬਣਾ ਦਿੱਤੇ ਜਿਹੜੇ ਆਦਿ ਨੇ ਉਨ੍ਹਾਂ ਦੇ ਨਾਲ ਨਾ ਗੱਲ ਕਰੋ, ਨਾ ਆਪਣਾ ਮੰਤਰ ਦੇਵੋ, ਇਨ੍ਹਾਂ ਕੋਲ ਸਭ ਤੋਂ ਸ੍ਰੇਸ਼ਟ ਮੰਤਰ ਓਅੰਕਾਰ ਸੀ। ਇਹ ਪੜਦੇ 'ਚ ਰੱਖਦੇ ਸੀ। ਹੁਣ ਤਾਂ ਅਸੀਂ ਓਅੰਕਾਰ ਮੂੰਹ ਨਾਲ ਕਹਿ ਦਿਤਾ, ਜਦ ਨਹੀਂ ਸੀ ਕਹਿੰਦੇ। ਪੜਦੇ 'ਚ ਰਖਦੇ ਸੀ, ਗੋਪ ਮੰਤਰ ਹੁੰਦਾ ਹੈ, ਜਿਵੇਂ ਵਾਹਿਗੁਰੂ ਮੰਤਰ ਹੈ। ਹੁਣ ਤਾਂ ਅਸੀਂ ਰੌਲਾ ਹੀ ਪਾਈ ਜਾਂਦੇ ਹਾਂ, ਵਾਹਿਗੁਰੂ-ਵਾਹਿਗੁਰੂ। ਵਾਹਿਗੁਰੂ ਗੁਪਤ ਰੱਖਣ ਵਾਲਾ ਮੰਤਰ ਸੀ। ਅੰਦਰ ਰੱਖਣ ਵਾਲਾ ਸੀ। ਜੇ ਕਿਤੇ ਪ੍ਰਗਟ ਹੋ ਜਾਵੇ ਕਿਸੇ ਦੇ ਮੁੱਖ 'ਚੋਂ ਨਿਕਲ ਜਾਵੇ, ਕੰਟਰੋਲ ਕਰਦੇ-ਕਰਦੇ ਉਹ ਬੰਦੇ ਦੀ ਮਹਿਮਾ ਦਸਦੇ ਨੇ ਬਾਣੀ ਦੇ ਅੰਦਰ -

*ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ ॥*
*ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥ ਅੰਗ - ੧੩੬੭*

'ਚਲਦਾ.......।'

# ਬੰਦਗੀਨਾਮਾ

*ਭਾਈ ਰਘਬੀਰ ਸਿੰਘ 'ਬੀਰ'*

## (੧)

ਸਿੱਖਾਂ ਵਿੱਚ 'ਭਾਣੇ' ਦੇ ਆਮ ਤੌਰ ਤੇ ਗਲਤ ਅਰਥ ਸਮਝੇ ਜਾਂਦੇ ਹਨ। ਸਭ ਮੁਸੀਬਤਾਂ, ਤਕਲੀਫਾਂ, ਦੁਰਘਟਨਾਵਾਂ ਜਿਨ੍ਹਾਂ ਤੇ ਇਨਸਾਨ ਦਾ ਕਾਬੂ ਨਾ ਹੋਵੇ, ਜਾਂ ਜਿਨ੍ਹਾਂ ਦੀ ਇਨਸਾਨ ਨੂੰ ਸਮਝ ਨਾ ਆਵੇ, ਉਹ ਵਾਹਿਗੁਰੂ ਦੇ ਨਾਮ ਮੜ੍ਹੀਆਂ ਜਾਂਦੀਆਂ ਹਨ ਅਤੇ ਉਸ ਦਾ 'ਹੁਕਮ' ਜਾਂ 'ਭਾਣਾ' ਆਖੀਆਂ ਜਾਂਦੀਆਂ ਹਨ। 'ਭਾਣੇ ਦੇ ਐਸ ਅਰਥਾਂ ਅਨੁਸਾਰ ਇਨਸਾਨ ਦੀਆਂ ਸ਼ਭ ਨਾ-ਕਾਮਯਾਬੀਆਂ ਦੁੱਖਾਂ, ਤਕਲੀਫਾਂ, ਬੀਮਾਰੀਆਂ, ਲੜਾਈਆਂ, ਝਗੜੇ, ਥੋੜ, ਚਿੰਗਤਾ, ਸੋਗ ਆਦਿ ਇਨਸਾਨੀ ਤਜਰਬੇ ਦੇ ਮਾੜੇ ਪਾਸੇ ਦਾ ਕਾਰਨ ਵਾਹਿਗੁਰੂ ਹੁੰਦਾ ਹੈ। ਐਸਾ ਸਮਝਣਾ ਵਾਹਿਗੁਰੂ ਨੂੰ ਨਾ ਸਮਝਦਾ ਹੈ, ਉਸ ਦੇ ਸੁਭਾਵ ਤੋਂ ਬੜੀ ਬੇ-ਖਬਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਾਹਿਗੁਰੂ ਦੇ ਸੁਭਾਓ ਸਬੰਧੀ ਇੰਜ ਦਸਿਆ ਹੈ -

*ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥*
ਅੰਗ - ੨

*ਟੂਟੀ ਗਾਢਨਹਾਰ ਗੁੋਪਾਲ ॥*
*ਸਰਬ ਜੀਆ ਆਪੇ ਪ੍ਰਤਿਪਾਲ ॥*
*ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥*
*ਤਿਸ ਤੇ ਬਿਰਥਾ ਕੋਈ ਨਾਹਿ ॥* ਅੰਗ - ੨੮੨

*ਮਨਸਾ ਪੂਰਨ ਸਰਨਾ ਜੋਗ ॥* ਅੰਗ - ੨੮੪

*ਆਪਿ ਭਲਾ ਕਰਤੂਤਿ ਅਤਿ ਨੀਕੀ ॥* ਅੰਗ - ੨੯੪

*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥*
ਅੰਗ - ੭੮੪

ਸਵਾਲ ਪੈਦਾ ਹੁੰਦਾ ਹੈ ਕਿ ਕੀ ਉਕਤ ਗੁਣਾਂ ਜਾਂ ਸਿਫਤਾਂ ਵਾਲਾ ਵਾਹਿਗੁਰੂ ਆਪਣੇ ਜੀਵਾਂ ਨੂੰ ਤਕਲੀਫਾਂ, ਦੁੱਖ ਤੇ ਤਸੀਹੇ ਦੇ ਸਕਦਾ ਹੈ? ਚਿੰਤਾ, ਫਿਕਰ, ਥੋੜ੍ਹ, ਬੀਮਾਰੀ ਵਿੱਚ ਵਸਾ ਸਕਦਾ ਹੈ? ਅਗਰ ਉਹ ਐਸਾ ਕਰ ਸਕਦਾ ਹੈ ਤਾਂ ਉਹ ਵੱਡਾ ਨਿਰਦਈ ਵਾਹਿਗੁਰੂ ਹੈ।

ਆਓ, ਜ਼ਰਾ ਇਸ ਖਿਆਲ ਨੂੰ ਦੀਰਘ ਦ੍ਰਿਸ਼ਟੀ ਨਾਲ ਵਿਚਾਰਨ ਦੀ ਕੋਸ਼ਿਸ਼ ਕਰੀਏ। ਫਰਜ਼ ਕਰੋ ਇਕ ਬਾਪ ਦੇ ਤਿੰਨ ਪੁੱਤਰ ਹਨ। ਬਾਪ ਲੱਖਾਂ ਪਤੀ ਹੈ ਅਤੇ ਆਪਣਾ ਸਭ ਕੁਝ ਆਪਣੇ ਪੁੱਤਰਾਂ ਨੂੰ ਇੱਕੋ ਜਿਹਾ ਦੇਣਾ ਚਾਹੁੰਦਾ ਹੈ। ਫਰਜ਼ ਕਰੇ ਕਿ ਉਹ ਆਪਣੇ ਪੁੱਤਰਾਂ ਨੂੰ ਇੱਕੋ ਜਿਹਾ ਦੇਣਾ ਚਾਹੁੰਦਾ ਹੈ। ਫਰਜ਼ ਕਰੇ ਕਿ ਉਹ ਆਪਣੇ ਪੁੱਤਰਾਂ ਨੂੰ ਇੱਕ ਇੱਕ ਲਖ ਰੁਪਿਆ ਦੇ ਕੇ ਆਖਦਾ ਹੈ, ਬੇਟਾ, ਏਸ ਰੁਪਏ ਨਾਲ ਤੁਸੀਂ ਆਪਣੇ ਆਪ ਨੂੰ ਜਿਤਨਾ ਸੁਖੀ ਕਰਨਾ ਚਾਹੋ ਕਰੋ। ਨਾਲ ਹੀ ਉਹ ਇਹ ਵੀ ਆਖਦਾ ਹੈ ਕਿ ਜੇਕਰ ਤੁਹਾਨੂੰ ਜ਼ਰੂਰਤ ਹੋਵੇ ਤਾਂ ਤੁਸੀਂ ਮੇਰੀ ਜਾਂ ਮੇਰੇ ਮਾਤਬਰ ਮਿੱਤਰਾਂ ਦੀ ਸਲਾਹ-ਮਸ਼ਵਰਾ ਲੈ ਸਕਦੇ ਹੋ ਕਿ ਇਸ ਰੁਪਏ ਨੂੰ ਕਿਵੇਂ ਵਰਤ ਕੇ ਤੁਸੀਂ ਜ਼ਿਆਦਾ ਤੋਂ ਜ਼ਿਆਦਾ ਸੁਖੀ ਬਣ ਜਾਵੋ। ਇਨ੍ਹਾਂ ਵਿਚੋਂ ਦੋ ਪੁੱਤਰ ਇਸ ਖਿਆਲ ਦੇ ਹਨ ਕਿ ਸਾਡਾ ਸੁਖ ਪਿਤਾ ਦੇ ਦਿਤੇ ਰੁਪਏ ਨੂੰ ਆਪਣੀ ਅਕਲ ਤੇ ਮਰਜ਼ੀ ਨਾਲ ਵਰਤਣ ਵਿੱਚ ਹੈ, ਜੇਕਰ ਇਹ ਰੁਪਿਆ ਪਿਤਾ ਜਾਂ ਪਿਤਾ ਦੇ ਮਿੱਤਰਾਂ ਦੀ ਰਾਏ ਨਾਲ ਹੀ ਵਰਤਿਆ ਤਾਂ ਉਸ ਵਿੱਚ ਸਾਡੀ ਆਜ਼ਾਦੀ ਤੇ ਖੁਸ਼ੀ ਕੀ ਹੋਵੇਗੀ। ਮੇਰੀ ਜਾਂ ਮੇਰੇ ਮਾਤਬਰ ਮਿੱਤਰਾਂ ਦੀ ਸਲਾਹ-ਮਸ਼ਵਰਾ ਲੈ ਸਕਦੇ ਹੋ ਕਿ ਇਸ ਰੁਪਏ ਨੂੰ ਕਿਵੇਂ ਵਰਤ ਕੇ ਤੁਸੀਂ ਜ਼ਿਆਦਾ ਤੋਂ ਜ਼ਿਆਦਾ ਸੁਖੀ ਬਣ ਜਾਵੋਂ। ਇਨ੍ਹਾਂ ਵਿਚੋਂ ਦੋ ਪੁੱਤਰ ਇਸ ਖਿਆਲ ਦੇ ਹਨ ਕਿ ਸਾਡਾ ਸੁੱਖ ਪਿਤਾ ਦੇ ਦਿਤੇ ਰੁਪਏ ਨੂੰ ਆਪਣੀ ਅਕਲ ਤੇ ਮਰਜ਼ੀ ਨਾਲ ਵਰਤਣ ਵਿਚ ਹੈ, ਜੇਕਰ ਇਹ ਰੁਪਿਆ ਪਿਤਾ ਜਾਂ ਪਿਤਾ ਦੇ ਮਿੱਤਰਾਂ ਦੀ ਰਾਏ ਨਾਲ ਵਰਤਿਆ ਤਾਂ ਉਸ ਵਿਚ ਸਾਡੀ ਆਜ਼ਾਦੀ ਤੇ ਖੁਸ਼ੀ ਕੀ ਹੋਵੇਗੀ, ਪਰ ਇੱਕ ਪੁੱਤਰ ਇਸ ਖਿਆਲ ਦਾ ਹੈ ਕਿ ਮੇਰਾ ਤਜਰਬਾ ਮੇਰੇ ਪਿਤਾ ਜਾਂ ਉਸ ਦੇ ਮਿੱਤਰਾਂ ਨਾਲੋਂ ਬਹੁਤ ਘੱਟ ਹੈ ਇਸ ਲਈ ਕਿਉਂ ਨਾ ਪਿਤਾ ਤੇ ਉਸ ਦੇ ਮਿੱਤਰਾਂ ਦੇ ਲੰਮੇ ਤੇ ਪੁਰਾਣੇ ਤਜਰਬੇ ਦਾ ਲਾਭ ਉਠਾਇਆ ਜਾਵੇ, ਕਿਉਂ ਨਾ ਪਿਤਾ ਦੇ ਦਿਤੇ ਰੁਪਏ ਨੂੰ ਉਸਦੀ ਸਲਾਹ ਨਾਲ ਵਰਤਿਆ ਜਾਵੇ। ਜਦ ਪਿਤਾ ਨੂੰ ਆਪਣੇ ਪੁੱਤਰਾਂ ਦੇ ਇਨ੍ਹਾਂ ਖਿਆਲਾਂ ਦਾ ਪਤਾ ਲਗਦਾ ਹੈ ਤਾਂ ਉਹ ਬੜਾ ਗੰਭੀਰ, ਸਿਆਣਾ ਤੇ ਪੁੱਤਰਾਂ ਦਾ ਸ਼ੁਭਚਿੰਤਕ ਹੋਣ ਕਰਕੇ ਪੁੱਤਰਾਂ ਨੂੰ ਬੁਲਾ ਕੇ ਆਖਦਾ ਹੈ ਕਿ ਮੈਂ ਇਹ ਰੁਪਆ ਤੁਹਾਨੂੰ ਸੁਖੀ ਬਣਾਨ ਦੇ ਆਸ਼ੇ ਨਾਲ ਦੇ ਰਿਹਾ ਹਾਂ, ਚਾਹੇ ਤੁਸੀਂ ਇਸ ਨੂੰ ਆਪਣੀ ਮਰਜ਼ੀ ਨਾਲ ਵਰਤ ਕੇ ਸੁਖੀ ਬਣੋ, ਚਾਹੇ ਮੇਰੀ ਸਲਾਹ ਮਸ਼ਵਰੇ ਦੀ ਮਦਦ ਲੈ ਕੇ ਇਸਨੂੰ ਵਰਤੋ ਤੇ ਸੁਖੀ ਹੋਵੋਂ, ਮੈਨੂੰ ਤਾਂ ਤੁਹਾਡੇ ਸੁਖੀ ਵਸਣ ਵਿੱਚ ਖੁਸ਼ੀ ਹੈ। ਪਿਤਾ ਦੀ ਇਹ ਗੱਲ ਸੁਣ ਕੇ ਦੋ ਪੁੱਤਰ ਤਾਂ ਪਿਤਾ ਦੇ ਦਿਤੇ ਰੁਪਏ ਨੂੰ ਆਪਣੀ ਮਰਜ਼ੀ ਨਾਲ ਵਰਤਦੇ ਹਨ ਤੇ ਇੱਕ ਪੁੱਤਰ, ਪਿਤਾ ਦੀ ਮਰਜ਼ੀ ਤੇ ਸਲਾਹ ਨਾਲ। ਆਪਣੀ ਮਰਜ਼ੀ ਵਰਤਣ ਵਾਲੇ ਪੁੱਤਰਾਂ ਵਿਚੋਂ ਇੱਕ ਪੁੱਤਰ ਰੁਪਏ ਨੂੰ ਸੱਟੇਬਾਜ਼ੀ, ਰੇਸਾਂ ਤੇ ਲਾਟਰੀਆਂ ਵਿੱਚ ਜ਼ਾਇਆ ਕਰ ਕੇ ਕੁਝ ਅਰਸੇ ਮਗਰੋਂ ਨਿਰਧਨ ਹੋ ਜਾਂਦਾ ਹੈ। ਦੂਸਰਾ ਪੁੱਤਰ ਪਿਤਾ ਦੇ ਰੁਪਏ ਨਾਲ ਅਯਾਸ਼ੀ ਸ਼ੁਰੂ ਕਰਦਾ ਹੈ ਅਤੇ ਅਯਾਸ਼ੀ ਰਾਹੀ ਸੁਖੀ ਹੋਣ ਦੀ ਕੋਸ਼ਿਸ਼ ਕਰਦਾ ਹੈ। ਸ਼ਰਾਬਖੋਰੀ ਤੇ ਵਿਭਚਾਰ ਕੁਝ ਸਮੇਂ ਪਿਛੋਂ ਦੀ ਸਿਹਤ ਅਤੇ ਰੁਪਏ ਨੂੰ ਬਰਬਾਦ ਕਰ ਦਿੰਦੇ ਹਨ ਅਤੇ ਉਹ ਮੁਥਾਜੀ ਦੀ ਹਾਲਤ ਵਿੱਚ ਹਸਪਤਾਲਾਂ ਵਿੱਚ ਰੁਲਣਾ ਸ਼ੁਰੂ ਕਰਦਾ ਹੈ। ਤੀਸਰਾ ਪੁੱਤਰ ਰੁਪਏ ਨੂੰ ਆਪਣੇ ਪਿਤਾ ਦੀ ਮਰਜ਼ੀ ਅਨੁਸਾਰ ਵਰਤਦਾ ਹੈ, ਇਕ ਛੋਟਾ ਜਿਹਾ ਵਿਉਪਾਰ ਕਰਦਾ ਹੈ ਜਿਸ ਦੀ ਆਮਦਨ ਇਤਨੀ ਹੋ ਜਾਂਦੀ ਹੈ ਜਿਸ ਨਾਲ ਉਹ ਆਪਣਾ ਤੇ ਆਪਣੇ ਬਾਲ ਬੱਚਿਆਂ ਦਾ ਸੋਹਣਾ ਨਿਰਬਾਹ ਕਰ ਸਕੇ। ਛੋਟਾ ਵਪਾਰ ਕਰਨ ਕਰਕੇ ਉਸਨੂੰ ਕਾਫੀ ਫੁਰਸਤ ਮਿਲ ਜਾਂਦੀ ਹੈ, ਜਿਸ ਵਿੱਚ ਉਹ ਪਵਿੱਤਰ ਤੇ

ਅਕਲ ਵਧਾਊ ਪੁਸਤਕਾਂ ਪੜ੍ਹਦਾ, ਆਪਣੇ ਪਿਤਾ ਤੇ ਉਸ ਦੇ ਮਿੱਤਰਾਂ ਦੀ ਸੰਗਤ ਕਰਦਾ ਤੇ ਉਨ੍ਹਾਂ ਦੇ ਤਜਰਬਿਆਂ ਨੂੰ ਵਿਚਾਰਦਾ, ਜੀਵਨ ਨੂੰ ਉਚੇ ਅਸੂਲਾਂ ਤੇ ਢਾਲਦਾ, ਆਪਣੀ ਤੇ ਅਪਾਣੇ ਪਰਿਵਾਰ ਦੀ ਸਿਹਤ ਤੇ ਵਿਦਿਆ ਦਾ ਖਿਆਲ ਰਖਦਾ, ਦਿਨ ਰਾਤ ਚਿੰਤਾ ਫਿਕਰ ਆਜ਼ਾਦ ਤੇ ਸੁਖੀ ਜੀਵਨ ਬਤੀਤ ਕਰਦਾ ਹੈ।

ਪਿਤਾ ਨੇ ਤਿੰਨਾਂ ਪੁਤਰਾਂ ਨੂੰ ਇੱਕੋ ਜਿਹਾ ਰੁਪਿਆ ਦਿਤਾ ਤੇ ਇਸ ਲਈ ਦਿਤਾ ਕਿ ਉਹ ਸੁਖੀ ਬਣਨ। ਤਿੰਨਾਂ ਪੁੱਤਰਾਂ ਨੇ ਉਸ ਰੁਪਏ ਨੂੰ ਆਪੋ ਆਪਣੀ ਸਮਝ ਅਨੁਸਾਰ ਵਰਤਿਆ। ਇੱਕ ਨੇ ਪਿਤਾ ਦੀ ਰਾਏ ਲੈਣੀ ਮੁਨਾਸਬ ਸਮਝੀ, ਦੂਜਿਆਂ ਨੇ ਆਪਣੀ ਅਕਲ ਵਰਤਣੀ। ਆਪਣੀ ਅਕਲ ਨਾਲ ਰੁਪਿਆ ਵਰਤਣ ਵਾਲੇ ਸੁਖੀ ਨਾ ਬਣ ਸਕੇ, ਪਿਤਾ ਦੀ ਰਾਏ ਲੈਣ ਵਾਲਾ ਦੂਜੇ ਦੋਹਾਂ ਤੋਂ ਸੁਖੀ ਰਿਹਾ। ਜਿਹੜੇ ਸੁਖੀ ਨਾ ਬਣ ਸਕੇ, ਕੀ ਉਹ ਆਪਣੇ ਸੁਖੀ ਨਾ ਬਣ ਸਕਣ ਦਾ ਜ਼ਿੰਮੇਵਾਰ ਆਪਣੇ ਪਿਤਾ ਨੂੰ ਠਹਿਰਾ ਸਕਦੇ ਹਨ? ਕੀ ਇਕ ਦੇ ਨਿਰਧਨ ਤੇ ਦੂਜੇ ਦੇ ਸਰੀਰ ਦੀ ਅਰੋਗਤਾ ਦਾ ਪਿਤਾ ਜ਼ਿੰਮੇਵਾਰ ਹੋ ਸਕਦਾ ਹੈ। ਜੇਕਰ ਅਸੀਂ ਬਦੋਬਦੀ ਐਸੇ ਪਿਤਾ ਨੂੰ ਪੁੱਤਰਾਂ ਦੀ ਅਸਫਲਤਾ ਦਾ ਦੋਸ਼ੀ ਕਰਾਰ ਦੇਈਏ ਤਾਂ ਕੀ ਐਸਾ ਕਰਨਾ ਮੁਨਾਸਿਬ ਹੋਵੇਗਾ?

ਚੰਗੀ ਤਰ੍ਹਾਂ ਸੋਚਿਆਂ ਪਤਾ ਲੱਗੇਗਾ ਕਿ ਵਾਹਿਗੁਰੂ ਨੇ ਆਪਣੇ ਅਖੁੱਟ ਖਜ਼ਾਨੇ ਤੇ ਅਤੁੱਟ ਭੰਡਾਰ ਆਪਣੇ ਪੁੱਤਰਾਂ ਨੂੰ ਸੁਖੀ ਬਨਾਣ ਵਾਸਤੇ ਜੁਗਾਂ ਜੁਗਾਂਤਰਾਂ ਤੋਂ ਇਨਸਾਨ ਦੇ ਹਵਾਲੇ ਕੀਤੇ ਹੋਏ ਹਨ, ਵਾਹਿਗੁਰੂ ਦੀ ਸਦਾ ਤੋਂ ਇਹੀ ਇਛਿਆ ਹੈ ਕਿ ਉਸ ਦੇ ਪੁੱਤਰ ਸੁਖੀ ਰਹਿਣ, ਪਰ ਇਨਸਾਨ ਨੇ ਸਦਾ ਹੀ ਆਪਣੇ ਮਨ ਦੇ ਮਗਰ ਲਗ ਕੇ ਵਾਹਿਗੁਰੂ ਤੇ ਪਿਤਾ ਤੇ ਉਸ ਦੇ ਮਿੱਤਰਾਂ, ਪੈਗੰਬਰਾਂ, ਸੰਤਾਂ ਮਹਾਤਮਾ ਦੀ ਰਾਏ ਨੂੰ ਰੱਦ ਕੇ ਵਾਹਿਗੁਰੂ ਦੀਆਂ ਦਾਤਾਂ ਨੂੰ ਨਾਜਾਇਜ਼ ਤੌਰ ਤੇ ਵਰਤਿਆ ਤੇ ਬਜਾਏ ਸੁਖੀ ਦੇ ਆਪ ਦੇ ਆਪ ਨੂੰ ਦੁਖੀ ਤੇ ਚਿੰਤਾਵਾਨ ਬਣਾਇਆ ਹੈ। ਇਨਸਾਨ ਦੀਆਂ ਸਾਰੀਆਂ ਤਕਲੀਫਾਂ ਦਾ ਕਾਰਨ, ਡੂੰਘੀ ਵਿਚਾਰ ਕੀਤਿਆਂ ਖੁਦ ਇਨਸਾਨ ਦੀ ਬੇ-ਸਮਝੀ ਤੇ ਅਗਿਆਨਤਾ ਨਜ਼ਰ ਆਵੇਗੀ।

ਗੁਰੂ ਘਰ ਵਿੱਚ ਮਨਮੁਖ ਤੇ ਗੁਰਮੁਖ ਦਾ ਵੱਡਾ ਫਰਕ ਹੀ ਇਹ ਦਸਿਆ ਹੈ ਕਿ ਮਨਮੁਖ ਆਪਣੇ ਮਨ ਦੇ ਮਗਰ ਲਗ ਕੇ ਸੁਖੀ ਹੋਣਾ ਚਾਹੁੰਦਾ ਹੈ ਤੇ ਅੰਤ ਵਿੱਚ ਨਿਰਾਸ ਤੇ ਦੁਖੀ ਹੁੰਦਾ ਹੈ ਅਤੇ ਗੁਰਮੁਖ ਆਪਣੇ ਜੀਵਨ ਨੂੰ ਗੁਰੂ ਦੇ ਤਜਰਬੇ ਦੀ ਰੌਸ਼ਨੀ ਵਿੱਚ ਬਤੀਤ ਕਰ ਕੇ ਸਦਾ ਚੜ੍ਹਦੀਆਂ ਕਲਾਂ ਵਿੱਚ ਤੇ ਸੁਖੀ ਰਹਿੰਦਾ ਹੈ।

*ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥*
*ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥*

*ਅੰਗ - ੩੦*

*ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥*
*ਗੁਰ ਕੈ ਤਕੀਐ ਨਾਮਿ ਅਧਾਰੇ ॥* *ਅੰਗ - ੧੧੮*

## (੨)

ਭਾਣੇ ਦੀ ਅਵਸਥਾ ਵਿਚ ਖੇਡਣ ਲਈ ਬੜੀ ਆਤਮਕ ਤਿਆਰੀ ਦੀ ਜ਼ਰੂਰਤ ਹੈ, ਭਾਣੇ ਦੇ ਅਰਸ਼ੀ ਮਹਲ ਵਿੱਚ ਵਿਚਰਨ ਲਈ ਪੱਕੀਆਂ ਆਤਮਕ ਬੁਨਿਆਦਾਂ ਲੋੜੀਂਦੀਆਂ ਹਨ।

ਭਾਣੇ ਦੀ ਉਚ ਅਵਸਥਾ ਵਿੱਚ ਉਹ ਗੁਰਮੁਖ ਖੇਡ ਸਕਦਾ ਹੈ ਜਿਸਨੂੰ ਵਾਹਿਗੁਰੂ ਦੇ ਸੁਭਾਵ ਦਾ ਪੂਰਾ ਗਿਆਨ ਤੇ ਉਸ ਗਿਆਨ ਤੇ ਪੂਰਾ ਨਿਸ਼ਚਾ ਹੋ ਗਿਆ ਹੋਵੇ। ਭਾਣੇ ਵਿੱਚ ਖੇਡਣ ਵਾਲੇ ਨੂੰ ਇਹ ਜਾਣਨਾ ਜ਼ਰੂਰੀ ਹੈ ਕਿ (੧) ਵਾਹਿਗੁਰੂ ਉਸ ਤੇ ਖੁਸ਼ ਹੈ। (੨) ਵਾਹਿਗੁਰੂ ਉਸ ਦੇ ਨਾਲ ਹੈ। (੩) ਵਾਹਿਗੁਰੂ ਉਸ ਦਾ ਹਮਦਰਦ ਤੇ ਸ਼ੁਭਚਿੰਤਕ ਹੈ। (੪) ਵਾਹਿਗੁਰੂ ਉਸ ਦੀ ਅਰਦਾਸ ਕਦੀ ਨਹੀਂ ਮੋੜਦਾ, ਜੋ ਮੰਗੇ, ਜੋ ਚਾਹੇ ਸੋਈ ਪੂਰਾ ਕਰਨ ਲਈ ਤਿਆਰ ਹੈ। (੫) ਉਸ ਨੂੰ ਆਪਣੇ ਭਲੇ ਬੁਰੇ ਦੀ ਸਮਝ ਨਹੀਂ ਜਿਤਨੀ ਵਾਹਿਗੁਰੂ ਨੂੰ ਹੈ। (੬) ਉਸ ਦਾ ਅਸਲੀ ਭਲਾ ਉਸ ਗੱਲ ਵਿੱਚ ਹੈ ਜੋ ਵਾਹਿਗੁਰੂ ਨੂੰ ਭਾਵੇ ਜਾਂ ਚੰਗਾ ਲੱਗੇ। (੭) ਵਾਹਿਗੁਰੂ ਨੂੰ ਉਹ ਗੱਲ ਚੰਗੀ ਲਗ ਹੀ ਨਹੀਂ ਸਕਦੀ, ਜੋ ਉਸ ਵਾਸਤੇ ਲਾਭਵੰਦ ਤੇ ਚੰਗਾ ਨਾ ਹੋਵੇ।

ਗੁਰਮੁਖ ਦੀ ਭਾਣੇ ਵਿੱਚ ਖੇਡਣ ਦੀ ਅਵਸਥਾ ਬੜੀ ਹੌਲੀ-ਹੌਲੀ ਪੈਦਾ ਹੁੰਦੀ ਹੈ, ਇਸ ਲਈ ਹਰ ਇੱਕ ਗੁਰਮੁਖ ਵਾਸਤੇ ਆਪਣੇ ਆਪ ਨੂੰ ਭਾਣੇ ਦੀ ਅਵਸਥਾ ਦਾ ਪਾਤਰ ਨਹੀਂ ਸਮਝਣਾ ਚਾਹੀਦਾ। ਜਦੋਂ ਉਹ ਭਾਣੇ ਦੀ ਅਵਸਥਾ ਦੇ ਸੱਚੀ-ਮੁੱਚੀਂ ਯੋਗ ਹੋਵੇ, ਉਸਨੂੰ ਆਪਣੇ ਅੰਦਰੋਂ ਪਤਾ ਲਗ ਜਾਵੇਗਾ। ਭਾਣੇ ਦੀ ਉਚ ਅਵਸਥਾ ਅਤੇ ਇਸਨੂੰ ਪੈਦਾ ਕਰਨ ਵਾਸਤੇ ਜ਼ਰੂਰੀ ਆਤਮਕ ਤਿਆਰੀ ਤੋਂ ਕਈ ਬੇ-ਸਮਝ ਮਿੱਤਰ, ਆਪ ਟਪਲੇ ਵਿੱਚ ਜੀਵਨ ਬਤੀਤ ਕਰਦੇ ਅਤੇ ਦੂਸਰਿਆਂ ਨੂੰ ਟਪਲਾ ਲਗਾਂਦੇ ਦੇਖੇ ਗਏ ਹਨ।

ਬਹੁਤ ਸਾਰੇ ਸਿੱਖ ਮਿੱਤਰ ਜਦ ਕਿਸੇ ਦੁਰਘਟਨਾ ਵਿੱਚ ਫਸ ਜਾਣ ਅਤੇ ਉਸ ਵਿੱਚੋਂ ਨਿਕਲਣ ਦਾ ਕੋਈ ਰਾਹ ਨਾ ਵੇਖਣ ਤਾਂ ਉਸ ਲਾਚਾਰੀ ਦੀ ਦਸ਼ਾ ਨੂੰ ਭਾਣੇ ਦੀ ਦਸ਼ਾ ਸਮਝ ਕੇ ਆਖਦੇ ਸੁਣੇ ਜਾਂਦੇ ਹਨ ਕਿ ਹੱਛਾ ਚੰਗਾ ਜੋ ਰੱਬ ਦਾ ਭਾਣਾ ਦਰਅਸਲ ਇਹ ਭਾਣੇ ਦੀ ਅਵਸਥਾ ਨਹੀਂ ਹੁੰਦੀ ਬਲਕਿ ਲਾਚਾਰੀ ਜਾਂ ਮਜਬੂਰੀ ਦੀ ਅਵਸਥਾ ਹੁੰਦੀ ਹੈ, ਜਿਸ ਵਿੱਚ ਗੁਰਮੁਖ ਆਪਣੀ ਜਾਂ ਆਪਣੇ ਮਿਸ਼ਨ ਦੀ ਭਲਾਈ ਲਈ ਜਾਂ ਕਿਸੇ ਉਚ ਆਤਮਕ ਅਸੂਲ ਨੂੰ ਸਿੱਧ ਕਰਨ ਲਈ, ਆਪਣੀ ਖੁਸ਼ੀ ਤੇ ਪ੍ਰਸੰਨਤਾ ਨਾਲ, ਆਪਣੇ ਕਰਤਾਰ ਦੇ ਆਸਰੇ ਤੇ ਖਿੜੇ ਮੱਥੇ ਖੇਡਦਾ ਹੈ। ਭਾਣੇ ਦੀ ਅਵਸਥਾ ਵਿੱਚ ਮਜਬੂਰੀ ਜਾਂ ਲਾਚਾਰੀ ਦਾ ਨਾਮ ਨਿਸ਼ਾਨ ਨਹੀਂ ਹੁੰਦਾ, ਜਿਥੇ ਮਜਬੂਰੀ ਲਾਚਾਰੀ ਤੇ ਨੱਕ ਫਸੀ ਹੋਵੇ, ਉਹ ਭਾਣੇ ਦੀ ਅਵਸਥਾ ਨਹੀਂ ਕਹੀ ਜਾ ਸਕਦੀ।

ਸਿੱਖ ਇਤਿਹਾਸ ਵਿੱਚ 'ਭਾਣੇ' ਵਿੱਚ ਖੇਡਣ ਵਾਲੇ ਮਹਾਂਪੁਰਸ਼ਾਂ ਦੀਆਂ ਬੇ-ਨਜ਼ੀਰ ਮਿਸਾਲਾਂ ਮਿਲਦੀਆਂ ਹਨ, ਪਰ ਹਰ ਇਕ ਮਿਸਾਲ ਵਿਚ ਅਡੋਲਤਾ, ਪ੍ਰਸੰਨਤਾ ਤੋਂ ਅਹਿੱਲ ਸਿਦਕ ਦੇਖਾਂਗੇ, ਕਿਤੇ ਵੀ ਮਜਬੂਰੀ ਜਾਂ ਨੱਕ ਫਸੀ ਨਹੀਂ ਹੋਵੇਗੀ। ਭਾਣੇ ਦੀ ਅਵਸਥਾ ਉਦੋਂ ਪੈਦਾ ਹੁੰਦੀ ਹੈ ਜਦੋਂ ਵਾਹਿਗੁਰੂ ਤੇ ਉਸ ਦਾ ਬੰਦਾ ਦੋਵੇਂ ਕਿਸੇ ਡੂੰਘੀ ਆਤਮਕ ਸੱਚਾਈ ਨੂੰ ਸਿੱਧ ਕਰਨਾ ਚਾਹੁੰਣ। ਇਸ ਅਵਸਥਾ ਦੇ ਆਸਾਰ ਵਾਹਿਗੁਰੂ ਤਦੋਂ ਪੈਦਾ ਕਰਦਾ ਹੈ, ਜਦੋਂ ਗੁਰਮੁਖ ਨੂੰ ਉਸ ਦੇ ਯੋਗ ਦੇਖਦਾ ਹੈ। ਗੁਰੂ ਅਰਜਨ

ਦੇਵ ਦੇ ਸਾਮ੍ਹਣੇ ਤੱਤੀ ਤਵੀ ਤੇ ਬਲਦੀ ਰੇਤ ਵਾਹਿਗੁਰੂ ਤਦੋਂ ਪੈਦਾ ਕਰਦਾ ਹੈ, ਜਦੋਂ ਗੁਰਮੁਖ ਨੂੰ ਉਸ ਦੇ ਯੋਗ ਦੇਖਦਾ ਹੈ। ਗੁਰੂ ਅਰਜਨ ਦੇਵ ਦੇ ਸਾਮ੍ਹਣੇ ਤੱਤੀ ਤੱਵੀ ਤੇ ਬਲਦੀ ਰੇਤ ਉਦੋਂ ਲਿਆਂਦੀ ਗਈ, ਜਦੋਂ ਹਜ਼ੂਰ ਆਤਮਕ ਤੌਰ ਤੇ ਉਸ ਮਸ਼ਕ ਜਾਂ ਇਮਤਿਹਾਨ ਵਿਚੋਂ ਲੰਘਣ ਦੇ ਅਤੇ ਲੰਘਦੇ ਹੋਏ ਇਹ ਆਖਣ ਦੇ ਯੋਗ ਸਮਝੇ ਗਏ।

*ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥*
*ਅੰਗ - ੩੯੪*

ਹਜ਼ਰਤ ਮੀਆਂ ਮੀਰ ਭਾਵੇਂ ਚੰਗੀ ਉੱਚੀ ਆਤਮਕ ਅਵਸਥਾ ਦੇ ਮਾਲਕ ਸਨ, ਪਰ ਭਾਣੇ ਦੀ ਅਵਸਥਾ ਤੋਂ ਅਜੇ ਨੀਵੇਂ ਸਨ। ਇਸ ਲਈ ਗੁਰਮੁਖ ਨੂੰ ਅਸਹਿ ਤਸੀਹੇ ਦੀ ਹਾਲਤ ਵਿੱਚ ਵੇਖ ਕੇ ਰੱਬੀ ਪਿਆਰ ਤੇ ਸ਼ੱਕ ਅਤੇ ਇਨਸਾਨੀ ਅਤਿਆਚਾਰ ਤੇ ਨਫਰਤ ਕਰਨ ਲੱਗੇ, ਪਰ ਕਿਉਂਕਿ ਨਜ਼ਰ ਆਉਂਦੀ ਸਾਰੀ ਖੇਡ ਅਦ੍ਰਿਸ਼ਟ ਮੰਡਲਾਂ ਵਿੱਚ ਗੁਰਮੁਖ ਅਤੇ ਉਸ ਦੇ ਕਰਤਾਰ ਦੀ ਸਾਂਝੀ ਵਿਉਂਤ ਅਤੇ ਗੁਰਮੁਖ ਦੀ ਅਸਲੀ ਭਲਾਈ ਨੂੰ ਮੁੱਖ ਰੱਖ ਕੇ ਰਚੀ ਗਈ ਸੀ, ਇਸ ਲਈ ਗੁਰਮੁਖ ਮੁਸਕਰਾਉਂਦਾ ਸੀ ਅਤੇ ਹਜ਼ਰਤ ਮੀਆਂ ਮੀਰ ਨੂੰ ਅਤੇ ਆਉਣ ਵਾਲੇ ਸਾਰੇ ਗੁਰਮੁਖਾਂ ਤੇ ਰੱਬ ਦੇ ਪਿਆਰਿਆ ਨੂੰ ਉਹ ਆਤਮਕ ਤਜਰਬਾ ਕਰ ਕੇ ਦਸਦਾ ਸੀ, ਜਿਸ ਨੇ ਸਾਬਤ ਕਰਨਾ ਸੀ ਕਿ ਨਿਰੰਕਾਰੀ ਦੇ ਚਰਨਾਂ ਵਿੱਚ ਜੁੜੀ ਸੁਰਤ ਦ੍ਰਿਸ਼ਟਮਾਨ ਅਤੇ ਆਕਾਰ ਦੀ ਦੁਨੀਆਂ ਦੀਆਂ ਸਭ ਖਿੱਚਾਂ, ਸਭ ਚੋਭਾਂ, ਸਭ ਸਖਤੀਆਂ ਤੋਂ ਆਜ਼ਾਦ ਹੋ ਕੇ ਨਿਰੰਕਾਰ ਵਾਂਗ ਅਲੋਪ ਤੇ ਅਡੋਲ ਹੋ ਜਾਂਦੀ ਹੈ। ਐਸੀ ਸੂਰਤ ਵਾਲੇ ਮਹਾਂਪੁਰਸ਼, ਆਕਾਰ ਦੇ ਮੰਡਲਾਂ ਵਿਚ ਖੇਡਣ ਵਾਲੀ ਮੌਤ ਦੀ ਹਸਤੀ ਨੂੰ ਹੀ ਤਸਲੀਮ ਨਹੀਂ ਕਰਦੇ, ਉਹ ਮੌਤ ਦੀ ਹੱਦ ਜਾਂ ਦਾਇਰੇ ਤੋਂ ਕਰਤਾਰ ਵਾਂਗ ਸਦਾ ਲਈ ਉੱਚੇ ਹੋ ਜਾਂਦੇ ਹਨ।

ਯਾਦ ਰਹੇ ਕਿ ਸ੍ਰੀ ਨਾਮਦੇਵ ਜੀ ਦੇ ਸਾਮ੍ਹਣੇ ਜਦ ਮੁਸਲਮਾਨ ਬਾਦਸ਼ਾਹ ਨੇ ਇਹ ਸ਼ਰਤ ਰੱਖੀ ਕਿ ਜਾਂ ਉਹ ਗਊ ਨੂੰ ਜ਼ਿੰਦਾ ਕਰ ਦੇਵੇ ਜਾਂ ਉਸਨੂੰ ਕਤਲ ਕੀਤਾ ਜਾਵੇਗਾ ਤਾਂ ਸ੍ਰੀ ਨਾਮਦੇਵ ਜੀ ਨੇ ਕਤਲ ਹੋ ਕੇ, ਮੌਤ ਨੂੰ ਜਿੱਤਣ ਵਾਲੇ (ਉੱਚੇ) ਆਤਮਕ ਤਜਰਬੇ ਨਾਲੋਂ, ਵਾਹਿਗੁਰੂ ਦੀ ਸ਼ਕਤੀ ਨਾਲ, ਮੋਈ ਗਊ ਨੂੰ ਸੁਰਜੀਤ ਕਰਨ ਦਾ (ਨੀਵਾਂ) ਆਤਮਕ ਤਜਰਬਾ ਕਰ ਕੇ ਦਿਖਾਣਾ ਪਸੰਦ ਕੀਤਾ। ਕਿਉਂਕਿ ਸ੍ਰੀ ਨਾਮਦੇਵ ਜੀ ਭਾਣੇ ਦੀ ਉਚ ਅਵਸਥਾ ਦੇ ਅਜੇ ਯੋਗ ਨਹੀਂ ਸਨ, ਇਸ ਲਈ ਉਨ੍ਹਾਂ ਨੂੰ ਵਾਹਿਗੁਰੂ ਵਲੋਂ ਐਸਾ ਕਰਨ ਲਈ ਮਜ਼ਬੂਰ ਨਾ ਕੀਤਾ ਗਿਆ, ਸਗੋਂ ਵਾਹਿਗੁਰੂ ਦੇ ਭਗਤ ਵਛਲ ਅਤੇ ਭਗਤ ਰਖਸ਼ਕ ਅੰਗ ਨੂੰ ਪ੍ਰਸਿੱਧ ਕਰਕੇ ਦਿਖਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਦ ਵੀ ਆਪਣੇ ਜੀਵਨ ਵਿੱਚ ਇੱਕ ਵਾਰੀ 'ਸੁਲਹੀ ਖਾਨ' ਦੀ ਅੰਮ੍ਰਿਤਸਰ ਤੇ ਚੜ੍ਹਾਈ ਵੇਲੇ ਵਾਹਿਗੁਰੂ ਦੇ ਭਗਤ-ਰਖਸ਼ਕ ਸੁਭਾ ਜਾਂ ਅਸੂਲ ਦੀ ਵਰਤੋਂ ਕੀਤੀ। ਇਸ ਆਤਮਕ ਤਜਰਬੇ ਦਾ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਜ਼ਿਕਰ ਕੀਤਾ ਹੈ -

*ਸੁਲਹੀ ਤੇ ਨਾਰਾਇਣ ਰਾਖੁ ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ*
*ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ*
*ਖਿਨ ਮਹਿ ਹੋਇ ਗਇਆ ਹੈ ਖਾਕੁ ॥*
*ਮੰਦਾ ਚਿਤਵਤ ਚਿਤਵਤ ਪਚਿਆ*
*ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ*
*ਸੁ ਛੋਡਿ ਗਇਆ ਸਭ ਭਾਈ ਸਾਕੁ ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ*
*ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ਅੰਗ - ੮੨੫*

ਇਸੇ ਤਰ੍ਹਾਂ ਹਜ਼ਰਤ ਯਸੂ ਮਸੀਹ ਆਪਣੇ ਜੀਵਨ ਵਿੱਚ ਬਾਬੇ ਅਟੱਲ ਜੀ ਵਾਂਗਰ ਮੋਏ ਹੋਏ ਲੋਕਾਂ ਨੂੰ ਅਕਾਲ ਪੁਰਖ ਦੀ ਸ਼ਕਤੀ ਨਾਲ ਜ਼ਿੰਦਾ ਕਰਦੇ ਰਹੇ ਪਰ ਉਸ ਵੇਲੇ ਉਹ ਭਾਣੇ ਦੀ ਉਚ ਅਵਸਥਾ ਵਿਚ ਨਹੀਂ ਸਨ ਵਿਚਰਦੇ, ਸਗੋਂ ਵਾਹਿਗੁਰੂ ਦੀ ਭਗਤ ਰਖਸ਼ਕ ਤੇ ਬਿਰਦ ਪਾਲਕ ਸ਼ਕਤੀ ਨੂੰ ਵਰਤਦੇ ਸਨ, ਪਰ ਜਦ ਅਖੀਰ ਆਤਮਕ ਤਜਰਬਿਆਂ ਦੇ ਕਮਾਲ ਜਾਂ ਭਾਣੇ ਦੀ ਅਵਸਥਾ ਦੇ ਦਿਖਾਣ ਦਾ ਸਮਾਂ ਆਇਆ ਤਾਂ ਦੋਹਾਂ ਗੁਰਮੁਖਾਂ ਨੇ ਵਾਹਿਗੁਰੂ ਦੀ ਸਹਾਇਤਾ ਨਾਲ, ਮੌਤ ਦੀ ਵਾਦੀ ਵਿਚੋਂ ਅਡੋਲ ਨਿਕਲ ਕੇ ਸਿੱਧ ਕਰ ਦਿੱਤਾ ਕਿ ਜਗਤ ਜੀਵਨ ਕਰਤਾਰ ਨਾਲ ਇਕ ਹੋਏ ਬੰਦਿਆਂ ਲਈ ਮੌਤ ਦੀ ਘਟਨਾ ਕੋਈ ਅਰਥ ਨਹੀਂ ਰਖਦੀ, ਹਰੀ-ਜਨ ਮੌਤ ਤੋਂ ਉਤੇ, ਹਰੀ ਰੂਪ ਹੁੰਦੇ ਹਨ, ਜੇ ਚਾਹੁਣ ਤਾਂ ਮੋਇਆਂ ਨੂੰ ਜਿਵਾ ਸਕਦੇ ਹਨ, ਜੇ ਚਾਹੁੰਣ ਤਾਂ ਆਪ ਮੌਤ ਦੀ ਘਟਨਾ ਵਿਚੋਂ ਅਡੋਲ ਤੇ ਨਿਰਭੈ ਲੰਘ ਸਕਦੇ ਹਨ।

ਆਮ ਗੁਰਸਿੱਖ ਜੇਕਰ ਆਪਣੇ ਆਪ ਨੂੰ ਭਾਣੇ ਦੀ ਅਵਸਥਾ ਦੇ ਯੋਗ ਨਾ ਸਮਝਣ ਤਾਂ ਉਨ੍ਹਾਂ ਨੂੰ ਨਿਰਾਸ ਜਾਂ ਉਤਾਵਲੇ ਨਹੀਂ ਹੋਣਾ ਚਾਹੀਦਾ। ਭਾਣੇ ਦੀ ਅਵਸਥਾ ਉਸ ਗੁਰਮੁਖ ਤੇ ਆਉਂਦੀ ਹੈ ਜਿਸ ਦੀ ਆਤਮਕ ਕਮਾਈ ਪੂਰਨਤਾ ਤੇ ਪਹੁੰਚ ਜਾਵੇ। ਜਿਵੇਂ ਐਮ.ਏ. ਦੀ ਡਿਗਰੀ ਦੁਨਿਆਵੀ ਕਾਲਜਾਂ ਵਿੱਚ ਆਖਰੀ ਜਮਾਤ ਦੇ ਵਿਦਿਆਰਥੀਆਂ ਨੂੰ ਮਿਲਦੀ ਹੈ, ਉਵੇਂ ਭਾਣੇ ਦੀ ਅਵਸਥਾ ਦੀ ਡਿਗਰੀ ਉਨ੍ਹਾਂ ਆਤਮਕ ਵਿਦਿਆਰਥੀਆਂ ਨੂੰ ਮਿਲਦੀ ਹੈ, ਜਿਨ੍ਹਾਂ ਦੀ ਆਤਮਕ ਜਾਂ ਰੂਹਾਨੀ ਸਾਰੀ ਵਿਦਿਆ ਖਤਮ ਹੋ ਚੁਕੀ ਹੋਵੇ। ਚੌਥੀ-ਪੰਜਵੀਂ ਜਮਾਤ ਦੇ ਮੁੰਡਿਆਂ ਨੂੰ ਐਮ.ਏ. ਦੀ ਪੜ੍ਹਾਈ ਦੀ ਜੇ ਸਮਝ ਨਾ ਆਵੇ ਜਾਂ ਉਨ੍ਹਾਂ ਦਾ ਦਿਲ ਐਮ.ਏ. ਦੀਆਂ ਕਿਤਾਬਾਂ ਦੇਖ ਕੇ ਘਬਟਾਏ ਤਾਂ ਇਸ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ। ਸਮਾਂ ਆਉਣ ਉਤੇ ਐਮ.ਏ. ਦੀਆਂ ਪੁਸਤਕਾਂ ਸਮਝਣ ਤੇ ਉਹ ਆਪੇ ਯੋਗ ਹੋ ਜਾਣਗੇ। ਇਸੇ ਤਰ੍ਹਾਂ ਨਿਰ-ਇਛਿਆ ਹੋ ਜਾਣਾ ਤੇ ਭਾਣੇ ਦੀ ਅਵਸਥਾ ਦਾ ਪਾਤਰ ਬਣਨਾ ਵੀ ਇਨਸਾਨ ਦੇ ਆਤਮਕ ਤਜਰਬੇ ਦੀ ਆਖਰੀ ਟੀਸੀ ਹੈ। ਜੋ ਗੁਰਸਿਖ ਭਾਣੇ ਦੀ ਅਵਸਥਾ ਵਿਚ ਇਸ ਕਰਕੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੇ ਇਸ ਅਵਸਥਾ ਦੀ ਬੜੀ ਉਪਮਾ ਲਿਖੀ ਹੈ, ਬਦੋ-ਬਦੀ ਖੇਡਣਾ ਚਾਹੇਗਾ, ਉਸ ਨੂੰ ਉਸੀ ਤਰ੍ਹਾਂ ਦੀ ਨਿਰਾਸਤਾ ਹੋਵੇਗੀ, ਜਿਵੇਂ ਮਿਡਲ ਜਮਾਤ ਦਾ ਵਿਦਿਆਰਥੀ ਐਮ.ਏ. ਦਾ ਵਿਦਿਆਰਥੀ ਆਖਿਆ ਜਾਵੇ ਜਾਂ ਐਮ.ਏ. ਦੀ ਡਿਗਰੀ ਮਿਲੇ।

ਭਾਣੇ ਦੀ ਅਵਸਥਾ ਸ੍ਰੀ ਗੁਰੂ ਨਾਨਕ ਦੇਵ ਦੀ ਤਾਲੀਮ

ਅਨੁਸਾਰ ਗੁਰਮੁਖ ਦੀ ਅਖੀਰੀ ਅਵਸਥਾ ਹੈ ਜਿਸ ਵਿੱਚ ਉਦੋਂ ਖੇਡਿਆ ਜਾਂਦਾ ਹੈ ਜਦ ਗੁਰਮੁਖ ਪਹਿਲੀਆਂ ਸਭ ਆਤਮਕ ਅਵਸਥਾਵਾਂ ਵਿਚ ਖੇਡ ਲਵੇ ਅਤੇ ਉਨ੍ਹਾਂ ਸਭ ਨੂੰ ਭਾਣੇ ਦੀ ਅਵਸਥਾ ਨਾਲੋਂ ਫਿਕਿਆਂ ਤੇ ਘਟੀਆਂ ਪ੍ਰਤੀਤ ਕਰ ਚੁਕੇ। ਭਾਣੇ ਦੀ ਅਵਸਥਾ ਅਰਦਾਸ ਅਤੇ ਰਿਧੀ ਸਾਰੀ ਖੇਡ ਪੁਰਾਣੀ ਤੇ ਫਿਕੀ ਪ੍ਰਤੀਤ ਹੋਣ ਲਗ ਜਾਂਦੀ ਹੈ।

*ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥*

*ਅੰਗ - ੫੦੬*

'ਭਾਣੇ' ਦੇ ਅਖਰੀ ਅਰਥ ਹਨ ਭਾਵਨਾ ਜਾਂ ਪਸੰਦ ਆਉਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਿੱਖ ਨੂੰ ਵਾਹਿਗੁਰੂ ਜਾਂ ਸਤਿਗੁਰੂ ਦੇ ਭਾਣੇ ਵਿੱਚ ਰਹਿਣ ਦੀ ਹਿਦਾਇਤ ਹੈ, ਜਿਸ ਦਾ ਭਾਵ ਹੈ ਕਿ ਸਿੱਖ ਆਪਣੇ ਜੀਵਨ ਨੂੰ ਇਸ ਤਰ੍ਹਾਂ ਬਤੀਤ ਕਰੇ ਜਿਵੇਂ ਵਾਹਿਗੁਰੂ ਜਾਂ ਸਤਿਗੁਰੂ ਨੂੰ ਭਾਵੇਂ ਜਾਂ ਪਸੰਦ ਆਵੇ। ਲੇਖ ਦੇ ਪਹਿਲੇ ਹਿੱਸੇ ਵਿੱਚ ਲਿਖਿਆ ਗਿਆ ਹੈ ਕਿ ਵਾਹਿਗੁਰੂ ਨੂੰ ਹਮੇਸ਼ਾ ਇਹੋ ਭਾਂਵਦਾ ਜਾਂ ਪਸੰਦ ਆਉਂਦਾ ਹੈ ਕਿ ਇਨਸਾਨ ਖੁਸ਼ੀ ਤੇ ਸੁਖ ਰਹੇ। ਆਓ, ਹੁਣ ਦੇਖੀਏ ਕਿ ਸਤਿਗੁਰੂ ਨੂੰ ਸਿੱਖ ਸਬੰਧੀ ਕੀ ਭਾਂਵਦਾ ਜਾਂ ਪਸੰਦ ਆਉਂਦਾ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿੱਥੇ ਵਾਹਿਗੁਰੂ ਦੇ ਸੁਭਾਓ ਸਬੰਧੀ ਇਸ਼ਾਰੇ ਹਨ, ਉਥੇ ਸਤਿਗੁਰੂ ਦੇ ਸੁਭਾਓ ਸਬੰਧੀ ਵੀ ਲਿਖਿਆ ਹੈ -

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥*
*ਸੇਵਕ ਕਉ ਗੁਰੁ ਸਦਾ ਦਇਆਲ ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥*
*ਗੁਰ ਬਚਨੀ ਹਰਿ ਨਾਮੁ ਉਚਰੈ ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ ॥*
*ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥*
*ਗੁਰ ਕਾ ਸਿਖੁ ਵਡਭਾਗੀ ਹੇ ॥*
*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥*

*ਅੰਗ - ੨੮੬*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਾਹਿਗੁਰੂ ਅਤੇ ਸਤਿਗੁਰੂ ਦੀ ਇਨਸਾਨ ਜਾਂ ਸਿੱਖਾਂ ਸਬੰਧੀ ਇਕੋ ਹੀ ਇਛਿਆ ਦਸੀ ਹੈ ਅਤੇ ਉਹ ਇਹ ਹੈ ਕਿ ਵਾਹਿਗੁਰੂ ਸਭ ਚੀਜ਼ਾਂ ਨੂੰ ਸੁਖੀ ਦੇਖਣਾ ਚਾਹੁੰਦਾ ਹੈ ਅਤੇ ਸਤਿਗੁਰੂ ਉਨ੍ਹਾਂ ਜੀਵਾਂ ਨੂੰ ਸਭ ਪਾਸਿਆਂ ਤੋਂ ਸੁਖੀ ਵੇਖਣਾ ਚਾਹੁੰਦਾ ਹੈ ਜੋ ਉਸ ਦੇ ਤਜਰਬੇ ਜਾਂ ਮਸ਼ਵਰੇ ਤੋਂ ਲਾਭ ਉਠਾਉਣ ਲਈ ਉਸ ਕੋਲ ਆਉਣ ਦੀ ਖੇਚਲ ਕਰਨ ਵਾਹਿਗੁਰੂ ਅਰੂਪ ਹੋਣ ਕਰਕੇ ਉਸ ਦੇ ਸੁਭਾਉ ਜਾਂ ਭਾਣੇ ਨੂੰ ਸਮਝਣਾ ਹਰ ਇਕ ਜੀਵ ਵਾਸਤੇ ਸੰਭਵ ਨਹੀਂ, ਐਪਰ ਸਤਿਗੁਰੂ ਜੋ ਅਸਥੂਲ ਮੰਡਲਾਂ ਵਿੱਚ ਤੇ ਇਨਸਾਨੀ ਬੋਲੀ ਵਿਚ ਇਨਸਾਨ ਨੂੰ ਸੁਖੀ ਬਣਨ ਦੇ ਤਰੀਕੇ ਦਸਦਾ ਹੈ, ਉਸ ਰਹਿਨੁਮਾਈ ਤੋਂ ਫਾਇਦਾ ਨਾ ਉਠਾਨਾ ਜੀਵ ਦਾ ਆਪਣਾ ਕਸੂਰ ਤੇ ਮੰਦ ਭਾਗ ਹਨ।

ਸਤਿਗੁਰੂ ਦੇ ਭਾਣੇ ਵਿਚ ਆਉਣ ਦੇ ਅਰਥ ਇਹੋ ਹਨ ਕਿ ਸਿਖ ਦਾ ਜੀਵਨ ਐਸਾ ਹੋਵੇ ਜੋ ਸਤਿਗੁਰ ਨੂੰ ਭਾਵੇ ਜਾਂ ਪਸੰਦ ਆਵੇ। ਸਿਖ ਦੀ ਅਸਲ ਭਲਾਈ ਉਸ ਵਿੱਚ ਹੀ ਹੁੰਦੀ ਹੈ ਜਿਸ ਵਿੱਚ ਸਤਿਗੁਰੂ ਨੂੰ ਸਿਖ ਦੀ ਭਲਾਈ ਦਿਸੇ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਿਖ ਕਿਸ ਕਿਸਮ ਦਾ ਜੀਵਨ ਬਤੀਤ ਕਰੇ ਜਿਸ ਕਰਕੇ ਉਹ ਸਤਿਗੁਰੂ ਨੂੰ ਡਾਹਢਾ ਭਾਵੇ ਜਾਂ ਪਸੰਦ ਆਵੇ? ਸਤਿਗੁਰੂ ਸਿਖ ਪਾਸੋਂ ਕਿਸ ਤਰ੍ਹਾਂ ਦੇ ਜੀਵਨ ਦੀ ਆਸ ਰਖਦੇ ਹਨ? ਇਸ ਸਵਾਲ ਦਾ ਜਵਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ ਦਿਤਾ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - ੩੦੬*

ਇਸ ਗੁਰਵਾਕ ਅਨੁਸਾਰ ਸਤਿਗੁਰ ਉਸ ਸਿੱਖ ਤੇ ਡਾਢੇ ਖੁਸ਼ ਹੁੰਦੇ ਹਨ, ਜੋ ਵਾਹਿਗੁਰੂ ਨੂੰ ਸਵਾਸ ਸਵਾਸ ਯਾਦ ਰਖ ਸਕੇ, ਵਾਹਿਗੁਰੂ ਦਾ ਨਾਮ ਆਪ ਜਪੇ ਤੇ ਦੂਸਰਿਆਂ ਤੋਂ ਜਪਾਵੇ।

ਐਸੇ ਗੁਰਸਿਖ ਦਾ ਜੀਵਨ ਗੁਰੂ ਨੂੰ ਡਾਢਾ ਭਾਉਂਦਾ ਜਾਂ ਪਸੰਦ ਆਉਂਦਾ ਹੈ, ਐਸਾ ਗੁਰਸਿਖ ਸਤਿਗੁਰ ਦੇ ਭਾਣੇ ਵਿੱਚ ਜੀਵਨ ਬਤੀਤ ਕਰਦਾ ਹੈ।

ਇਸ ਲਈ ਗੁਰਸਿਖਾਂ ਨੂੰ ਸਤਿਗੁਰੂ ਦੇ ਭਾਣੇ ਵਿੱਚ ਖੇਡਣ ਦੀ ਜੋ ਕੁੰਜੀ ਜਾਂ ਭੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦਾ ਹੈ, ਉਹ ਹੈ ਸਵਾਸ ਸਵਾਸ ਵਾਹਿਗੁਰੂ ਨੂੰ ਯਾਦ ਕਰਨਾ ਅਤੇ ਦੂਸਰਿਆਂ ਤੋਂ ਉਸ ਦੀ ਯਾਦ ਕਰਵਾਣੀ। ਇਸ ਭੇਦ ਨੂੰ ਸਮਝਣ ਵਾਲਾ ਗੁਰਸਿਖ ਵਾਹਿਗੁਰੂ ਦੇ ਸਹਾਰੇ ਇਨਸਾਨੀ ਜੀਵਨ ਦੀ ਬਿਖੜੀ ਤੋਂ ਬਿਖੜੀ ਘਟਨਾ ਵਿਚੋਂ ਅਡੋਲ ਤੇ ਖਿੜੇ ਮੱਥੇ ਲੰਘ ਕੇ ਆਪ ਪਰਮ ਸੁਖੀ ਹੋ ਸਕਦਾ ਅਤੇ ਸੰਸਾਰ ਨੂੰ ਪਰਮ ਸੁਖੀ ਬਣਨ ਦਾ ਰਸਤਾ ਦਸ ਸਕਦਾ ਹੈ।

*ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥*

*ਅੰਗ - ੩੧*

*.......ਅਨਦੁ ਖਸਮ ਕੈ ਭਾਣੈ ਜੀਉ ॥* *ਅੰਗ - ੧੦੬*

(---●---)

# ਉਤਸ਼ਾਹ ਭਰਪੂਰ ਸਹਿਜ ਮਾਰਗ
# (PATH OF FIRE AND LIGHT) Vol. 1

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਤੱਤਵ

ਸਾਡੇ ਸਰੀਰ ਦੇ ਓੰਦਰ ਪੰਜ ਨਾੜੀ ਕੇਂਦਰ ਹਨ ਜਿਨ੍ਹਾਂ ਨੂੰ ਚੱਕਰ ਵੀ ਕਿਹਾ ਜਾਂਦਾ ਹੈ; ਮੂਲਧਾਰ (Muladhara) ਸਵਾਦਿਸ਼ਠਾਨ (Svadhisthana) ਮਨੀਪੁਰ(Manipura) ਅਨਾਹਤ (Anahata) ਤੇ ਵਿਸ਼ੁੱਧ (Vishuddua) ਜਿਹੜੇ ਧਰਤੀ ਦੇ ਅੰਸ਼ਾਂ ਅਨੁਸਾਰ ਹਨ ਪ੍ਰਿਥਵੀ, ਪਾਣੀ (apas) ਅਗਨੀ (agni) ਵਾਯੂ (air) ਆਕਾਸ਼। ਹਰ ਚੱਕਰ ਇੱਕ ਵਿਸ਼ੇਸ਼ ਚੇਤਨਾ ਦਾ ਪ੍ਰਤੀਕ ਹੈ। ਇਹ ਪੰਜੋ ਕੇਂਦਰ ਸਾਡੇ ਸੁਆਸਾਂ ਤੇ ਪ੍ਰਭਾਵ ਪਾਉਂਦੇ ਹਨ ਜਿਸ ਤਰ੍ਹਾਂ ਨਾਲ ਸਰੀਰ ਦਾ ਸੁਭਾਅ ਹੋਵੇ ਉਸੇ ਤਰ੍ਹਾਂ ਜਿਸ ਤਰ੍ਹਾਂ ਦੀਆਂ ਗਤੀਵਿਧੀਆਂ ਹੋਣ ਉਸ ਅਨੁਸਾਰ ਬਹੁਤ ਵਾਰੀ ਜਾਂ ਤਾਂ ਇਹ ਚੱਕਰ ਪੂਰਾ ਕੰਮ ਨਹੀਂ ਕਰਦੇ ਜਾਂ ਇਨ੍ਹਾਂ ਨੂੰ ਲੋੜ ਤੋਂ ਵੱਧ ਕੰਮ ਕਰਨਾ ਪੈਂਦਾ ਹੈ। ਜਿਸ ਵੀ ਕੇਂਦਰ ਤੋਂ ਸੁਆਸ ਲੰਘਦਾ ਹੈ ਉਸ ਕੇਂਦਰ ਦੀ ਸ਼ਕਤੀ, ਸੁਆਸ ਇੱਕ ਦਮ ਵੱਧ ਜਾਂਦੇ ਹਨ। ਇਹੋ ਨਾੜੀ ਕੇਂਦਰ ਸੁਆਸ ਨੂੰ ਨਿਯਮਰੂਪ ਨਾਲ ਚੱਲਣ ਦਾ ਆਦੇਸ਼ ਦਿੰਦੇ ਹਨ ਇਹ ਕੋਈ ਇੱਕ ਘੰਟੇ ਵਿੱਚ ਇੱਕ ਹਜ਼ਾਰ ਵਾਰੀ ਹੁੰਦਾ ਹੈ।

ਇਹ ਸਾਰੇ ਪਰਵਾਹ ਸਰੀਰ ਦੇ ਅੰਸ਼ਾਂ ਨੂੰ ਉਨ੍ਹਾਂ ਦੇ ਕੇਂਦਰ ਅਨੁਸਾਰ ਪ੍ਰਭਾਵਿਤ ਕਰਦੇ ਹਨ ਉਦਾਹਰਣ ਵਜੋਂ ਜੇਕਰ ਪਾਣੀ ਦੇ ਕੇਂਦਰ ਵਿਚ ਹਨ ਉਸ ਤੋਂ ਭਾਂਵ ਹੈ ਸਰੀਰ ਦੇ ਤਰਲ ਪਦਾਰਥ ਪ੍ਰਭਾਵਿਤ ਹੋ ਰਹੇ ਹਨ। ਯੋਗ ਦੇ ਅਭਿਆਸ ਪ੍ਰਾਣਾਂ ਨੂੰ ਇਨ੍ਹਾਂ ਕੇਂਦਰਾਂ ਤੋਂ ਮੁਕਤ ਕਰਕੇ ਇਨ੍ਹਾਂ ਚੱਕਰਾਂ ਦੀਆਂ ਗੁਪਤ ਸ਼ਕਤੀਆਂ ਨੂੰ ਉਭਾਰਦਾ ਹੈ ਜਿਸ ਤਰ੍ਹਾਂ ਕਿ ਹੇਠ ਦਿੱਤੀ ਸੂਚੀ ਤੋਂ ਪਤਾ ਲਗਦਾ ਹੈ ਹਰ ਇੱਕ ਚੱਕਰ ਦੀਆਂ ਮਹੱਤਵਪੂਰਣ ਨਾੜੀਆਂ ਹਨ ਜਾਂ ਕਹਿ ਲਓ ਨਾੜੀ ਧਾਰਾ ਦਾ ਕੇਂਦਰ ਹੈ ਜਿਹੜਾ ਕਮਲ ਫੁੱਲ ਦੀ ਤਰ੍ਹਾਂ ਹੈ (ਇਸ ਦਾ ਭਾਵ ਸਰੀਰਕ ਗਤੀਵਿਧੀਆਂ ਤੋਂ ਬਿਨਾਂ ਅਧਿਆਤਮਕ ਮਹੱਤਤਾ ਵੀ ਹੈ) ਆਮ ਤੌਰ ਤੇ ਕਿਸੇ ਵੀ ਪੂਰਣ ਅਰੋਗ ਮਨੁੱਖ ਵਿੱਚ ਇਹ ਚੱਕਰ ਵਿੱਚ ਸੁਆਸ ਕਿੰਨੀ ਦੇਰ ਰਹਿੰਦਾ ਹੈ, ਜਦੋਂ ਉਹ ਇੜਾ ਪਿੰਗਲਾ ਵਿਚ ਹੁੰਦਾ ਹੈ ਉਹ ਵੀ ਇਸ ਚਾਰਟ ਵਿੱਚ ਦਿੱਤਾ ਗਿਆ ਹੈ।

| ਚੱਕਰ | ਤੱਤਵ | ਪੰਖੜੀਆਂ | ਸਮਾਂ |
|---|---|---|---|
| ਮੂਲਾਧਾਰ | ਧਰਤੀ | 4 | 20 ਮਿੰਟ |
| ਸਵਾਧਿਸ਼ਠਾਨ | ਪਾਣੀ (apas) | 6 | 16 ਮਿੰਟ |
| ਮਨੀਪੁਰ | ਅਗਨੀ (tejas) | 10 | 12 ਮਿੰਟ |
| ਅਨਾਹਤ | ਹਵਾ (Vaya) | 12 | 8 ਮਿੰਟ |
| ਵਿਸ਼ੁੱਧ | ਆਕਾਸ਼ (ether) | 16 | 4 ਮਿੰਟ |

ਪ੍ਰਿਥਵੀ ਦੀ ਸ਼ਕਤੀ ਠੋਸ ਹੈ, ਪਾਣੀ ਸੁੰਗੜਨ ਵਾਲਾ, ਸੰਕੋਚਣ ਵਾਲਾ ਹੈ, ਅਗਨੀ ਫੈਲਣ ਵਾਲੀ ਹੈ। ਧਰਤੀ ਵਿਚਕਾਰ ਹੈ, ਪਾਣੀ ਥੱਲੇ ਹੈ, ਅਗਨੀ ਉਪਰ ਹੈ, ਵਾਯੂ ਤੀਖਣ ਕੋਨੇ ਤੇ ਹੈ ਅਕਾਸ਼ ਟੇਡੇ ਰੁਖ ਤੇ ਹੈ। ਧਰਤੀ ਦਾ ਪਰਵਾਹ ਧੀਰਜ, ਸ਼ਹਿਨਸ਼ੀਲਤਾ ਦਾ ਸਹਿਨਸ਼ਕਤੀ ਦਾ ਹੈ। ਪਾਣੀ ਦੀ ਧਾਰਾ, ਸ਼ਾਂਤ ਹੈ, ਅਗਨੀ ਮੌਤ ਹੈ। ਵਾਯੂ ਗਤੀਸ਼ੀਲ ਹੈ, ਅਕਾਸ਼ ਸਭ ਦਾ ਸਾਂਝਾ ਹੈ।

ਪ੍ਰਿਥਵੀ ਪੈਰਾਂ ਵਿੱਚ ਹੈ, ਇਸ ਦਾ ਸੁਆਦ ਮਿੱਠਾ ਹੈ ਪਾਣੀ ਗੋਡਿਆਂ ਵਿੱਚ ਹੈ ਬੜਾ ਸੁੰਗੇੜਨ ਵਾਲਾ, ਸੰਕੋਚਕ ਹੈ ਅਗਨੀ ਮੋਢਿਆਂ ਦੇ ਵਿੱਚ ਹੈ ਇਸ ਦਾ ਸੁਆਦ ਕੌੜਾ ਹੈ, ਵਾਯੂ ਨਾਭੀ ਵਿੱਚ ਹੈ ਇਸ ਦਾ ਸੁਆਦ ਖੱਟਾ ਹੈ। ਅਕਾਸ਼ ਸਿਰ ਵਿੱਚ ਹੈ ਇਸਦਾ ਸੁਆਦ ਕੌੜਾ ਹੈ।

ਤੱਤਵ ਸਾਰੇ ਜੀਵਾਂ ਵਿੱਚ ਇੱਕੋ ਜਿਹੇ ਹੀ ਹੁੰਦੇ ਹਨ ਕੇਵਲ ਨਾੜੀਆਂ ਦੀ ਵਿਉਂਤ ਫਰਕ ਹੁੰਦੀ ਹੈ। ਤੱਤਵਾਂ ਦਾ ਕਾਰਜ ਦੋਨੋਂ ਇੜਾ, ਪਿੰਗਲਾ ਵਿੱਚ ਇੱਕੋ ਜਿਹਾ ਹੈ ਹੁੰਦਾ ਹੈ। ਸੱਜੀ ਨਾੜੀ ਪ੍ਰਿਥਵੀ, ਸੂਰਜ ਨਾਲ ਜੁੜਦੀ ਹੈ, ਪਾਣੀ ਸ਼ਨੀ ਗ੍ਰਹਿ ਨਾਲ ਜੁੜਿਆ ਹੋਇਆ ਹੈ ਤੇਜਸ ਭਾਵ ਅਗਨੀ ਮੰਗਲ ਨਾਲ, ਵਾਯੂ ਰਾਹੂ ਗ੍ਰਹਿ ਨਾਲ ਜੁੜੀ ਹੋਈ ਹੈ। ਸੂਰਜ ਉਤਰੀ ਪਾਸੇ ਨਾਲ ਖੱਬੇ ਪਾਸੇ ਪ੍ਰਿਥਵੀ ਨਾੜੀ ਬ੍ਰਹਿਸਪਤੀ ਨਕਸ਼ਤਰ ਨਾਲ ਜੁੜਿਆ ਹੋਇਆ ਹੈ, ਪਾਣੀ ਚੰਦਰਮਾ ਨਾਲ, ਅਗਨੀ ਸ਼ੁਕਰ ਤਾਰੇ ਨਾਲ ਤੇ ਵਾਯੂ ਚੰਚਲਤਾ ਦੇ ਗ੍ਰਹਿ ਨਾਲ ਜੁੜੀ ਹੋਈ ਹੈ।

ਖੱਬੀ ਨਾਸਿਕਾ ਨਾੜੀ ਭਾਵ ਇੜਾ, ਸੁਆਸ ਦਾ ਪ੍ਰਗਟਾਵਾ ਅੰਮ੍ਰਿਤ ਦਾ ਹੈ, ਐਨਾ ਚਮਕਦਾ ਚਿੰਨ, ਚਾਂਦੀ ਵਰਗਾ, ਚਮਕਦਾ ਚੰਦਰਮਾ, ਸੰਸਾਰ ਨੂੰ ਚਾਨਣ ਦੇਣ ਵਾਲਾ। ਸੱਜੀ ਨਾਸਿਕਾ ਭਾਵ ਪਿੰਗਲਾ ਉਹ ਗਤੀ ਹੈ ਜਿਹੜੀ ਸੰਸਾਰ ਨੂੰ ਸ਼ਕਤੀ ਦਿੰਦੀ ਹੈ ਜਿਸ ਤੋਂ ਸੰਸਾਰ ਚਲਦਾ ਹੈ। ਸੂਰਜ ਤੋਂ ਭਾਵ ਪਿੰਗਲਾ, ਜ਼ਹਿਰ ਜਿਵੇਂ ਕਾਰਬਨ ਡਾਇਆਕਸਾਈਡ ਨਿਕਲਦੀ ਰਹਿੰਦੀ ਹੈ, ਫੇਰ ਉਹ ਸੱਜੀ ਨਾਸਿਕਾ ਅੰਦਰ ਹੀ ਚਲੀ ਜਾਂਦੀ ਹੈ ਜਿਵੇਂ ਕਿ ਚੰਦਰਮਾ ਦਾ ਅੰਮ੍ਰਿਤ ਖੱਬੀ ਨਾਸਿਕਾ ਅੰਦਰ ਚਲਾ ਜਾਂਦਾ ਹੈ, ਚੰਦਰਮਾ ਕਾਮ ਦਾ ਚਾਲਕ ਹੈ, ਸਰੀਰ ਦੇ ਅੰਦਰ ਜੋ ਵੀ ਪਾਣੀ ਦੇ ਭਾਗ ਹਨ ਉਹ ਦੇਖਦਾ ਹੈ, ਭਾਵਨਾਵਾਂ, ਕਲਪਨਾ ਦਾ ਪਾਸਾ ਦੇਖਦਾ ਹੈ, ਇਹ ਦੋਨੋਂ ਭਾਵ ਪੁਰਖਾਂ ਤੇ ਇਸਤ੍ਰੀਆਂ ਲਈ ਇੱਕੋ ਹੀ ਹਨ। ਸੂਰਜ ਸਿਰਜਨਾ ਦਾ ਚਾਲਕ ਤੇ ਬੁੱਧੀ ਦਾ ਮਾਲਕ ਹੈ, ਕ੍ਰਿਆਸ਼ੀਲ ਤੇ ਰਚਨਾਤਮਕ ਹੈ।

ਸੁਆਸਾਂ ਦੀ ਗਤੀ ਇੱਕ ਵਿਸਤ੍ਰਿਤ ਰੂਪ ਵਿੱਚ ਵੀ ਹੈ ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਕਿਹੜਾ ਤੱਤਵ ਪ੍ਰਧਾਨ ਹੈ, ਜੇ ਤੁਸੀਂ ਕਿਸੇ ਚੌੜੇ ਭਾਂਡੇ ਵਿੱਚ ਥੋੜ੍ਹਾ ਜਿਹਾ ਪਾਣੀ ਲੈ ਕੇ ਸੁਆਸ ਲਵੋ, ਤੁਸੀਂ ਦੇਖ ਸਕਦੇ ਹੋ ਜਾਂ ਫੇਰ ਸ਼ੀਸ਼ੇ ਤੇ ਸੁਆਸ

ਲੈ ਕੇ ਦੇਖੋ, ਸ਼ੀਸ਼ੇ ਤੇ ਸੁਆਸ ਲੈਂਦਿਆਂ, ਦੂਸ਼ਰੇ ਬੰਦੇ ਨੂੰ ਦੇਖਣਾ ਪਵੇਗਾ ਕਿਉਂਕਿ ਜਿਹੜਾ ਸੁਆਸ ਲੈ ਰਿਹਾ ਹੈ ਉਹ ਤਾਂ ਸ਼ੀਸ਼ੇ ਦੇ ਬਹੁਤ ਕੋਲ ਹੋਵੇਗਾ ਪਹਿਲੇ ਉਦਾਹਰਣ ਵਿੱਚ ਸੁਆਸਾਂ ਦੀ ਗਤੀ ਤੋਂ ਪਤਾ ਲਗਦਾ ਹੈ ਜਿਸ ਤਰ੍ਹਾਂ ਉਹ ਪਾਣੀ ਤੇ ਹੁੰਦਾ ਹੈ, ਦੂਸਰੇ ਉਦਾਹਰਣ ਤੇ, ਸੁਆਸਾਂ ਦੀ ਭਾਵ ਸ਼ੀਸ਼ੇ ਤੇ ਦਸੀ ਹੈ। ਪ੍ਰਿਥਵੀ ਚਾਰ ਕੋਨਿਆਂ ਦੀ ਸ਼ਕਲ ਬਣਾਉਂਦੀ ਹੈ, ਪਾਣੀ ਅਰਧ ਚੱਕਰ ਬਣਾਉਂਦਾ ਹੈ। ਅਗਨੀ ਤਿਕੋਨ ਬਣਾਉਂਦੀ ਹੈ, ਵਾਯੂ ਚੱਕਰ ਬਣਾਉਂਦੀ ਹੈ। ਅਕਾਸ਼ ਨਾਲ ਗੋਲ ਗੋਲ ਚਿੰਨ੍ਹ ਬਣ ਜਾਂਦੇ ਹਨ।

ਤੱਤਵਾਂ ਦੀ ਪਛਾਣ ਰੰਗਾਂ ਤੋਂ ਕੀਤੀ ਜਾ ਸਕਦੀ ਹੈ, ਚਿੱਟਾ ਰੰਗ ਪਾਣੀ ਹੈ, ਲਾਲ ਅਗਨੀ ਹੈ, ਪੀਲਾ ਰੰਗ ਧਰਤੀ ਹੈ, ਨੀਲਾ ਵਾਯੂ ਹੈ, ਗੋਲ ਚਿੰਨ੍ਹ ਅਕਾਸ਼ ਹੈ, ਜਗਿਆਸੂ ਅੱਖਾਂ ਬੰਦ ਕਰਕੇ, ਸੁਆਸ ਰੋਕ ਕੇ, ਰੰਗਾਂ ਨੂੰ ਘੋਖ ਸਕਦਾ ਹੈ, ਦੇਖ ਸਕਦਾ ਹੈ, ਜਿਹੜੇ ਉਸਦੀਆਂ ਅੱਖਾਂ ਅੱਗੇ ਆਉਣਗੇ। ਇਨ੍ਹਾਂ ਰੰਗਾਂ ਤੋਂ ਇਹ ਪਤਾ ਲਗ ਜਾਵੇਗਾ ਕਿ ਨਾੜੀਆਂ ਦਾ ਪਰਵਾਹ ਕਿਹੜੇ ਚੱਕਰ ਤੇ ਹੈ, ਜਿਹੜਾ ਰੰਗ ਸਭ ਤੋਂ ਵੱਧ ਪ੍ਰਮੁੱਖ ਹੋਵੇਗਾ ਉਹ ਦੱਸ ਦੇਵੇਗਾ ਕਿਹੜਾ ਚੱਕਰ ਕਿਸ ਸਮੇਂ ਪ੍ਰਧਾਨ ਹੈ। ਇਹ ਬਹੁਤ ਘੱਟ ਹੀ ਹੁੰਦਾ ਹੈ ਕਿ ਇੱਕ ਰੰਗ ਪੂਰੀ ਤਰ੍ਹਾਂ ਨਾਲ ਉਭਰ ਕੇ ਆਏ, ਕਿਉਂਕਿ ਇੱਕ ਚੱਕਰ ਦੇ ਰੰਗ ਸਦਾ ਹੀ ਦੂਸਰੇ ਨਾਲ ਮਿਲੇ ਹੁੰਦੇ ਹਨ, ਇੱਕ ਤੱਤਵ ਦੇ ਰੰਗ ਦੂਰਸੇ ਨਾਲ ਮਿਲੇ ਹੋਏ ਹੀ ਹੁੰਦੇ ਹਨ।

ਜਿਸ ਤਰ੍ਹਾਂ ਨਾਲ ਸੁਆਸ ਪੰਜ ਤੱਤਵਾਂ ਅਨੁਸਾਰ ਵਿਭੇਦਕਾਰੀ ਹਨ, ਚੱਕਰ ਵੀ ਉਸਦੇ ਅਨੁਸਾਰ ਹੀ ਹਨ, ਇਨ੍ਹਾਂ ਕਰਕੇ ਮਨ ਉਤੇ ਵੀ ਵੱਖਰੇ ਸੰਸਕਾਰ ਵੱਖਰੇ ਪ੍ਰਭਾਵ ਪੈਂਦੇ ਹਨ। ਇੜਾਂ ਸਾਡੇ ਖੱਬੇ ਪਾਸੇ ਦੀਆਂ ਨਾੜੀਆਂ ਨਾਲ ਜੁੜੀ ਹੋਈ ਹੈ, ਇੜਾ ਮਾਨਸਿਕ ਵਿਕਾਸ ਲਈ ਵਧੇਰੇ ਮਹੱਤਵਪੂਰਨ ਹੈ ਇਸ ਕਰਕੇ ਇੜਾ ਵਧੇਰੇ ਅਵਸ਼ੱਕ ਹੈ, ਖਾਸ ਕਰਕੇ ਯੋਗ ਦੇ ਪੱਖੋਂ, ਯੋਗ ਦੀ ਸਿਖਿਆ ਲਈ ਇੜਾ ਦਾ ਮਹੱਤਵ ਵਧੇਰੇ ਹੈ।

## ਸੁਆਸਾਂ ਦਾ ਗੁਪਤ ਪ੍ਰਤਿਰੂਪ

ਆਮ ਤੌਰ ਤੇ ਜਦੋਂ ਅਸੀਂ ਸੁਆਸ ਬਾਹਰ ਕੱਢਦੇ ਹਾਂ ਤਾਂ ਉਸ ਦਾ ਪ੍ਰਵਾਹ ਕੋਈ ਛੇ ਉਂਗਲ ਦੇ ਲੱਗਭੱਗ ਹੁੰਦਾ ਹੈ, ਇਹ ਆਮ ਹੈ ਇਹ ਵਾਯੂ ਸਾਧਾਰਣ ਪਰਵਾਹ ਮੰਨਿਆ ਜਾਂਦਾ ਹੈ। ਜਦੋਂ ਕੋਈ ਗਾਉਂਦਾ ਹੈ ਤਾਂ ਉਸ ਦਾ ਪ੍ਰਵਾਹ ਬਾਰ੍ਹਾਂ ਉਂਗਲੀਆਂ ਦੇ ਪ੍ਰਵਾਹ ਤੱਕ ਚਲਾ ਜਾਂਦਾ ਹੈ। ਜਦੋਂ ਖਾਓ ਤਾਂ ਸੋਲ੍ਹਾਂ ਉਂਗਲੀਆਂ, ਜਦੋਂ ਭੁੱਖੇ ਹੋਵੋ ਵੀਹ, ਜਦੋਂ ਚੱਲੋ ਤਾਂ 18 ਉਂਗਲੀਆਂ ਸੁੱਤੇ ਹੋਏ 27 ਤੋਂ 30 ਤੱਕ, ਦੌੜਦੇ ਹੋਰ ਵਿਆਮ ਕਰਦੇ ਕਸਰਤ ਕਰਦੇ ਹੋਰ ਤੇਜ਼। ਚਿੰਤਾਂ ਨਾਲ ਸੁਆਸ ਵਾਹ ਵਰੋਲੇ ਦੀ ਤਰ੍ਹਾਂ ਹੋ ਜਾਂਦੇ ਹਨ, ਇਥੋਂ ਤੱਕ ਕਿ ਬੋਲਣਾ ਵੀ ਔਖਾ ਹੋ ਜਾਂਦਾ ਹੈ, ਬਾਕੀ ਦੀਆਂ ਭਾਵਨਾਵਾਂ, ਸੰਵੇਗ ਵੀ ਸੁਆਸਾਂ ਤੇ ਵੱਖ-ਵੱਖ ਪ੍ਰਭਾਵ ਪਾਉਂਦੀਆਂ ਹਨ। ਸੁਆਸ ਬਾਹਰ ਕੱਢਣ ਦੀ ਲੰਬਾਈ ਜਿੰਨੀ ਘਟਾਓਗੇ ਭਾਵ ਨੌਂ ਇੰਚਾਂ ਤੋਂ ਜਿੰਨੀ ਘੱਟ ਕਰੋਗੇ ਤੁਹਾਡਾ ਜੀਵਨ ਤੁਹਾਡੀ ਆਯੂ ਵਧੇਗੀ। ਜੇਕਰ ਬਾਹਰ ਕੱਢਣ ਦਾ ਪ੍ਰਵਾਹ ਵਧੇਰੇ ਹੋਵੇ ਤਾਂ ਅੰਦਰ ਦੀ ਧਾਰਾ ਤੇ ਪ੍ਰਭਾਵ ਪੈਂਦਾ ਹੈ, ਜੇਕਰ ਬਾਹਰ ਦਾ ਪ੍ਰਵਾਹ ਵੱਧ ਜਾਵੇ ਤਾਂ ਆਯੂ ਘਟ ਜਾਂਦੀ ਹੈ। ਜਦੋਂ ਤੱਕ ਸਰੀਰ ਦੇ ਅੰਦਰ ਸੁਆਸ ਹਨ ਜੀਵਨ ਹੈ, ਜਿੰਦ ਹੈ, ਜਾਨ ਹੈ ਇਸ ਕਰਕੇ ਜੋ ਕੁਝ ਵੀ ਪ੍ਰਾਣਾਂ ਨੂੰ ਸਰੀਰ ਵਿੱਚ ਰੱਖਣ ਲਈ ਸਹਾਈ ਹੁੰਦਾ ਹੈ ਉਹ ਹੀ ਜੀਵਨ ਵ੍ਰਿਧੀ, ਆਯੂ ਵਿੱਚ ਵਾਧਾ ਕਰੇਗਾ, ਜੀਵਨ ਕਾਲ ਲੰਮਾ ਕਰੇਗਾ। ਜਦੋਂ ਬਾਹਰ ਦੇ ਸੁਆਸਾਂ ਦੀ ਲੰਬਾਈ ਬਹੁਤ ਘੱਟ ਹੋ ਜਾਂਦੀ ਹੈ, ਜਗਿਆਸੂ ਨੂੰ ਕਿਸੇ ਵੀ ਭੋਜਨ ਦੀ ਲੋੜ ਨਹੀਂ ਰਹਿੰਦੀ, ਜੇਕਰ ਬਹੁਤ ਹੀ ਘੱਟ ਜਾਵੇ ਤਾਂ ਜਗਿਆਸੂ ਹਵਾ ਵਿੱਚ ਉੜ ਸਕਦਾ ਹੈ। ਸੁਪਨ ਰਹਿਤ ਨਿੰਦਰਾ ਵਿੱਚ ਪ੍ਰਾਣ ਲਹੂ ਨਾੜੀਆਂ ਵਿੱਚ ਆਰਾਮ ਕਰਦੇ ਹਨ, ਹਿਰਦੇ ਦੇ ਹਿੱਸੇ ਅੰਦਰ ਹੁੰਦੇ ਹਨ। ਜਦੋਂ ਵੀ ਪ੍ਰਾਣ ਗਤੀਸ਼ੀਲ ਹੁੰਦੇ ਹਨ ਜਾਂ ਉਤੇਜਿਤ ਹੁੰਦੇ ਹਨ, ਨਾੜੀਆਂ ਦੇ ਸੰਪਰਕ ਵਿੱਚ ਹੁੰਦੇ ਹਾਂ ਤਾਂ ਚੇਤਨਾ ਜਾਗ੍ਰਤ ਹੁੰਦੀ ਹੈ, ਉਚੇਰੀ ਚੇਤਨਾ ਜਿਹੜੀ ਹਲਕੀ ਹੁੰਦੀ ਹੈ, ਗਿਆਨ ਤੇ ਸਤਿ ਜੋ ਗੁਪਤ ਹੈ ਪਰ ਸਾਰੇ ਕਿਤੇ ਹੈ, ਇਹ ਪ੍ਰਾਣਾਂ ਦੀ ਗਤੀਵਿਧੀ ਨਾਲ ਜਾਗ੍ਰਤ ਹੁੰਦੀ ਹੈ।

ਸੁਆਸਾਂ ਤੋਂ ਹਰ ਸਮੇਂ ਸੁਚੇਤ ਰਹਿਣਾ ਅਤਿ ਅਵਸ਼ਕ ਹੈ, ਖਾਸ ਕਰਕੇ ਜਦੋਂ ਤੁਸੀਂ ਕਿਸੇ ਖਾਸ ਕੰਮ ਵਿੱਚ ਰੁਝੇ ਹੋਵੋ। ਇਸ ਤਰ੍ਹਾਂ ਨਾਲ ਸੁਚੇਤ ਹੋ ਕੇ ਜਗਿਆਸੂ ਆਪਣੇ ਯਤਨ ਵਧੇਰੇ ਸਫਲ ਕਰ ਸਕਦਾ ਹੈ। ਸਮਾਂ ਪਾ ਕੇ ਇਹ ਜਤਨ ਸਵੈਚਲਤ ਹੋ ਜਾਂਦੇ ਹਨ, ਜਗਿਆਸੂ ਲਈ ਸਹਾਇਕ ਹੁੰਦੇ ਹਨ। ਸਵੇਰੇ ਉਠਦਿਆਂ ਹੀ ਇਹ ਦੇਖ ਲੈਣਾ ਚਾਹੀਦਾ ਹੈ ਕਿਹੜੀ ਨਾਸਿਕਾ ਚੱਲ ਰਹੀ ਹੈ। ਇਸੇ ਤਰ੍ਹਾਂ ਪੂਰੇ 30 ਦਿਨ ਨਾਸਿਕਾ ਦਾ ਪ੍ਰਵਾਹ ਦੇਖੋ, ਕੋਸ਼ਿਸ਼ ਕਰੋ ਕਿ ਨਾਸਿਕਾ ਦੀ ਧਾਰਾ ਪਿੱਛੇ ਦਿੱਤੇ ਨਿਯਮਾਂ ਅਨੁਸਾਰ ਚੱਲੇ। ਜੇ ਸਾਧਿਕ ਇਹ ਕਰ ਲੈਂਦਾ ਹੈ ਤਾਂ ਸੁਆਸਾਂ ਦਾ ਪ੍ਰਵਾਹ ਠੀਕ ਹੋ ਜਾਵੇਗਾ, ਪਹਿਲਾਂ ਪਹਿਲ ਜ਼ਰੂਰ ਔਖਾ ਹੋਵੇਗਾ, ਸਮਾਂ ਵੀ ਲੱਗੇਗਾ, ਪਰ ਛੇਤੀ ਹੀ ਸੁਆਸ ਕਾਬੂ ਹੋ ਜਾਣਗੇ ਜੋ ਵੀ ਧਾਰਨਾ ਬਣਾਈ ਹੈ ਉਸ ਅਨੁਸਾਰ ਚੱਲਣਗੇ। ਕੋਈ ਵੀ ਭੁੱਖ ਬੇਚੈਨੀ ਜੋ ਸਰੀਰ ਵਿੱਚ ਹੋਵੇ, ਮਨ ਵਿੱਚ ਹੋਵੇ ਉਹ ਸੁਆਸਾਂ ਦੇ ਠੀਕ ਹੋਣ ਨਾਲ ਠੀਕ ਹੋ ਜਾਵੇਗੀ। ਜੇ ਸੱਜੀ ਨਾਸਿਕਾ ਵਿਚੋਂ ਸੁਆਸ ਸਵੇਰੇ ਦੇ ਸਮੇਂ ਸ਼ੁਰੂ ਹੁੰਦੇ ਹਨ ਜਦੋਂ ਕਿ ਖੱਬੀ ਨਾਸਿਕਾ ਵਿਚੋਂ ਸ਼ੁਰੂ ਹੋਣੇ ਚਾਹੀਦੇ ਹਨ ਤਾਂ ਸਰੀਰ ਵਿੱਚ ਕੋਈ ਨਾ ਕੋਈ ਗਰਮੀ ਕਾਰਣ ਨਿਅੰਤਰ ਵਿਗੜੇਗਾ, ਖਾਸ ਕਰਕੇ ਚਾਨਣ ਪੱਖ ਦੇ ਸ਼ੁਰੂ ਵਿੱਚ। ਜੇਕਰ ਖੱਬੀ ਨਾਸਿਕਾ ਕੰਮ ਕਰ ਰਹੀ ਹੈ ਜਦੋਂ ਕਿ ਸੱਜੀ ਨੂੰ ਕਰਨਾ ਚਾਹੀਦਾ ਹੈ ਭਾਵ ਹਨ੍ਹੇਰੇ ਪੱਖ ਵਿੱਚ ਤਾਂ ਸਰੀਰ ਵਿੱਚ ਠੰਢ ਪੱਖੋਂ ਅੰਤਰ ਵਿਗੜੇਗਾ। ਜੇਕਰ ਸੁਆਸਾਂ ਵਿੱਚ ਨਿਅੰਤਰ ਨਾ ਹੋਵੇ ਉਨ੍ਹਾਂ ਦਾ ਤਾਲਮੇਲ ਠੀਕ ਨਾ ਹੋਵੇ ਤਾਂ ਲੜਾਈ ਝਗੜਾ ਹੋ ਸਕਦਾ ਹੈ। ਨਿਰਾਸਤਾ ਹੋ ਸਕਦੀ ਹੈ, ਸਾਰੇ ਹੀ ਚੰਗੇ ਕੰਮਾਂ ਵਿੱਚ ਵਿਗਾੜ ਪੈ ਸਕਦਾ ਹੈ। ਜੇਕਰ ਇਸ ਤਰ੍ਹਾਂ ਦਾ ਵਿਗਾੜ ਛੇ ਹਫਤੇ ਤੱਕ ਚਲਦਾ ਰਹੇ ਤਾਂ ਕੋਈ ਗੰਭੀਰ ਬਿਮਾਰੀ ਹੋ ਸਕਦੀ ਹੈ। ਜੇਕਰ ਕੁਝ ਦਿਨ ਤੱਕ ਇੱਕੋ ਨਾਸਿਕਾ ਕੰਮ ਕਰੇ ਤਾਂ ਵੀ ਕੋਈ ਗੰਭੀਰ ਬਿਮਾਰੀ ਹੋ ਸਕਦੀ ਹੈ।

ਜੇਕਰ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਬੁਖਾਰ ਚੜ੍ਹਨ ਵਾਲਾ ਹੈ ਤਾਂ ਦੇਖੋਲ ਕਿਹੜੀ ਨਾਸਿਕਾ ਕੰਮ ਕਰ ਰਹੀ ਹੈ ਉਸ ਨੂੰ ਬਦਲੋ, ਉਸ ਨਾਸਿਕਾ ਨੂੰ ਬੰਦ ਕਰ ਲਵੋ ਤੇ ਬੰਦ ਰੱਖੋ ਉਦੋਂ ਤੱਕ ਬੰਦ ਰੱਖੋ ਜਦੋਂ ਤੱਕ ਬੁਖਾਰ ਚੜ੍ਹ ਨਾ ਜਾਵੇ। ਜੇਕਰ ਬੁਖਾਰ ਠੰਢ ਕਰਕੇ ਹੈ ਤਾਂ ਖੱਬੀ ਨਾਸਿਕਾ ਪ੍ਰਬਲ ਹੋਵੇਗੀ ਜੇਕਰ ਗਰਮੀ

**(ਬਾਕੀ ਪੰਨਾ 63 ਤੇ)**

# ਸਿਹਤ ਵਿਗਿਆਨ

*ਵੈਦ ਮੇਘ ਨਾਥ ਸਿੰਧ (ਫਫੜੇ ਭਾਈਕੇ ਵਾਲੇ)*

## ਭੁਲੱਕੜ (ਭੁੱਲਣਾ ਚੇਤਾ)

ਇਹ ਲੇਖ ਲਿਖਣ ਦਾ ਵਿਚਾਰ ਕਿਉਂ ਬਣਿਆ ਇੱਕ ਦਿਨ ਪਟਿਆਲਾ ਜਾਣ ਲਈ ਦਾਸ ਬੱਸ ਅੱਡੇ ਤੇ ਬੈਠਾ ਸੀ। ਦੋ ਅੱਧੀ ਉਮਰ ਦੀਆ ਮਹਿਲਾਂ (ਜਨਾਨੀਆਂ) ਆਪਸ ਵਿੱਚ ਗੱਲਾਂ ਕਰ ਰਹੀਆ ਸੀ, ਕੁੜੇ ਮੈਂ ਤਾਂ ਭੁੱਲ ਕੇ ਘਰ ਦੀਆਂ ਚਾਬੀਆਂ ਨਾਲ ਹੀ ਲੈ ਆਈ ਹਾਂ ਪਤਾ ਨਹੀਂ ਕਿਉਂ ਐਨਾ ਚੇਤਾ ਭੁੱਲਣਾ ਹੋ ਗਿਆ ਹੈ। ਫਿਰ ਦੂਜੀ ਭੈਣ ਕਹਿੰਦੀ, ਭੈਣੇ! ਅੱਜਕੱਲ੍ਹ ਤਾਂ ਸਭ ਦਾ ਸੁਭਾਅ ਭੁਲੱਕੜ ਹੋ ਗਿਆ ਹੈ। ਸਾਡੇ ਨਿਆਣਿਆਂ ਦਾ ਬਾਪ ਕਈ ਵਾਰੀ ਸ਼ਾਮ ਨੂੰ ਪੁੱਛ ਲੈਂਦਾ ਹੈ ਅੱਜ ਦਿਨੇ ਕੀ ਸਬਜ਼ੀ ਬਣਾਈ ਸੀ ਅੱਜ ਆਪਣੇ ਕਿਹੜਾ ਰਿਸ਼ਤੇਦਾਰ ਆਇਆ ਸੀ, ਮੈਂ ਬਹੁਤ ਹੈਰਾਨ ਹੁੰਦੀ ਹਾਂ ਕਿ ਇਨ੍ਹਾਂ ਦੇ ਯਾਦ ਨਹੀਂ ਰਹਿੰਦਾ। ਫਿਰ ਦੂਜੀ ਭੈਣ ਬੋਲੀ, ਭੈਣੇ! ਇਹ ਤਾਂ ਕੀ ਭੁੱਲਦਾ ਹੈ ਸਾਡੇ ਜੁਆਕਾਂ ਦੇ ਬਾਪ ਨੇ ਤਾਂ ਹੱਦ ਹੀ ਟਪਾ ਦਿੱਤੀ ਇੱਕ ਦਿਨ ਮੈਂ ਸ਼ਾਮ ਨੂੰ ਗਲੀ ਵਿਚ ਰੇੜ੍ਹੀ ਵਾਲੇ ਤੋਂ ਸਬਜ਼ੀ ਲੈ ਰਹੀ ਸੀ ਉਧਰੋਂ ਜੁਆਕਾਂ ਦਾ ਬਾਪ ਆ ਰਿਹਾ ਸੀ। ਅੱਖਾਂ ਤੋਂ ਐਨਕਾਂ ਉਪਰ ਕਰਕੇ ਮੇਰੇ ਵਲ ਗੌਰ ਨਾਲ ਦੇਖਣ ਲੱਗ ਪਿਆ, ਮੇਰੀ ਹਾਸੀ ਨਿਕਲ ਗਈ। ਅੱਗੋਂ ਮੈਨੂੰ ਕਹਿੰਦਾ, ਭੈਣ ਜੀ! ਗੁੱਸਾ ਨਾ ਮੰਨਿਓ ਮੈਨੂੰ ਤਾਂ ਭੁਲੇਖਾ ਲੱਗ ਗਿਆ ਸੀ। ਜਦੋਂ ਮੈਂ ਉਨ੍ਹਾਂ ਮਾਤਾਵਾਂ ਤੋਂ ਇਹ ਕੁਝ ਸੁਣਿਆ ਤਾਂ ਮਨ ਵਿੱਚ ਖਿਆਲ ਆਉਣ ਲੱਗੇ ਕਿ ਲੋਕਾਂ ਦੀ ਐਨੀ ਯਾਦਾਸ਼ਤ ਕਿਉਂ ਕਮਜ਼ੋਰ ਹੋ ਗਈ ਹੈ ਜੇ ਇਸੇ ਤਰ੍ਹਾਂ ਹੀ ਰਿਹਾ ਤਾਂ ਲੋਕ ਆਪਣੇ ਪਰਿਵਾਰਾਂ ਨੂੰ ਅਤੇ ਰਿਸ਼ਤੇਦਾਰਾਂ ਨੂੰ ਭੁੱਲਣ ਲੱਗ ਜਾਣਗੇ। ਜੇ ਇਸੇ ਤਰ੍ਹਾਂ ਹੀ ਲੋਕਾਂ ਦਾ ਆਹਾਰ ਵਿਹਾਰ ਚੱਲਦਾ ਰਿਹਾ ਮੇਰੇ ਕੋਲ ਕੁਝ ਦਿਨ ਹੋਏ ਪਟਿਆਲੇ ਤੋਂ ਇੱਕ ਨੌਜੁਆਨ ਮਰੀਜ਼ ਆਇਆ ਮੈਨੂੰ ਆਖਣ ਲੱਗਾ, ਵੈਦ ਜੀ! ਮੇਰੀ ਨਬਜ਼ ਦੇਖੋ ਮੈਂ ਹਰ ਗੱਲ ਭੁੱਲ ਜਾਂਦਾ ਹਾਂ। ਮੈਂ ਪੁੱਛਿਆ, ਤੁਸੀਂ ਕਿਸ ਵਾਇਕਲ ਤੇ ਆਏ ਹੋ, ਤਾਂ ਨੌਜੁਆਨ ਬੋਲਿਆ ਆਇਆ ਤਾਂ ਮੈਂ ਮੋਟਰਸਾਇਕਲ 'ਤੇ ਹਾਂ ਪਰ ਏਹ ਨਹੀਂ ਯਾਦ ਕਿ ਕਿੱਥੇ ਖੜ੍ਹਾ ਕੇ ਆਇਆ ਹਾਂ। ਇੱਕ ਡਾਕਟਰ ਮਰੀਜ਼ ਨੂੰ ਚੈਕ ਕਰਨ ਦੀ ਫੀਸ ਸੌ ਰੁਪਏ ਲੈਂਦਾ ਸੀ, ਡਾਕਟਰ ਮਰੀਜ਼ ਨੂੰ ਚੈਕ ਕਰਨ ਲੱਗਿਆ ਤਾਂ ਡਾਕਟਰ ਨੇ ਕਿਹਾ ਕਿ ਕੀ ਤਕਲੀਫ ਹੈ? ਮਰੀਜ਼ ਨੇ ਕਿਹਾ ਕਿ ਮੈਂ ਗੱਲ ਕਰਦਾ-ਕਰਦਾ ਭੁੱਲ ਜਾਂਦਾ ਹਾਂ। ਡਾਕਟਰ ਬੋਲਿਆ ਮੇਰੇ ਸੌ ਰੁਪਏ ਪਹਿਲਾਂ ਹੀ ਇੱਥੇ ਰੱਖ ਦੇ ਕਿਤੇ ਮੇਰਾ ਫਿਰ ਸੌ ਰੁਪਏ ਭੁੱਲ ਜਾਵੇ।

ਜਦੋਂ ਪਹਿਲੀਆਂ ਗੱਲਾਂ ਭੁੱਲ ਜਾਂਦੇ ਹਨ, ਆਪ ਹੀ ਚੀਜ਼ ਰੱਖ ਕੇ ਭੁੱਲ ਜਾਂਦੇ ਹਨ, ਕਈ ਤਾਂ ਪੈੱਨ ਵੀ ਜੇਬ ਤੇ ਲਾ ਕੇ ਮੇਜ਼ 'ਤੇ ਲੱਭਦੇ ਰਹਿੰਦੇ ਹਨ। ਆਪ ਜੀ ਨੂੰ ਵੀ ਇਹੋ ਜਿਹੇ ਭੁਲੱਕੜ ਟੱਕਰੇ ਹੋਣਗੇ ਜੋ ਗੱਲ ਕਰਦੇ-ਕਰਦੇ ਭੁੱਲ ਦੇ ਚੱਕਰ ਵਿੱਚ ਪੈ ਜਾਂਦੇ ਹਨ ਕਿ ਮੈਂ ਭੁੱਲ ਹੀ ਗਿਆ, ਹੁਣੇ ਹੁਣੇ ਮੇਰੇ ਯਾਦ ਸੀ, ਕਈ ਵਾਰੀ ਐਸੇ ਵੀ ਲੋਕ ਮਿਲਦੇ ਹੋਣਗੇ ਜੋ ਏਸ ਚਿੰਤਾ ਵਿੱਚ ਕਈ ਘੰਟੇ ਬਿਤਾ ਦਿੰਦੇ ਹਨ ਕਿ ਫਲ੍ਹਾਣੇ ਆਦਮੀ ਦਾ ਪਿੰਡ ਤੇ ਨਾਮ ਕੀ ਸੀ ਹੁਣੇ-ਹੁਣੇ ਯਾਦ ਸੀ ਪਰ ਮਨ ਵਿੱਚ ਘੁੰਮੀ ਜਾਂਦਾ ਹੈ ਪਰ ਜ਼ੁਬਾਨ ਤੇ ਨਹੀਂ ਆਉਂਦਾ, ਕਿਸੇ ਚੀਜ਼ ਨੂੰ ਰੱਖ ਕੇ ਭੁੱਲ ਜਾਣਾ ਤਾਂ ਭੁਲੱਕੜ ਰਾਮ, ਵਾਸਤੇ ਤਾਂ ਆਮ ਹੀ ਗੱਲ ਹੈ ਇਹੋ ਜਿਹੇ ਬੰਦੇ ਤਾਂ ਰੋਜ਼ ਮਿਲਦੇ ਹੀ ਰਹਿੰਦੇ ਹਨ। ਜੋ ਥੋੜ੍ਹੇ ਇਲਾਜ ਨਾਲ ਹੀ ਠੀਕ ਹੋ ਜਾਂਦੇ ਹਨ ਪਰ ਅੱਜ ਦਾ ਵਿਦਿਆਰਥੀ ਸਮਾਜ ਅਤੇ ਨੌਜੁਆਨ ਭੁੱਲ ਦੇ ਸ਼ਿਕਾਰ ਜ਼ਿਅਦਾ ਮਿਲਦੇ ਹਨ। ਸਕੂਲ ਕਾਲਜ ਵਿੱਚ ਮਾਸਟਰ ਜੀ ਨੇ ਕੁਝ ਪੜ੍ਹਾਇਆ ਵਿਦਿਆਰਥੀ ਨੇ ਕੰਨਾਂ ਨਾਲ ਸੁਣ ਤਾਂ ਲਿਆ ਪਰ ਬੁੱਧੀ ਥੋੜ੍ਹੀ ਹੋਣ ਕਰਕੇ ਯਾਦ ਨਹੀਂ ਕੀਤਾ। ਫਲ ਇਹ ਹੁੰਦਾ ਹੈ ਕਿ ਕਿਤਾਬ ਹੱਥ ਵਿੱਚ ਰੱਖਣ ਸਾਰ ਸੁਣੇ ਹੋਏ ਤੇ ਸੁਹਾਗਾ ਫਿਰ ਜਾਂਦਾ ਹੈ।

**ਕਾਰਣ - 1**. ਨੌਜੁਆਨਾਂ ਵਿੱਚ ਕਿਸੇ ਵੀ ਤਰੀਕੇ ਨਾਲ ਜ਼ਿਆਦਾ ਸ਼ੁਕਰ ਧਾਤੂ ਦਾ ਬਰਬਾਦ ਕਰਨਾ।

2. ਬਜ਼ੁਰਗਾਂ ਦੀ ਉਮਰ ਅਨੁਸਾਰ ਯਾਦਦਾਸ਼ਤ ਦਾ ਘਟਣਾ।
3. ਚਿੰਤਾ, ਕ੍ਰੋਧ, ਸ਼ੋਕ, ਦਿਨ ਨੂੰ ਸੌਣਾ ਖੁਸ਼ਕ ਪਦਾਰਥਾਂ ਦਾ ਜ਼ਿਆਦਾ ਸੇਵਨ ਕਰਨਾ।
4. ਨਸ਼ੇ ਵਾਲੇ ਪਦਾਰਥ ਜ਼ਿਆਦਾ ਵਰਤਣੇ ਜਿਵੇਂ ਭੰਗ, ਤਮਾਕੂ, ਚਰਸ, ਸੁਲਫਾ, ਸ਼ਾਰਾਬ, ਅਫੀਮ, ਭੁੱਕੀ ਆਦਿ ਦੀ ਵਰਤੋਂ।
5. ਜ਼ਿਆਦਾ ਚਿਰ ਨਜ਼ਲਾ ਜ਼ੁਕਾਮ ਰਹਿਣਾ ਸਿਰ ਵਿੱਚ ਰੇਸ਼ੇ ਦਾ ਰੁਕ ਜਾਣਾ।
6. ਸਿਰ ਦੀ ਕਮਜ਼ੋਰੀ।
7. ਗਰਮ ਚੀਜ਼ਾਂ ਦੀ ਜ਼ਿਆਦਾ ਵਰਤੋਂ ਕਰਨੀ।
8. ਧੁੱਪ ਜਾਂ ਜ਼ਿਆਦਾ ਅੱਗ ਦਾ ਸੇਕਣਾ।
9. ਸਿਰ ਵਿੱਚ ਕੋਈ ਚੋਟ ਦਾ ਲੱਗ ਜਾਣਾ ਆਦਿ।

**ਲੱਛਣ :-**

1. ਜੋ ਕੁਝ ਭੁਲੱਕੜਰਾਮ (ਰੋਗ) ਦੇਖਦਾ ਜਾਂ ਸੁਣਦਾ ਹੈ ਉਸਨੂੰ ਭੁੱਲ ਜਾਂਦਾ ਹੈ।
2. ਸੁਣੀਆਂ ਹੋਈਆਂ ਗੱਲਾਂ, ਅੱਖੀ ਦੇਖੀਆਂ ਚੀਜ਼ਾਂ, ਸੋਚਣ ਨਾਲ ਯਾਦ ਨਹੀਂ ਆਉਂਦੀਆਂ।
3. ਭੁਲੱਕੜ ਰਾਮ ਨੂੰ ਰਾਤ ਨੂੰ ਜੋ ਸੁਪਨਾ ਆਉਂਦਾ ਹੈ ਸਵੇਰੇ ਦੱਸ ਨਹੀਂ ਸਕਦਾ, ਪਹਿਲਾਂ ਹੀ ਭੁੱਲ ਜਾਂਦਾ ਹੈ।
4. ਸਿਰ ਦੀ ਕਮਜ਼ੋਰੀ ਕਾਰਣ ਬਹੁਤਿਆਂ ਨੂੰ ਥੋੜ੍ਹਾ ਜਿਹਾ ਸੋਚਣ ਨਾਲ, ਖੇਚਲ ਕਰਨ ਨਾਲ, ਪੜ੍ਹਨ ਨਾਲ ਕਿਸੇ ਚੀਜ਼ ਨੂੰ ਧਿਆਨ ਨਾਲ ਦੇਖਣ ਨਾਲ ਸਿਰ ਵਿੱਚ ਦਰਦ ਹੋਣ ਲੱਗ ਜਾਂਦਾ ਹੈ।
5. ਜੇਕਰ ਦਿਮਾਗ ਤੋਂ ਕੰਮ ਜ਼ਿਆਦਾ ਲਿਆ ਜਾਵੇ ਤਾਂ ਅੱਖਾਂ ਦੇ ਸਾਮ੍ਹਣੇ ਹਨ੍ਹੇਰਾ ਆ ਜਾਂਦਾ ਹੈ।
6. ਵਿਦਿਆਰਥੀ ਪੁਸਤਕ ਪੜ੍ਹਨ ਲੱਗਦਾ ਹੈ ਤਾਂ ਅੱਖਰ ਯਾਦ ਨਹੀਂ ਹੁੰਦੇ।
7. ਕਬਜ਼ ਰਹਿਣ ਨਾਲ ਵੀ ਯਾਦ ਸ਼ਕਤੀ ਘੱਟ ਜਾਂਦੀ ਹੈ।
8. ਜ਼ਿਆਦਾ ਧਾਤੂ ਬਰਬਾਦ ਹੋਈ ਵਾਲਾ ਦਿਮਾਗ ਤੇ ਗਿਆਨ ਤੋਂ ਖਾਲੀ ਹੋ ਜਾਂਦਾ ਹੈ ਅਤੇ ਕਮਜ਼ੋਰੀ ਆ ਜਾਂਦੀ ਹੈ।

9. ਖੂਨ ਦੀ ਘਾਟ ਜਾਂ ਦਿਲ ਦੀ ਕਮਜ਼ੋਰੀ ਵੀ ਭੁੱਲਣ ਦਾ ਕਾਰਣ ਹੈ। ਬੁਖਾਰ ਆਦਿ ਵਿੱਚ ਵੀ ਖੁਸ਼ਕ-ਗਰਮ ਦਵਾਈਆਂ ਕੁਨੀਨ ਖਾਣ ਨਾਲ ਵੀ ਚੇਤਾ ਭੁੱਲਣਾ ਹੋ ਜਾਂਦਾ ਹੈ।

**ਇਲਾਜ** – ਸਭ ਤੋਂ ਪਹਿਲਾਂ ਰੋਗ ਦਾ ਕਾਰਣ ਦੂਰ ਕੀਤਾ ਜਾਵੇ। ਅੱਜ ਦੇ ਵਿਦਿਆਰਥੀਆਂ ਨੂੰ ਖਾਸ ਕਰਕੇ ਕਹਿਣਾ ਹੈ ਕਿ ਜਦੋਂ ਤੱਕ ਵਿਦਿਆ ਪੜ੍ਹਦੇ ਹੋ ਬ੍ਰਹਮਚਾਰੀ ਰਹਿਣਾ ਅਤਿ ਜ਼ਰੂਰੀ ਹੈ। ਭਾਵੇਂ ਇਸ ਰੋਗ ਦਾ ਇਲਾਜ ਬਹੁਤ ਗੰਭੀਰ ਹੈ ਪਰ ਫਿਰ ਵੀ ਪਾਠਕਾਂ ਦੀ ਸੇਵਾ ਵਿੱਚ ਕੁਝ ਅਨੁਭਵੀ ਫਾਰਮੂਲੇ ਲਿਖ ਰਿਹਾ ਹਾਂ।

1. ਬਦਾਮ ਗਿਰੀ 7 ਨੱਗ, ਮੁਨੱਕਾ 7 ਨੱਗ, ਛੋਟੀ ਇਲਾਇਚੀ 7 ਨੱਗ, ਕਾਲੀ ਮਿਰਚ 7 ਨੱਗ, ਸੰਖ ਪੁਸ਼ਪੀ ਪੰਜ ਗ੍ਰਾਮ, ਬ੍ਰਹਮੀ ਬੂਟੀ ਪੰਜ ਗ੍ਰਾਮ, ਧਨੀਆ ਪੰਜ ਗ੍ਰਾਮ, ਜਟਾਮਾਸੀ ਪੰਜ ਗ੍ਰਾਮ, ਮਿੱਠੀ ਬੱਚ ਪੰਜ ਗ੍ਰਾਮ; ਇਹ ਇੱਕ ਖੁਰਾਕ ਹੈ।

**ਵਿਧੀ** – ਰਾਤ ਨੂੰ ਇੱਕ ਗਿਲਾਸ ਪਾਣੀ ਵਿੱਚ ਭਿਉਂ ਕੇ ਸਵੇਰੇ ਸ਼ਰਦਾਈ ਵਾਂਗ ਰਗੜ ਕੇ ਚਾਹ ਪੁਣਨੀ ਨਾਲ ਪੁਣ ਕੇ ਗੋਕਾ ਘੀ ਇਕ-ਦੋ ਚਮਚ ਪਾ ਕੇ ਮਿੱਠੀ ਅੱਗ ਤੇ ਪਕਾਉ ਜਦੋਂ ਪਾਣੀ ਚੌਥਾ ਹਿੱਸਾ ਰਹਿ ਜਾਵੇ ਤਾਂ ਲੋੜ ਅਨੁਸਾਰ ਗੋਕਾ ਦੁੱਧ ਪਾ ਕੇ ਇੱਕ ਉਬਾਲਾ ਦਿਉ। ਮਿੱਠਾ ਥੋੜ੍ਹਾ ਜਿੰਨਾਂ ਮਿਸ਼ਰੀ ਦਾ ਹੀ ਪਾਓ ਫਿਰ ਕੋਸਾ-ਕੋਸਾ ਪੀਉ। ਅੱਧਾ ਪੀ ਕੇ ਸਿਮ੍ਰਤੀ ਸਾਗਰ, ਰਸ, ਬੈਦਨਾਥ ਦੀਆਂ ਦੋ ਗੋਲੀਆਂ ਲਵੋ ਇਸ ਤਰ੍ਹਾਂ ਲਗਾਤਾਰ ਕਾਫੀ ਦਿਨ ਕਰੋ।

ਰੋਟੀ ਤੋਂ ਬਾਦ ਸਾਰਸ੍ਵਿਤਾ ਰਿਸ਼ਟ ਬੈਦਨਾਥ ਦਾ ਪੰਜ ਚਮਚੇ ਬਰਾਬਰ ਪਾਣੀ ਮਿਲਾ ਕੇ ਸਵੇਰੇ ਸ਼ਾਮ ਰੋਟੀ ਤੋਂ ਬਾਦ ਪੀਓ। ਜ਼ਿਆਦਾ ਗਰਮ ਮਸਾਲੇ, ਲਾਲ ਮਿਰਚ, ਖਟਾਈ ਤੇ ਬਜ਼ਾਰੂ ਕਾਲੀ ਚਾਹ ਤੋਂ ਪ੍ਰਹੇਜ਼ ਰੱਖੋ। ਨੌਜੁਆਨ ਅਸ਼ਲੀਲ ਲਿਟਰੇਚਰ ਨਾਵਲ, ਫਿਲਮ ਆਦਿ ਵੇਖਣ ਤੋਂ ਪ੍ਰਹੇਜ਼ ਕਰਨ।

**ਬੁੱਧੀ ਪ੍ਰਕਾਸ਼ ਸ਼ਾਸਤਰੀ ਯੋਗ** – ਸ਼੍ਰੀ ਕ੍ਰਿਸ਼ਨ ਗੋਪਾਲ ਆਯੁਰਵੇਦ ਭਰਨ ਕਾਲੇਡਾ (ਰਾਜਸਥਾਨ) ਫਰਾਮੈਸੀ ਦੀ ਤਿਆਰ ਕੀਤੀ ਬਹੁਤ ਹੀ ਸਫਲ ਦਵਾਈ ਹੈ ਇਸ ਵਿੱਚ ਚਾਂਦੀ ਭਸਮ, ਮੁਕਤਾਸ਼ਕਤੀ ਭਸਮ, ਮੋਤੀ ਪਿਸ਼ਟੀ (ਚੰਦਰਪੁਟੀ) ਬੰਗ ਭਸਮ, ਯਸਤ ਭਸਮ, ਪ੍ਰਵਾਲ ਪਿਸ਼ਟੀ, ਬ੍ਰਹਮੀ ਬੂਟੀ, ਸੰਝ ਪੁਸ਼ਪੀ, ਮਿੱਠੀ ਬੱਚ, ਕੁੱਠ, ਜੱਟਾਮਾਸੀ, ਮਾਲ ਕੰਗਨੀ, ਕੈਫਲ, ਕੇਸਰ, ਚੰਦਰਕਾ, ਕੁਰਾਸਾਨੀ, ਗੁਲਾਬ ਦੇ ਫੁੱਲ, ਤ੍ਰਿਫਲਾ ਉਪਰੋਕਤ ਚੀਜ਼ਾਂ ਦਾ ਘਣਸਤ ਸ਼ਾਸਤਰਵਿਧੀ ਅਨੁਸਾਰ ਗਊ ਦੇ ਘੀ ਵਿੱਚ ਇਹ ਯੋਗ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਅਨੁਭਵੀ ਵੈਦ ਹੀ ਤਿਆਰ ਕਰ ਸਕਦਾ ਹੈ। ਇਸ ਦੀ ਖੁਰਾਕ ਅੱਧੇ ਤੋਂ ਇੱਕ ਗ੍ਰਾਮ ਤੱਕ ਦਿਨ ਵਿੱਚ ਤਿੰਨ ਵਾਰੀ ਗੋਕੇ ਦੁੱਧ ਜਾਂ ਠੰਢੇ ਪਾਣੀ ਨਾਲ ਲਵੋ।

**ਗੁਣ** – ਸਿਰ ਅਤੇ ਦਿਮਾਗ ਨੂੰ ਤਾਕਤ ਆ ਕੇ ਯਾਦਦਾਸ਼ਤ ਵਧਦੀ ਹੈ ਭੁੱਲਣਾ ਚੇਤਾ, ਮੂਰਖਤਾ, ਬੁੱਧੀ ਮੰਦ, ਉਨਮਾਦ (ਪਾਗਲਪਣ) ਆਪਸਮਾਰ (ਮਿਰਗੀ), ਮੂਰਛਾ (ਬੇਹੋਸ਼ੀ ਦਾ ਦੌਰਾ) ਨੀਂਦ ਨਾ ਆਉਣੀ ਆਦਿ ਰੋਗਾਂ ਲਈ ਅਜਮਾਇਸ਼ੀ ਦਵਾਈ ਹੈ। ਚੰਦੂ ਅਵਲੇਹ, ਸ਼੍ਰੀ ਕ੍ਰਿਸ਼ਨ ਗੋਪਾਲ ਫਾਰਮੈਸੀ ਮੇਘ ਹਰਬਲ ਚਾਹ ਅਤਿ ਲਾਭਕਾਰੀ ਹੈ।

ਉਪਰੋਕਤ ਚੰਦੂਅਵਲੇਹ ਬੁੱਧੀ ਪ੍ਰਕਾਸ਼, ਯੋਗ, ਮੇਘ ਆਯੁਰਵੇਦ ਸੇਵਾ ਕੇਂਦਰ ਧੂਰੀ ਵੀ ਤਿਆਰ ਕੀਤਾ ਜਾਂਦਾ ਹੈ।

**(ਨੋਟ)**

ਹਰ ਚੜ੍ਹਦੀ ਪੂਰਨਮਾਸ਼ੀ ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸ਼ਾਮ 6.00 ਤੋਂ ਰਾਤ 1.00 ਵਜੇ ਤੱਕ ਕੀਰਤਨ ਹੁੰਦਾ ਹੈ ਜਿਸ ਵਿੱਚ ਵੱਖ ਵੱਖ ਸੰਪ੍ਰਦਾਇ ਸਾਧੂ ਸੰਤ ਤੋਂ ਇਲਾਵਾ ਸੰਪ੍ਰਦਾਇ ਰਤਵਾੜਾ ਸਾਹਿਬ ਦੇ ਜੱਥੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਮੰਤਰ ਚਕਿਤਸਾ ਦੁਆਰਾ ਨਾਮ ਨਾਲ ਜੋੜਿਆ ਜਾਂਦਾ ਹੈ। ਉਪਰੰਤ 1.00 ਵਜੇ ਔਸ਼ਧੀਆਂ ਭਰਪੂਰ ਦਰਗਾਹੀ ਪ੍ਰਸ਼ਾਦ ਖੀਰ ਸੰਗਤਾਂ ਵਿੱਚ ਵਰਤਾਈ ਜਾਂਦੀ ਹੈ ਜਿਸ ਨਾਲ ਭਿਆਨਕ ਰੋਗ ਟੁਟਦੇ ਹਨ।

---

(ਪੰਨਾ 61 ਦਾ ਬਾਕੀ)

ਕਰਕੇ ਹੋਵੇਗਾ ਤਾਂ ਸੱਜੀ ਨਾਸਿਕਾ ਪ੍ਰਬਲ ਹੋਵੇਗੀ।

ਜਿਹੜਾ ਜਗਿਆਸੂ, ਇੜਾ ਪਿੰਗਲਾ ਤੇ ਕਾਬੂ ਪਾ ਲੈਂਦਾ ਹੈ, ਉਹ ਮਨ ਨੂੰ ਕਾਬੂ ਕਰ ਲੈਂਦਾ ਹੈ। ਜਦੋਂ ਜਗਿਆਸੂ ਇੜਾ, ਪਿੰਗਲਾ ਦੇ ਪ੍ਰਵਾਹ ਨੂੰ ਇੱਛਾ ਅਨੁਸਾਰ ਬਦਲ ਸਕਦਾ ਹੈ, ਉਹ ਮਨ ਦੀ ਅਵਸਥਾ ਨੂੰ ਬਦਲ ਸਕਦਾ ਹੈ। ਉਸ ਲਈ ਕਿਸੇ ਕਿਸਮ ਦੀ ਰੁਕਾਵਟ, ਕੁਛ ਨਹੀਂ ਰਹਿੰਦਾ। ਕੋਈ ਵੀ ਪਿੱਛੇ ਹਟਣ ਦੀ ਕ੍ਰਿਆ ਨਹੀਂ ਰਹਿੰਦੀ ਉਹ ਫੇਰ ਉਨਤੀ ਹੀ ਕਰਦਾ ਚਲਾ ਜਾਂਦਾ ਹੈ। ਇੱਕ ਪ੍ਰੈਕਟੀਕਲ ਜਗਿਆਸੂ ਸਾਰਾ ਦਿਨ ਇੜਾ ਨੂੰ ਹੀ ਚਲਾਣ ਦੀ ਕੋਸ਼ਿਸ਼ ਕਰੇਗਾ, ਰਾਤ ਨੂੰ ਪਿੰਗਲਾ।

ਜਦੋਂ ਇੜਾ ਆਪਣੇ ਨਿਯਮ ਅਨੁਸਾਰ ਚਲਦੀ ਹੈ ਤਾਂ ਸਰੀਰ ਵਿਚੋਂ ਸਾਰਾ ਵਿਸ਼ੈਲਾਪਨ ਬਾਹਰ ਨਿਕਲਦਾ ਹੈ, ਜਦੋਂ ਪਿੰਗਲਾ ਨਿਯਮਬੱਧ ਚਲਦੀ ਹੈ ਤਾਂ ਸਰੀਰ ਨੂੰ ਸ਼ਕਤੀ ਮਿਲਦੀ ਹੈ। ਸੱਜੀ ਤੇ ਖੱਬੀ ਨਾਸਿਕਾ ਦਾ ਪ੍ਰਵਾਹ ਹੀ ਇੜਾ ਪਿੰਗਲਾ ਦੇ ਕੰਮ ਦਾ ਇੱਕ ਮਾਤਰ ਸੂਚਕ ਹਨ। ਪੁਰਾਤਨ ਗ੍ਰੰਥਾਂ ਵਿੱਚ ਦਸਿਆ ਹੈ ਕਿ ਸਾਰਾ ਦਿਨ ਇੜਾ ਤੋਂ ਸੁਆਸ ਲੈਣਾ ਚਾਹੀਦਾ ਹੈ ਤੇ ਸਾਰੀ ਰਾਤ ਪਿੰਗਲਾ ਤੋਂ। ਜੇਕਰ ਜਗਿਆਸੂ ਇਹ ਸਥਿਤੀ ਪ੍ਰਾਪਤ ਕਰ ਲੈਂਦਾ ਹੈ ਰਾਤ ਨੂੰ ਪਿੰਗਲਾ ਰਾਹੀਂ ਉਸ ਦਾ ਸਰੀਰ ਤੇ ਮਨ ਸੁਆਰਥ ਨਿਰੋਲ ਹੀ ਨਹੀਂ ਰਹਿੰਦਾ ਉਸਨੂੰ ਨੀਂਦ ਦੀ ਵੀ ਘੱਟ ਲੋੜ ਪੈਂਦੀ ਹੈ, ਬੀਮਾਰੀਆਂ ਦਾ ਮੁਕਾਬਲਾ ਵੀ ਕਰ ਸਕਦਾ ਹੈ, ਬੀਮਾਰੀਆਂ ਵੀ ਘੱਟ ਲਗਦੀਆਂ ਹਨ। ਜੇਕਰ ਜਗਿਆਸੂ ਤਿੰਨ ਮਹੀਨੇ ਇਸ ਦਾ ਅਭਿਆਸ ਕਰ ਲਵੇ ਫੇਰ ਇਸ ਦਾ ਸੁਭਾਅ ਪੈ ਜਾਂਦਾ ਹੈ।

ਪ੍ਰਾਣਾਂ ਤੇ ਕੰਟਰੋਲ ਹੀ ਜੀਵਨ ਵ੍ਰਿਧੀ ਕਰਦਾ ਹੈ, ਜੇਕਰ ਸੂਰਜ, ਭਾਵ ਪਿੰਗਲਾ ਰਾਹੀਂ ਸੁਆਸਾਂ ਨੂੰ ਕਾਬੂ ਕੀਤਾ ਜਾਵੇ, ਇਸ ਦਾ ਸਮਾਂ ਕੰਟਰੋਲ ਕੀਤਾ ਜਾਵੇ ਤਾਂ ਆਯੂ ਵ੍ਰਿਧੀ ਹੁੰਦੀ ਹੈ। ਦੂਸਰੇ ਪਾਸੇ ਇਹ ਵੀ ਦਸਿਆ ਗਿਆ ਹੈ ਜੇਕਰ ਇੜਾ ਵਧੇਰੇ ਕੰਮ ਕਰੇ, ਸੁਆਸ ਇੜਾ ਰਾਹੀਂ ਵਧੇਰੇ ਚੱਲਣ ਤਾਂ ਉਸ ਨਾਲ ਵਾਯੂ ਘਟਦੀ ਹੈ, ਇੜਾ ਨੂੰ ਕਾਬੂ ਕਰਕੇ ਆਯੂ ਵ੍ਰਿਧੀ ਹੁੰਦੀ ਹੈ।

ਸੁਆਸਾਂ ਦਾ ਸਾਰਾ ਵਿਗਿਆਨ ਅਤਿ ਗੁੰਝਲਦਾਰ ਤੇ ਰਹੱਸਮਈ ਹੈ, ਜਟਲ ਹੈ, ਮਿਸਾਲ ਵਜੋਂ ਵਿਗਿਆਨ ਦਾ ਕਹਿਣਾ ਹੈ ਜੇਕਰ ਇੜਾ ਸਵੇਰੇ ਸਮੇਂ ਤੇ ਦੁਪਹਿਰ ਸਮੇਂ ਕੰਮ ਕਰੇ ਤਾਂ ਉਹ ਦਿਨ ਵਿਅਕਤੀ ਲਈ ਸ਼ੁੱਭ ਹੋਵੇਗਾ, ਸ਼ਾਮ ਨੂੰ ਪਿੰਗਲਾ ਚਲੇ। ਜੇਕਰ ਪਿੰਗਲਾ ਸਵੇਰੇ ਫੇਰ ਇੜਾ, ਘਟ ਹੋ ਜਾਏ ਉਸ ਵਿਅਕਤੀ ਦੇ ਕੰਮ ਸਾਰੇ ਬੜੇ ਸਫਲ ਹੋਣਗੇ। ਜੇਕਰ ਇੜਾ ਸਵੇਰੇ ਦੇ ਸਮੇਂ

ਚੱਲੇ ਵਿਸ਼ੇਸ਼ ਕਰਕੇ ਦੂਜ ਵਾਲੇ ਦਿਨ (ਜਦੋਂ ਕਿ ਪਿੰਗਲਾ ਸੂਰਜ ਦਾ ਸੁਆਸ ਚਲਣਾ ਚਾਹੀਦਾ ਹੈ। ਇਸ ਹਾਲਤ ਵਿੱਚ ਅੰਤਰ ਦੀ ਸ਼ਕਤੀ ਕੰਮ ਕਰਨ ਲਗ ਪੈਂਦੀ ਹੈ, ਵਿਅਕਤੀ ਅਨੁਭਵੀ ਹੋ ਜਾਂਦਾ ਹੈ।

## ਪਿੰਗਲਾ (ਸੂਰਜ)

ਜਦੋਂ ਪਿੰਗਲਾ ਭਾਵ ਸੂਰਜ ਵਾਲੀ ਸੱਜੀ ਨਾਸਿਕਾ ਪ੍ਰਬਲ ਹੋਵੇ ਉਦੋਂ ਉਹ ਕੰਮ ਕਰ ਲੈਣੇ ਚਾਹੀਦੇ ਹਨ ਜਿਨ੍ਹਾਂ ਵਿਚ ਵਧੇਰੇ ਸ਼ਕਤੀ ਦੀ ਲੋੜ ਹੋਵੇ, ਜਾਂ ਔਖੇ ਹੋਣ, ਔਖੀ ਪੜ੍ਹਾਈ, ਸ਼ਕਤੀ ਵਾਲਾ ਕੰਮ, ਪਰੰਪਰਾਗਤ, ਸ਼ਿਕਾਰ ਕਰਨਾ, ਰੁਖਾਂ ਤੇ ਚੜ੍ਹਨਾ, ਫਸਲ ਦੀ ਕਟਾਈ, ਘੋੜ ਸਵਾਰੀ, ਅਭਿਆਸ, ਕਸਰਤ ਕਰਨੀ, ਤੈਰਨਾ, ਪਹਾੜਾਂ ਤੇ ਚੜ੍ਹਨਾ ਜਾਂ ਕੋਈ ਵੀ ਹੋਰ ਤਾਕਤ ਵਾਲਾ ਔਖਾ ਕੰਮ ਇਹ ਸਭ ਉਦੋਂ ਹੀ ਕਰਨੇ ਚਾਹੀਦੇ ਹਨ ਜਦੋਂ ਪਿੰਗਲਾ ਪ੍ਰਬਲ ਹੋਵੇ।

ਪਾਚਣ ਸ਼ਕਤੀ ਪਚਾਉਣ ਦੀ ਗਤੀਵਿਧੀ ਵੀ ਉਦੋਂ ਹੀ ਠੀਕ ਹੁੰਦੀ ਹੈ ਜਦੋਂ ਪਿੰਗਲਾ ਦਾ ਪ੍ਰਵਾਹ ਹੁੰਦਾ ਹੈ। ਭੋਜਨ ਉਦੋਂ ਹੀ ਕਰਨਾ ਚਾਹੀਦਾ ਹੈ ਜਦੋਂ ਪਿੰਗਲਾ ਚੱਲ ਰਹੀ ਹੋਵੇ ਜਦੋਂ ਇੜਾ ਚੱਲ ਰਹੀ ਹੋਵੇ, ਉਦੋਂ ਨਹੀਂ। ਖਾਣ ਤੋਂ ਬਾਅਦ ਖੱਬੇ ਪਾਸੇ ਲੇਟਣਾ ਚਾਹੀਦਾ ਹੈ ਤਾਂ ਜੋ ਸੱਜੀ ਨਾਸਿਕਾ ਦਾ ਪ੍ਰਵਾਹ ਚੱਲ ਸਕੇ। ਪੇਟ ਦੀ ਸਫਾਈ ਉਦੋਂ ਹੀ ਹੋਣੀ ਚਾਹੀਦੀ ਹੈ ਜਦੋਂ ਪਿੰਗਲਾ ਚਲ ਰਹੀ ਹੋਵੇ। ਨੀਂਦ ਵੀ ਉਦੋਂ ਹੀ ਚੰਗੀ ਆਉਂਦੀ ਹੈ ਜਦੋਂ ਪਿੰਗਲਾ ਚਲ ਰਹੀ ਹੋਵੇ। ਦੂਸਰੇ ਪਾਸੇ ਨਖੇਦੀ ਦੇ ਕਾਰਜ, ਯੁੱਧ ਕਰਨਾ, ਦੁਸ਼ਮਨ ਦਾ ਸਾਮ੍ਹਣਾ ਕਰਨਾ, ਇਹ ਸਾਰੇ ਵੀ ਉਦੋਂ ਹੀ ਕਰਨੇ ਚਾਹੀਦੇ ਹਨ ਜਦੋਂ ਪਿੰਗਲਾ ਚੱਲ ਰਹੀ ਹੋਵੇ। ਪਰੰਪਰਾ ਗਤਿ ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਪਿੰਗਲਾ ਦਾ ਪ੍ਰਵਾਹ ਹੋਵੇ ਤਾਂ ਦੱਖਣ ਤੇ ਪੱਛਮ ਵਾਲੇ ਪਾਸੇ ਸਫਰ ਨਹੀਂ ਕਰਨਾ ਚਾਹੀਦਾ।

*'ਚਲਦਾ..............।'*


**ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ**

**ਮਹੀਨੇ ਦੇ ਹਰ ਐਤਵਾਰ ਨੂੰ** ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

**ਸੰਗਰਾਂਦ** - **13** ਅਪ੍ਰੈਲ, ਦਿਨ ਸ਼ੁਕਰਵਾਰ

(ਸਵੇਰੇ ਸਮੇਂ **5.30** ਵਜੇ ਤੋਂ **8.30** ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ** - **5** ਅਪ੍ਰੈਲ, ਦਿਨ ਵੀਰਵਾਰ

(ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜ਼ੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਚੜ੍ਹਦੀ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ** - ਹਰੇਕ ਚੜ੍ਹਦੀ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਮਿਤੀ 6 ਅਪ੍ਰੈਲ ਪੂਰਨਮਾਸ਼ੀ ਨੂੰ ਸ਼ਾਮ ਦੇ 6.00 ਤੋਂ ਰਾਤ 11.00 ਤੱਕ ਕੀਰਤਨ ਹੋਣਗੇ।



**(ਇਥੋਂ ਕੱਟ ਕੇ ਭੇਜੋ ਜੀ)**

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। **ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "ATAM MARG MAG. VISHAV G. R. MISSION CH. TRUST" ਦੇ ਨਾਂ ਤੇ ਭੇਜਿਆ ਜਾਵੇ ਜੀ।**

**Subscription form with in India**

✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 200/280 | Rs. 450/530 |
| 3 year | Rs. 500/580 | Rs. 1250/1330 |
| 5 Year | Rs. 700/780 | Rs. 2450/2530 |
| life | Rs.2000/2080 | |

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ**

| ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ |
|---|---|---|---|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ | ☐ | ☐ | ☐ | ☐ |

ਨਾਮ/Name ਅਤੇ ਪਤਾ/Address.................................................................................................

...................................................................................................................................

........................................Pin Code..........................................Phone.......................................... E-mail :..........................................

ਮੈਂ...............................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.................................ਮਿਤੀ.................................ਰਾਹੀਂ ਭੇਜ ਰਿਹਾ ਹਾਂ।

ਦਸਖਤ...............................